15-NOV-PAGE-1.qxd 11/14/2024 11:09 PM Page 1


ਸ਼ੁੱਕਰਵਾਰ, 15 ਨਵੰਬਰ, 2024

30 ਕੱਤਕ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 165

# ਨਵਾਂ ਜ਼ਮਾਨਾ

DAILY NAWAN ZAMANA • FRIDAY, 15 NOVEMBER, 2024

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14


## ਵਿਆਹ ਅੱਜ



**ਜਲੰਧਰ** : ਹਾਕੀ ਉਲੰਪੀਅਨ ਆਕਾਸ਼ਦੀਪ ਸਿੰਘ ਦੀ ਬੁੱਧਵਾਰ ਹਰਿਆਣਾ ਦੀ ਉਲੰਪੀਅਨ ਮੋਨਿਕਾ ਮਲਿਕ ਨਾਲ ਫਗਵਾੜਾ ਰੋਡ 'ਤੇ ਪੈਂਦੇ ਪੈਲੇਸ 'ਚ ਮੰਗਣੀ ਹੋਈ ਤੇ ਵਿਆਹ ਅੱਜ ਮੁਹਾਲੀ 'ਚ ਹੋ ਰਿਹਾ ਹੈ। ਆਕਾਸ਼ਦੀਪ ਪੰਜਾਬ ਪੁਲਸ 'ਚ ਡੀ ਐੱਸ ਪੀ ਹੈ।

## ਸੁਖਬੀਰ ਦੇ ਪੈਰ ਦੀ ਸਰਜਰੀ



**ਚੰਡੀਗੜ੍ਹ** : ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪੀ ਜੀ ਆਈ 'ਚ ਓ ਆਰ ਆਈ ਐੱਫ ਸਰਜਰੀ ਸਫਲ ਰਹੀ ਹੈ। ਸਰਜਰੀ ਰਾਹੀਂ ਸੱਟ ਜਲਦੀ ਠੀਕ ਕਰਨ ਲਈ ਪੈਰ 'ਚ ਛੋਟੀ ਪਲੇਟ ਪਾਈ ਗਈ ਹੈ। ਬੁੱਧਵਾਰ ਸੁਖਬੀਰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਬੇਨਤੀ ਪੱਤਰ ਦੇਣ ਲਈ ਪਹੁੰਚੇ ਸਨ। ਇਸ ਦੌਰਾਨ ਸੰਤੁਲਨ ਵਿਗੜਨ ਕਾਰਨ ਸੱਜੇ ਪੈਰ ਦੀ ਉਂਗਲ ਟੁੱਟ ਗਈ ਸੀ।

## ਚਾਰ ਅਰਬ ਦੀ ਜਾਇਦਾਦ ਵਾਲਾ ਉਮੀਦਵਾਰ



**ਰਾਂਚੀ** : ਝਾਰਖੰਡ ਅਸੰਬਲੀ ਚੋਣਾਂ ਦੇ ਦੂਜੇ ਗੇੜ ਲਈ 20 ਨਵੰਬਰ ਨੂੰ ਪੈਣ ਵਾਲੀਆਂ ਵੋਟਾਂ ਲਈ ਪਾਕੁੜ ਹਲਕੇ ਦੇ ਸਮਾਜਵਾਦੀ ਪਾਰਟੀ ਦੇ ਉਮੀਦਵਾਰ ਅਕੀਲ ਅਖਤਰ ਨੇ ਆਪਣੀ ਜਾਇਦਾਦ ਚਾਰ ਅਰਬ ਰੁਪਏ ਤੋਂ ਵੱਧ ਐਲਾਨੀ ਹੈ। ਉਸ ਦੀ ਚੱਲ ਜਾਇਦਾਦ ਕਰੀਬ ਇੱਕ ਕਰੋੜ (9951816 ਰੁਪਏ) ਹੈ, ਜਦਕਿ ਅਚੱਲ ਜਾਇਦਾਦ ਚਾਰ ਅਰਬ ਰੁਪਏ ਤੋਂ ਵੱਧ (4020000000 ਰੁਪਏ) ਹੈ। ਅਕੀਲ ਤੋਂ ਬਾਅਦ ਦੂਜਾ ਸਭ ਤੋਂ ਵੱਧ ਅਮੀਰ ਧਨਵਾੜ ਤੋਂ ਆਜ਼ਾਦ ਉਮੀਦਵਾਰ ਨਿਰੰਜਨ ਰਾਇ ਹੈ, ਜਿਸ ਨੇ 137 ਕਰੋੜ ਦੀ ਜਾਇਦਾਦ ਦਾ ਐਲਾਨ ਕੀਤਾ ਹੈ। ਤੀਜਾ ਨੰਬਰ ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਦੇ ਉਮੀਦਵਾਰ ਮਹੰਮਦ ਦਾਨਿਸ਼ ਦਾ ਹੈ, ਜਿਸ ਦੀ ਜਾਇਦਾਦ 32 ਕਰੋੜ ਦੀ ਹੈ। ਇਹ ਵੀ ਧਨਵਾੜ ਤੋਂ ਉਮੀਦਵਾਰ ਹੈ। ਮਹੇਸ਼ਪੁਰ (ਕਬਾਇਲੀ) ਹਲਕੇ ਤੋਂ ਲੜ ਰਹੇ ਝਾਰਖੰਡ ਪੀਪਲਜ਼ ਪਾਰਟੀ ਦੇ ਏਲਿਅਨ ਹੰਸਦਕ ਨੇ ਐਲਾਨਿਆ ਹੈ ਕਿ ਉਸ ਦੇ ਪੱਲੇ ਕੁਝ ਨਹੀਂ।

## 11 ਪਿਸਤੌਲ ਬਰਾਮਦ

**ਫਿਰੋਜ਼ਪੁਰ** : ਫਿਰੋਜ਼ਪੁਰ ਪੁਲਸ ਨੇ ਵੀਰਵਾਰ 11 ਪਿਸਤੌਲ ਅਤੇ 21 ਮੈਗਜ਼ੀਨ ਬਰਾਮਦ ਕੀਤੇ, ਪਰ ਸ਼ੱਕੀ ਮੋਟਰਸਾਈਕਲ ਸਵਾਰ ਮੌਕੇ ਤੋਂ ਭੱਜਣ 'ਚ ਕਾਮਯਾਬ ਹੋ ਗਏ। ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਪੁਲਸ ਟੀਮਾਂ ਉਨ੍ਹਾਂ ਦੀ ਭਾਲ ਵਿੱਚ ਲੱਗੀਆਂ ਹੋਈਆਂ ਹਨ। ਯਾਦਵ ਨੇ ਕਿਹਾ ਕਿ ਤਫਤੀਸ਼ ਕਰਕੇ ਪੁਲਸ ਟੀਮਾਂ ਨੇ ਮੋਟਰਸਾਈਕਲ ਨੂੰ ਫਰੀਦਕੋਟ ਤੱਕ ਟਰੇਸ ਕੀਤਾ, ਜਿੱਥੇ ਰਜਿਸਟਰਡ ਮਾਲਕ ਦੀ ਪਛਾਣ ਕੀਤੀ ਗਈ।

# ਚੜ੍ਹਦੇ-ਲਹਿੰਦੇ ਪੰਜਾਬ ਦੀਆਂ ਰਾਜਧਾਨੀਆਂ ਧੁਆਂਖੀਆਂ

### ਚੰਡੀਗੜ੍ਹ 'ਚ ਨਿੱਕੇ ਬੱਚਿਆਂ ਦੇ ਸਕੂਲ ਬੰਦ ਕਰਨ ਦੀ ਮੰਗ, ਲਾਹੌਰ 'ਚ ਵਿਆਹਾਂ 'ਤੇ ਰੋਕ

**ਚੰਡੀਗੜ੍ਹ** : ਸ਼ਹਿਰ 'ਚ ਵੀਰਵਾਰ ਵੀ ਹਵਾ ਦੀ ਗੁਣਵੱਤਾ ਦੇ ਸੂਚਕ ਅੰਕ (ਏ ਕਿਊ ਆਈ) 'ਚ ਤੇਜ਼ੀ ਨਾਲ ਗਿਰਾਵਟ ਦੇਖਣ ਨੂੰ ਮਿਲੀ ਅਤੇ ਇਸਦ ਾ ਪੱਧਰ 421 ਦੇ ਚਿੰਤਾਜਨਕ ਅੰਕੜੇ ਤੱਕ ਪਹੁੰਚ ਗਿਆ, ਜਿਸ ਨੂੰ 'ਗੰਭੀਰ' ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਚੰਡੀਗੜ੍ਹ ਦੇ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਨੇ ਪ੍ਰਸ਼ਾਸਕ ਤੋਂ ਮੰਗ ਕੀਤੀ ਹੈ ਕਿ ਸਥਿਤੀ ਸੁਧਰਨ ਤੱਕ ਸਾਰੇ ਸਕੂਲ, ਖਾਸਕਰ ਨਿੱਕੇ ਬੱਚਿਆਂ ਦੇ, ਬੰਦ ਕਰ ਦਿੱਤੇ ਜਾਣ। ਸਿਹਤ ਮਾਹਰਾਂ ਅਨੁਸਾਰ ਇਸ ਉੱਚ ਪੱਧਰ ਦਾ ਏ ਕਿਊ ਆਈ ਖਾਸ ਤੌਰ 'ਤੇ ਬੱਚਿਆਂ, ਬਜ਼ੁਰਗਾਂ ਅਤੇ ਸਾਹ ਦੀਆਂ ਸਮੱਸਿਆਵਾਂ ਵਾਲੇ ਲੋਕਾਂ ਲਈ ਬਹੁਤ ਖਤਰਨਾਕ ਹੈ। ਧੂੰਏਂ ਨੇ ਸ਼ਹਿਰ ਨੂੰ ਆਪਣੀ ਲਪੇਟ 'ਚ ਲਿਆ ਹੋਇਆ ਹੈ। ਚੰਡੀਗੜ੍ਹ ਮੌਸਮ ਵਿਭਾਗ ਨੇ ਯੈਲੋ ਅਲਰਟ ਜਾਰੀ ਕਰਦਿਆਂ ਕਿਹਾ ਹੈ ਕਿ ਇਹ ਹਾਲਾਤ ਸ਼ੁੱਕਰਵਾਰ ਤੱਕ ਬਣੇ ਰਹਿਣਗੇ। ਮੌਸਮ ਵਿਭਾਗ ਦੇ ਮਾਹਰਾਂ ਅਨੁਸਾਰ ਪਹਾੜਾਂ 'ਚ ਪੱਛਮੀ ਗੜਬੜੀ ਨੇ ਖੇਤਰ 'ਚ ਨਮੀ ਦੀ ਮਾਤਰਾ ਨੂੰ ਵਧਾ ਦਿੱਤਾ ਹੈ, ਜਿਸ ਨਾਲ ਹਵਾ ਦਾ ਸੰਚਾਰ ਘਟਿਆ ਹੈ ਅਤੇ ਨਤੀਜੇ ਵਜੋਂ ਸਵੇਰੇ ਸੰਘਣੀ ਧੁੰਦ ਪੈ ਰਹੀ ਹੈ। ਖੇਤਰ ਦੀ ਵਿਗੜਦੀ ਹਵਾ ਦੀ ਗੁਣਵੱਤਾ ਸਿਰਫ ਫਸਲਾਂ ਨੂੰ ਸਾੜਨ ਦੇ ਨਤੀਜਾ ਵਜੋਂ ਨਹੀਂ ਹੈ। ਚੰਡੀਗੜ੍ਹ ਮੌਸਮ ਵਿਭਾਗ ਦੇ ਡਾਇਰੈਕਟਰ ਸੁਰਿੰਦਰ ਪਾਲ ਨੇ ਕਿਹਾ ਕਿ ਹੋਰ ਮਹੱਤਵਪੂਰਨ ਯੋਗਦਾਨ ਪਾਉਣ ਵਾਲਿਆਂ 'ਚ ਧੂੜ ਅਤੇ ਸ਼ਹਿਰੀ ਪ੍ਰਦੂਸ਼ਣ ਸ਼ਾਮਲ ਹਨ, ਜਿਵੇਂ ਕਿ ਵਾਹਨਾਂ 'ਚੋਂ ਨਿਕਲਦਾ ਧੂੰਆਂ ਅਤੇ ਉਦਯੋਗਿਕ ਨਿਕਾਸ ਆਦਿ।



ਲਾਹੌਰ ਦੇ ਘੰਟਾਘਰ ਦੀਆਂ ਦੋ ਸ਼ਕਲਾਂ।

ਜਲਵਾਯੂ ਪਰਿਵਰਤਨ ਅਤੇ ਖੇਤੀਬਾੜੀ ਯੂਨੀਵਰਸਿਟੀ ਦੀ ਮੌਸਮ ਵਿਭਾਗ ਦੀ ਮੁਖੀ ਪਵਨੀਤ ਕੌਰ ਕਿੰਗਰਾ ਨੇ ਕਿਹਾ ਕਿ ਸਭ ਤੋਂ ਚਿੰਤਾਜਨਕ ਪਹਿਲੂ ਸ਼ਾਮ ਦੇ ਤਾਪਮਾਨ ਦਾ ਵਧਣਾ ਹੈ। ਇਸ ਵੇਲੇ ਇਸ ਖੇਤਰ 'ਚ ਰਾਤ ਦਾ ਤਾਪਮਾਨ 18 ਡਿਗਰੀ ਸੈਲਸੀਅਸ ਤੋਂ ਉੱਪਰ ਚੱਲ ਰਿਹਾ ਹੈ, ਜਦਕਿ ਨਵੰਬਰ ਦੇ ਦੂਜੇ ਹਫਤੇ ਆਮ ਤਾਪਮਾਨ 11 ਤੋਂ 12 ਡਿਗਰੀ ਸੈਲਸੀਅਸ ਦੇ ਆਸ-ਪਾਸ ਰਹਿੰਦਾ ਹੈ। ਕਿੰਗਰਾ ਨੇ ਕਿਹਾ ਕਿ ਖੇਤਰ 'ਚ ਹਵਾ ਦੀ ਰਫਤਾਰ ਲਗਭਗ 2 ਕਿਲੋਮੀਟਰ ਪ੍ਰਤੀ ਘੰਟਾ ਹੈ। ਅਜਿਹੀਆਂ ਸਥਿਤੀਆਂ 'ਚ ਪ੍ਰਦੂਸ਼ਣ ਇਕ ਜਗ੍ਹਾ ਫਸ ਜਾਂਦਾ ਹੈ ਅਤੇ ਖੇਤਰ 'ਚ ਜ਼ਹਿਰੀਲੀ ਹਵਾ ਦਾ ਗੁਬਾਰਾ ਬਣਾ ਦਿੰਦਾ ਹੈ। ਉਧਰ, ਲਾਹੌਰ ਵਿੱਚ ਏ ਕਿਊ ਆਈ 609 ਤੱਕ ਪੁੱਜਣ ਕਾਰਨ ਲੋਕਾਂ ਦਾ ਸਾਹ ਲੈਣਾ ਔਖਾ ਹੋ ਗਿਆ। ਸੁੱਕੀ ਖੰਘ, ਸਾਹ ਲੈਣ 'ਚ ਔਖ, ਨਿਮੋਨੀਆ ਤੇ ਛਾਤੀ ਦੀ ਇੰਫੈਕਸ਼ਨ ਵਾਲੇ 15 ਹਜ਼ਾਰ ਮਰੀਜ਼ ਪਿਛਲੇ 24 ਘੰਟਿਆਂ 'ਚ ਹਸਪਤਾਲਾਂ ਤੇ ਡਾਕਟਰਾਂ ਕੋਲ ਪੁੱਜੇ। ਲਹਿੰਦੇ ਪੰਜਾਬ 'ਚ ਵਿਆਹਾਂ 'ਤੇ ਤਿੰਨ ਮਹੀਨਿਆਂ ਦੀ ਰੋਕ ਲਾ ਦਿੱਤੀ ਗਈ ਹੈ ਅਤੇ ਸਕੂਲ ਤੇ ਕਾਲਜ ਬੰਦ ਕਰ ਦਿੱਤੇ ਗਏ ਹਨ। ਧੁਆਂਖੀ ਧੁੰਦ ਨੂੰ ਆਫਤ ਐਲਾਨ ਦਿੱਤਾ ਗਿਆ ਹੈ।

# ਸੀ ਪੀ ਆਈ ਵੱਲੋਂ ਬਰਨਾਲਾ 'ਚ ਕਾਂਗਰਸ ਉਮੀਦਵਾਰ ਕਾਲਾ ਢਿੱਲੋਂ ਦੀ ਹਮਾਇਤ



**ਬਰਨਾਲਾ** : ਭਾਰਤੀ ਕਮਿਊਨਿਸਟ ਪਾਰਟੀ ਨੇ ਵੀਰਵਾਰ ਬਰਨਾਲਾ ਜ਼ਿਮਨੀ ਚੋਣ 'ਚ ਕਾਂਗਰਸ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਦੀ ਹਮਾਇਤ ਦਾ ਐਲਾਨ ਕੀਤਾ।

ਸਥਾਨਕ ਬਾਬਾ ਅਰਜਣ ਸਿੰਘ ਭਦੌੜ ਯਾਦਗਾਰੀ ਭਵਨ ਵਿਖੇ ਪਾਰਟੀ ਦੇ ਜ਼ਿਲ੍ਹਾ ਸਕੱਤਰ ਖੁਸ਼ੀਆ ਸਿੰਘ ਦੀ ਅਗਵਾਈ ਹੇਠ ਪਾਰਟੀ ਦੀ ਜ਼ਿਲ੍ਹਾ ਬਾਡੀ ਦੀ ਮੀਟਿੰਗ ਹੋਈ, ਜਿਸ 'ਚ ਸਹਾਇਕ ਜਥੇਬੰਦੀਆਂ ਦੇ ਆਗੂ ਵੀ ਸ਼ਾਮਲ ਹੋਏ। ਚਲਦੀ ਮੀਟਿੰਗ 'ਚ ਕਾਲਾ ਢਿੱਲੋਂ ਪੁੱਜ ਗਏ ਤਾਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਖੁਸ਼ੀਆ ਸਿੰਘ ਨੇ ਕਿਹਾ ਕਿ ਕੌਮੀ 'ਇੰਡੀਆ' ਗੱਠਜੋੜ ਦੇ ਚਲਦਿਆਂ ਪਾਰਟੀ ਦੇ ਫੈਸਲੇ ਅਨੁਸਾਰ ਕਾਂਗਰਸੀ ਉਮੀਦਵਾਰ ਕਾਲਾ ਢਿੱਲੋਂ ਦੀ ਹਮਾਇਤ ਦਾ ਨਿਰਣਾ ਕੀਤਾ ਗਿਆ ਹੈ। ਕਾਲਾ ਢਿੱਲੋਂ ਨੇ ਪਾਰਟੀ ਦੀ ਜ਼ਿਲ੍ਹਾ ਕਮੇਟੀ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਜਿੱਤਣ 'ਤੇ ਨਰੇਗਾ ਮਜ਼ਦੂਰਾਂ, ਕਾਮਿਆਂ ਤੇ ਸਮੂਹ ਕਿਰਤੀਆਂ ਦੀਆਂ ਮੰਗਾਂ ਨੂੰ ਵਿਧਾਨ ਸਭਾ 'ਚ ਜ਼ੋਰਦਾਰ ਢੰਗ ਨਾਲ ਉਠਾਉਣਗੇ।

ਇਸ ਮੌਕੇ ਸੀ ਪੀ ਆਈ ਦੇ ਜ਼ਿਲ੍ਹਾ ਮੀਤ ਸਕੱਤਰ ਜੁਗਰਾਜ ਸਿੰਘ ਰਾਮਾ, ਜ਼ਿਲ੍ਹਾ ਕੌਂਸਲ ਮੈਂਬਰ ਐਡਵੋਕੇਟ ਹਾਕਮ ਸਿੰਘ ਭੁੱਲਰ ਤੇ ਪਰਮਜੀਤ ਸਿੰਘ ਗਾਂਧੀ, ਸਾਬਕਾ ਜ਼ਿਲ੍ਹਾ ਸਕੱਤਰ ਉਜਾਗਰ ਸਿੰਘ ਬੀਹਲਾ, ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਸਕੱਤਰ ਰਣਜੀਤ ਕੌਰ, ਪ੍ਰਧਾਨ ਪਰਮਜੀਤ ਕੌਰ, ਮੀਤ ਸਕੱਤਰ ਗੁਰਮੀਤ ਕੌਰ ਤੇ ਵੇਅਰ ਹਾਊਸਿੰਗ ਮੁਲਾਜ਼ਮ ਆਗੂ ਮੋਹਣ ਸਿੰਘ ਕਸਿਆੜਾ ਆਦਿ ਵੀ ਹਾਜ਼ਰ ਸਨ। ਖੁਸ਼ੀਆ ਸਿੰਘ ਨੇ ਪਾਰਟੀ ਦੇ ਵੱਖ-ਵੱਖ ਵਿੰਗਾਂ, ਜਿਵੇਂ ਏਟਕ, ਰੁਜ਼ਗਾਰ ਪ੍ਰਾਪਤੀ ਮਜ਼ਦੂਰ ਯੂਨੀਅਨ ਪੰਜਾਬ, ਪੰਜਾਬ ਇਸਤਰੀ ਸਭਾ, ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ, ਪੰਜਾਬ ਖੇਤ ਮਜ਼ਦੂਰ ਸਭਾ ਤੇ ਪੰਜਾਬ ਕਿਸਾਨ ਸਭਾ ਦੇ ਸਥਾਨਕ ਆਗੂਆਂ ਤੇ ਵਰਕਰਾਂ ਨੂੰ ਕਾਲਾ ਢਿੱਲੋਂ ਦੇ ਹੱਕ 'ਚ ਜੁਟਣ ਦਾ ਸੱਦਾ ਦਿੱਤਾ। ਉਨ੍ਹਾ ਕਾਲਾ ਢਿੱਲੋਂ ਨੂੰ ਜਿੱਤ ਦਾ ਯਕੀਨ ਦਿਵਾਇਆ।

# ਹਰਿਆਣਾ ਨੂੰ ਚੰਡੀਗੜ੍ਹ 'ਚ 10 ਏਕੜ ਦੇਣ ਦਾ ਕਮਿਊਨਿਸਟ ਪਾਰਟੀਆਂ ਵੱਲੋਂ ਕਰੜਾ ਵਿਰੋਧ

**ਚੰਡੀਗੜ੍ਹ** : ਸੀ ਪੀ ਆਈ ਤੇ ਸੀ ਪੀ ਆਈ (ਐੱਮ) ਦੇ ਸੂਬਾਈ ਸਕੱਤਰਾਂ ਬੰਤ ਸਿੰਘ ਬਰਾੜ ਤੇ ਸੁਖਵਿੰਦਰ ਸਿੰਘ ਸੇਖੋਂ ਵੱਲੋਂ ਭਾਰਤ ਸਰਕਾਰ ਦੁਆਰਾ ਹਰਿਆਣਾ ਸਰਕਾਰ ਨੂੰ ਵਿਧਾਨ ਸਭਾ ਦੀ ਇਮਾਰਤ ਬਣਾਉਣ ਲਈ ਯੂ ਟੀ ਚੰਡੀਗੜ੍ਹ ਦੀ ਜ਼ਮੀਨ ਦੇਣ ਦੇ ਫੈਸਲੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਵੀਰਵਾਰ ਇਥੇ ਉਨ੍ਹਾਂ ਜਾਰੀ ਕੀਤੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਇਸ ਫੈਸਲੇ ਨਾਲ ਪੰਜਾਬ ਦੇ ਲੋਕਾਂ ਨੂੰ ਵੱਡਾ ਧੱਕਾ ਲੱਗਿਆ ਹੈ। ਇਹ ਫੈਸਲਾ ਕਾਨੂੰਨੀ ਤੌਰ 'ਤੇ ਵੀ ਗਲਤ ਹੈ। ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਕਿ 10 ਏਕੜ ਯੂ ਟੀ ਦੀ ਜ਼ਮੀਨ ਦੇ ਬਦਲੇ ਵਿੱਚ 12 ਏਕੜ ਪੰਚਕੂਲਾ ਦੀ ਜ਼ਮੀਨ ਯੂ ਟੀ ਚੰਡੀਗੜ੍ਹ ਨੂੰ ਦੇਣ ਦਾ ਫੈਸਲਾ ਲਿਆ ਹੈ। ਉਨ੍ਹਾਂ ਦੱਸਿਆ ਕਿ 1966 ਵਿੱਚ ਜਦੋਂ ਹਰਿਆਣਾ ਪੰਜਾਬ ਵਿੱਚੋਂ ਵੱਖਰਾ ਸੂਬਾ ਬਣਾਇਆ ਗਿਆ ਸੀ, ਉਸ ਸਮੇਂ ਹੀ ਪੰਚਕੂਲਾ ਵਿੱਚ ਵਿਧਾਨ ਸਭਾ ਦੀ ਇਮਾਰਤ ਨੂੰ ਬਣਾਇਆ ਜਾਣਾ ਚਾਹੀਦਾ ਸੀ। ਇਹ ਵਾਅਦਾ ਪੁਨਰਗਠਨ ਐਕਟ ਵਿੱਚ ਕੀਤਾ ਸੀ ਕਿ ਕੁਝ ਸਮੇਂ ਬਾਅਦ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰ ਦਿੱਤਾ ਜਾਵੇਗਾ। ਜਦੋਂ ਤੱਕ ਹਰਿਆਣਾ ਆਪਣੀ ਰਾਜਧਾਨੀ ਨਹੀਂ ਬਣਾਉਂਦਾ, ਉਦੋਂ ਤੱਕ ਚੰਡੀਗੜ੍ਹ ਯੂ ਟੀ ਹੀ ਰਹੇਗਾ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪੂਰੀ ਤਰ੍ਹਾਂ ਪੰਜਾਬ ਨਾਲ ਸੰਬੰਧਤ ਹੈ, ਕਿਉਂਕਿ ਇਹ ਪੰਜਾਬ ਦੇ 22 ਪਿੰਡਾਂ ਦੀ ਜ਼ਮੀਨ 'ਤੇ ਉਸਾਰਿਆ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਦਾ ਇਹ ਫੈਸਲਾ ਉਸ ਦੇ ਪੰਜਾਬ ਵਿਰੋਧੀ ਸਟੈਂਡ ਦਾ ਹਿੱਸਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਫੈਸਲਾ ਅਨਿਆਂਪੂਰਨ, ਗੈਰ-ਕਾਨੂੰਨੀ, ਗੈਰ-ਸੰਵਿਧਾਨਕ ਅਤੇ ਪੰਜਾਬ ਪੁਨਰਗਠਨ ਐਕਟ 1966 ਦੀ ਘੋਰ ਉਲੰਘਣਾ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਫੈਸਲੇ ਨੂੰ ਜਲਦੀ ਵਾਪਸ ਲਿਆ ਜਾਵੇ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਖੱਬੀਆਂ ਪਾਰਟੀਆਂ ਅਤੇ ਹੋਰ ਪੰਜਾਬ ਹਿਤੈਸ਼ੀ ਸਿਆਸੀ ਪਾਰਟੀਆਂ ਨਾਲ ਮਿਲ ਕੇ ਸਾਂਝੇ ਤੌਰ 'ਤੇ ਪੰਜਾਬ ਦੇ ਹੱਕੀ ਮੰਗਾਂ, ਮਸਲਿਆਂ 'ਤੇ ਸਾਂਝਾ ਸੰਘਰਸ਼ ਸ਼ੁਰੂ ਕਰਨਗੀਆਂ।

## ਪ੍ਰਧਾਨ ਮੰਤਰੀ ਫੈਸਲਾ ਰੱਦ ਕਰਾਉਣ : ਜਾਖੜ

**ਚੰਡੀਗੜ੍ਹ** : ਹਰਿਆਣਾ ਨੂੰ ਚੰਡੀਗੜ੍ਹ ਵਿਚ ਵੱਖਰੀ ਵਿਧਾਨ ਸਭਾ ਬਣਾਉਣ ਲਈ 10 ਏਕੜ ਜ਼ਮੀਨ ਦੇਣ ਸੰਬੰਧੀ ਰਾਹ ਸਾਫ ਹੋਣ ਬਾਰੇ ਆਈਆਂ ਖਬਰਾਂ ਤੋਂ ਬਾਅਦ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕੇਂਦਰ ਨੂੰ ਇਸ ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ ਹੈ। ਉਨ੍ਹਾ 'ਐੱਕਸ' 'ਤੇ ਪਾਈ ਪੋਸਟ ਵਿੱਚ ਕਿਹਾ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਵਜੋਂ ਸਿਰਫ ਇਕ ਜ਼ਮੀਨੀ ਖਿੱਤਾ ਹੀ ਨਹੀ, ਬਲਕਿ ਇਸ ਨਾਲ ਪੰਜਾਬ ਦੇ ਲੋਕਾਂ ਦੀਆਂ ਡੂੰਘੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਪੰਜਾਬ ਨੂੰ ਬੀਤੇ ਸਮੇਂ ਵਿਚ ਲੱਗੇ ਜ਼ਖਮਾਂ 'ਤੇ ਮੱਲ੍ਹਮ ਲਗਾਉਣ ਦੀ ਕੋਸ਼ਿਸ਼ ਤਹਿਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੇ ਪੰਜਾਬੀਆਂ ਦੀ ਸਮਾਜਕ ਅਤੇ ਧਾਰਮਕ ਚੜ੍ਹਦੀਕਲਾ ਲਈ ਜਿਹੜੇ ਕਦਮ ਚੁੱਕੇ ਹਨ, ਹਰਿਆਣਾ ਨੂੰ ਚੰਡੀਗੜ੍ਹ ਵਿਚ ਵੱਖਰੀ ਵਿਧਾਨ ਸਭਾ ਲਈ 10 ਏਕੜ ਜ਼ਮੀਨ ਦੇਣ ਨਾਲ ਉਨ੍ਹਾ ਦੇ ਇਨ੍ਹਾਂ ਉਪਰਾਲਿਆਂ ਨਾਲ ਪੰਜਾਬ ਨਾਲ ਬਣੀ ਨੇੜਤਾ ਨੂੰ ਠੇਸ ਪਹੁੰਚੇਗੀ। ਉਨ੍ਹਾ ਅੱਗੇ ਲਿਖਿਆ ਹੈ—ਮੇਰਾ ਮੰਨਣਾ ਹੈ ਕਿ ਪੰਜਾਬ ਤੇ ਕੇਂਦਰ ਦੇ ਮਜ਼ਬੂਤ ਸੰਬੰਧਾਂ ਨੂੰ ਬਣਾਈ ਰੱਖਣ ਲਈ ਇਸ ਫੈਸਲੇ 'ਤੇ ਪੁਨਰ-ਵਿਚਾਰ ਹੋਣਾ ਚਾਹੀਦਾ ਹੈ ਅਤੇ ਮੈਂ ਪ੍ਰਧਾਨ ਮੰਤਰੀ ਜੀ ਨੂੰ ਅਪੀਲ ਕਰਦਾ ਹਾਂ ਕਿ ਉਹ ਨਿੱਜੀ ਦਖਲ ਦੇ ਕੇ ਇਸ ਫੈਸਲੇ ਨੂੰ ਰੱਦ ਕਰਵਾਉਣ।

# ਮਰਨ ਵਾਲੇ ਛੇ ਨੌਜਵਾਨਾਂ ਦੀ ਇਨੋਵਾ ਦੀ ਸੂਈ 180 'ਤੇ ਸੀ

**ਦੇਹਰਾਦੂਨ** : ਇੱਥੇ ਚੌਕ 'ਤੇ ਸੋਮਵਾਰ ਰਾਤ ਮਾਰੇ ਜਾਣ ਵਾਲੇ 6 ਨੌਜਵਾਨਾਂ ਦੀ ਇਨੋਵਾ ਹਾਦਸੇ ਵੇਲੇ 180 ਕਿੱਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਚੱਲ ਰਹੀ ਸੀ। ਇਹ ਜਾਣਕਾਰੀ ਉਸ ਸਮੇਂ ਸਾਹਮਣੇ ਆਈ, ਜਦੋਂ ਟੋਇਟਾ ਕੰਪਨੀ ਦੀ ਤਕਨੀਕੀ ਟੀਮ ਨੇ ਕੈਂਟ ਥਾਣੇ 'ਚ ਹਾਦਸਾਗ੍ਰਸਤ ਇਨੋਵਾ ਦੀ ਤਕਨੀਕੀ ਜਾਂਚ ਕੀਤੀ। ਜਾਖਨ ਤੋਂ ਰਾਜਪੁਰ ਰੋਡ, ਘੰਟਾਘਰ, ਚਕਰਟਾ ਰੋਡ, ਬੱਲੂਪੁਰ ਚੌਕ ਰਾਹੀਂ ਓ ਐੱਨ ਜੀ ਸੀ ਚੌਕ ਤੱਕ 10 ਕਿਲੋਮੀਟਰ ਦੇ ਸਫਰ ਦੌਰਾਨ ਇਨੋਵਾ ਨੇ ਪੰਜ ਪੁਲਸ ਚੈਕਿੰਗ ਬੈਰੀਅਰਾਂ ਨੂੰ ਪਾਰ ਕੀਤਾ।

ਗੱਡੀ ਨਵੀਂ ਸੀ ਅਤੇ ਰਜਿਸਟ੍ਰੇਸ਼ਨ ਨੰਬਰ ਪਲੇਟ ਵੀ ਨਹੀਂ ਸੀ, ਪਰ ਉਹ ਕਿਤੇ ਵੀ ਨਹੀਂ ਰੁਕੀ ਅਤੇ ਬੇਲਗਾਮ ਰਫਤਾਰ ਨਾਲ ਚੱਲ ਰਹੀ ਸੀ। ਰਾਜਪੁਰ ਰੋਡ 'ਤੇ ਨੌਜਵਾਨ ਜਦੋਂ ਘੰਟਾਘਰ ਵੱਲ ਨੂੰ ਰਵਾਨਾ ਹੋਏ ਤਾਂ ਉਹ ਬੇਲਗਾਮ ਰਫਤਾਰ ਨਾਲ ਉਲਟ ਦਿਸ਼ਾ ਵੱਲ ਜਾ ਰਹੇ ਸਨ।




## ਸਰਪੰਚ ਨੇ 5 ਗ੍ਰੰਥੀ ਸਿੰਘਾਂ ਨੂੰ ਸੋਨੇ ਦੀਆਂ ਅੰਗੂਠੀਆਂ ਨਾਲ ਕੀਤਾ ਸਨਮਾਨਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਲਾਕ ਮਾਛੀਵਾੜਾ ਸਾਹਿਬ ਦੇ ਪਿੰਡ ਗੜ੍ਹੀ ਬੇਟ ਵਿਖੇ ਨਵੇਂ ਚੁਣੇ ਸਰਪੰਚ ਨੇ ਜਿੱਥੇ ਗੁਰਦੁਆਰਾ ਸਾਹਿਬ ਵਿੱਚ ਜਾ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ, ਉੱਥੇ ਨਵੀਂ ਮਿਸਾਲ ਕਾਇਮ ਕਰਦਿਆਂ ਗੁਰੂ ਘਰ ਦੇ 5 ਗ੍ਰੰਥੀ ਸਿੰਘਾਂ ਨੂੰ ਸੋਨੇ ਦੀਆਂ ਅੰਗੂਠੀਆਂ ਦੇ ਕੇ ਸਨਮਾਨਤ ਕੀਤਾ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਪਿੰਡ ਗੜ੍ਹੀ ਬੇਟ ਦੇ ਨਵੇਂ ਚੁਣੇ ਸਰਪੰਚ ਸਤਬਲਿਹਾਰ ਸਿੰਘ ਨੇ ਅਹੁਦਾ ਮਿਲਣ 'ਤੇ ਪਿੰਡ ਦੇ ਗੁਰੂ ਘਰ ਵਿੱਚ ਅਖੰਡ ਪਾਠ ਸਾਹਿਬ ਕਰਵਾਇਆ ਤੇ ਭੋਗ ਉਪਰੰਤ ਸਮੂਹ ਪਿੰਡ ਵਾਸੀਆਂ ਨੇ ਸਮਾਗਮ ਵਿੱਚ ਸ਼ਮੂਲੀਅਤ ਕਰ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ। ਸਰਪੰਚ ਸਤਬਲਿਹਾਰ ਸਿੰਘ ਨੇ ਪਿੰਡ ਦੇ ਗੁਰੂ ਘਰ ਵਿੱਚ ਸੇਵਾ ਨਿਭਾਅ ਰਹੇ 5 ਗ੍ਰੰਥੀ ਸਿੰਘਾਂ ਨੂੰ ਸੋਨੇ ਦੀਆਂ ਅੰਗੂਠੀਆਂ ਭੇਟ ਕਰ ਉਨ੍ਹਾਂ ਨੂੰ ਸਨਮਾਨਤ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਪੰਚ ਸਤਬਲਿਹਾਰ ਸਿੰਘ ਨੇ ਦੱਸਿਆ ਕਿ ਅਸੀਂ ਵਿਆਹ ਸਮਾਗਮਾਂ ਵਿੱਚ ਫ਼ਜ਼ੂਲ ਖਰਚੀ ਕਰਦੇ ਹਾਂ, ਪਰ ਜਿਹੜੇ ਸਾਡੇ ਗੁਰੂ ਘਰਾਂ ਦੇ ਗ੍ਰੰਥੀ ਸਿੰਘ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਅ ਕੇ ਸਮੂਹ ਸੰਗਤ ਨੂੰ ਗੁਰੂ ਨਾਲ ਜੁੜਨ ਦਾ ਸੁਨੇਹਾ ਦਿੰਦੇ ਹਨ, ਉਨ੍ਹਾਂ ਨੂੰ ਭੁੱਲ ਜਾਂਦੇ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਪਿੰਡਾਂ ਦੇ ਗ੍ਰੰਥੀ ਸਿੰਘਾਂ ਦਾ ਪੂਰਾ ਸਤਿਕਾਰ ਕਰਨਾ ਚਾਹੀਦਾ ਹੈ। ਪਿੰਡ ਗੜ੍ਹੀ ਬੇਟ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸੁਖਵਿੰਦਰ ਸਿੰਘ ਨੇ ਕਿਹਾ ਕਿ ਜਿਹੜਾ ਮਾਣ ਸਤਿਕਾਰ ਸਾਨੂੰ ਪਿੰਡ ਦੇ ਨਵੇਂ ਸਰਪੰਚ ਵੱਲੋਂ ਦਿੱਤਾ ਗਿਆ, ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਹਰ ਗ੍ਰੰਥੀ ਸਿੰਘ ਨੂੰ ਇਸੇ ਤਰ੍ਹਾਂ ਦਾ ਮਾਣ ਸਤਿਕਾਰ ਮਿਲੇ।

## ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ ਜਨਮ ਦਿਹਾੜਾ ਮਨਾਇਆ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਥਾਨਕ ਸਲਾਈਟ ਰੋਡ ਵਿਖੇ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਸਭਾ ਦੀ ਧਰਮਸ਼ਾਲਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ ਜਨਮ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਗਿਆ ਅਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਪ੍ਰਬੰਧਕਾਂ ਵੱਲੋਂ ਸੰਗਤਾਂ ਲਈ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਵੱਖ-ਵੱਖ ਪਾਰਟੀਆਂ ਦੇ ਬਾਬਾ ਨਾਮਦੇਵ ਸਭਾ ਦੇ ਮੈਂਬਰਾਂ ਨੇ ਆਪਣੀਆਂ ਹਾਜ਼ਰੀਆਂ ਲਗਵਾਈਆਂ। ਇਸ ਮੌਕੇ ਸਭਾ ਪ੍ਰਧਾਨ ਰਾਜਿੰਦਰ ਸਿੰਘ ਜੱਸਲ ਨੇ ਬਾਹਰੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮਹਿੰਦਰ ਸਿੰਘ ਬੇਦੀ, ਚਾਨਣ ਸਿੰਘ, ਹਰਪ੍ਰੀਤ ਸਿੰਘ, ਭਾਈ ਗੁਰਮੁੱਖ ਸਿੰਘ, ਹਰਜੀਤ ਸਿੰਘ ਜੀਤੀ ਨੇ ਵੀ ਆਪਣੀ ਹਾਜ਼ਰੀ ਲਗਵਾਈ।

## ਜੱਸੀਆਂ ਹਲਕਾ ਪਟਵਾਰੀ ਤੋਂ ਵਾਂਝਾ, ਆਮ ਲੋਕ ਪ੍ਰੇਸ਼ਾਨ

**ਲੁਧਿਆਣਾ (ਰਾਜ ਸਿੰਗਲਾ)**-ਲੁਧਿਆਣਾ ਜ਼ਿਲ੍ਹੇ ਦੇ ਪੱਛਮੀ ਤਹਿਸੀਲ ਦੇ ਹਲਕਾ ਜੱਸੀਆਂ ਪਟਵਾਰੀ ਤੋਂ ਸੱਖਣੇ ਹੋਇਆਂ 10 ਤੋਂ 15 ਦਿਨ ਬੀਤ ਚੁੱਕੇ ਹਨ। ਹਲਕਾ ਜੱਸੀਆਂ ਵਿੱਚ ਪਟਵਾਰੀ ਨਾ ਹੋਣ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਹਲਕੇ ਅੰਦਰ ਤੈਨਾਤ ਪਟਵਾਰੀ ਵਿਜੀਲੈਂਸ ਪੁਲਸ ਦੀ ਜਾਂਚ ਅਧੀਨ ਹਨ। ਜਦੋਂ ਇਸ ਸਬੰਧੀ ਹਲਕੇ ਦੇ ਕਾਨੂੰਗੋ ਦਵਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਇੱਥੇ ਹੁਣ ਕੋਈ ਪਟਵਾਰੀ ਤੈਨਾਤ ਨਹੀਂ ਹੈ ਅਤੇ ਨਾ ਹੀ ਇਸ ਹਲਕੇ ਦਾ ਰਿਕਾਰਡ ਮੇਰੇ ਪਾਸ ਹੈ। ਜੱਸੀਆਂ ਨਿਵਾਸੀਆਂ ਨੇ ਡਿਪਟੀ ਕਮਿਸ਼ਨਰ ਲੁਧਿਆਣਾ ਤੋਂ ਹਲਕਾ ਜੱਸੀਆਂ ਅੰਦਰ ਜਲਦੀ ਤੋਂ ਜਲਦੀ ਪਟਵਾਰੀ ਲਾਉਣ ਦੀ ਮੰਗ ਕੀਤੀ ਹੈ।

## ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਸਮਾਜ ਨੂੰ ਚੱਲਣ ਦੀ ਲੋੜ



ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਹਨ।ਆਪ ਦਾ ਜਨਮ 1469 ਈ. ਨੂੰ ਤਲਵੰਡੀ ਸਾਬੋ (ਪਾਕਿਸਤਾਨ) ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂਅ ਮਹਿਤਾ ਕਾਲੂ ਤੇ ਮਾਤਾ ਦਾ ਨਾਂਅ ਤ੍ਰਿਪਤਾ ਦੇਵੀ ਸੀ।ਬਚਪਨ ਵਿੱਚ ਹੀ ਆਪ ਜੀ ਦਾ ਧਿਆਨ ਪ੍ਰਭੂ ਦੀ ਭਗਤੀ ਵਿੱਚ ਲੱਗ ਗਿਆ ਸੀ। ਆਪ ਜੀ ਨੂੰ ਪੰਜ ਸਾਲ ਦੀ ਉਮਰ ਵਿੱਚ ਪਾਂਧੇ ਕੋਲ ਪੜ੍ਹਨ ਲਈ ਭੇਜਿਆ, ਪਰ ਦੁਨਿਆਵੀ ਗਿਆਨ ਦੇਣ ਵਾਲੇ ਪੰਡਿਤ ਤੇ ਮੌਲਵੀ ਵੀ ਆਪ ਨੂੰ ਪੜ੍ਹਾ ਨਾ ਸਕੇ। ਆਪ ਜੀ ਦੀ ਵੱਡੀ ਭੈਣ ਜੀ ਦਾ ਨਾਮ ਬੇਬੇ ਨਾਨਕੀ ਸੀ। ਆਪ ਜੀ ਦਾ ਵਿਆਹ ਬੀਬੀ ਸੁਲੱਖਣੀ ਜੀ ਨਾਲ ਹੋਇਆ।ਆਪ ਜੀ ਦੇ ਦੋ ਪੁੱਤਰ ਬਾਬਾ ਸ੍ਰੀ ਚੰਦ ਤੇ ਲੱਖਮੀ ਦਾਸ ਸਨ।ਪਿੰਡ ਦਾ ਹਾਕਮ ਰਾਏ ਬੁਲਾਰ ਤੇ ਆਪ ਦੀ ਵੱਡੀ ਭੈਣ ਨਾਨਕੀ ਹੀ ਆਪ ਜੀ ਨੂੰ ਰੱਬ ਦਾ ਰੂਪ ਸਮਝਦੇ ਸਨ, ਫਿਰ ਆਪ ਦੇ ਪਿਤਾ ਜੀ ਨੇ ਆਪ ਨੂੰ ਆਪ ਜੀ ਦੀ ਭੈਣ ਬੇਬੇ ਨਾਨਕੀ ਕੋਲ ਸੁਲਤਾਨਪੁਰ ਭੇਜ ਦਿੱਤਾ।ਇੱਥੇ ਆਪ ਨੂੰ ਨਵਾਬ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿੱਚ ਨੌਕਰੀ ਲਗਵਾ ਦਿੱਤਾ। ਆਪ ਨੇ ਗਰੀਬ ਸਾਧੂਆਂ-ਸੰਤਾਂ ਤੇ ਲੋੜਵੰਦਾਂ ਦੀ ਬਹੁਤ ਮਦਦ ਕੀਤੀ। ਆਪ ਨੇ ਨੌਕਰੀ ਛੱਡ ਕੇ ਚਾਰ ਦਿਸ਼ਾਵਾਂ ਦੀ ਯਾਤਰਾ ਕੀਤੀ, ਜਿਨ੍ਹਾਂ ਨੂੰ ਚਾਰ ਉਦਾਸੀਆਂ ਕਿਹਾ ਜਾਂਦਾ ਹੈ। ਆਪ ਨੇ ਗਰੀਬ ਭਾਈ ਲਾਲੋ ਵਰਗਿਆਂ ਦਾ ਸਾਥ ਦਿੱਤਾ ਤੇ ਅਮੀਰ ਮਲਕ ਭਾਗੋ ਦਾ ਭੋਜਨ ਪ੍ਰਵਾਨ ਨਾ ਕੀਤਾ। ਭਾਈ ਮਰਦਾਨਾ ਜੀ ਨੇ ਆਪ ਨਾਲ ਚਾਰ ਉਦਾਸੀਆਂ ਵਿੱਚ ਸਾਥ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਕਿਰਤ ਕਰੋ, ਨਾਮ ਜਪੋ, ਵੰਡ ਛਕਣ ਦੀ ਸਿੱਖਿਆ ਦਿੱਤੀ। ਸੰਨ 1539 ਈ. ਵਿੱਚ ਆਪ ਜੋਤੀ ਜੋਤ ਸਮਾ ਗਏ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪ ਨੇ ਗੁਰਗੱਦੀ ਉੱਤੇ ਗੁਰੂ ਅੰਗਦ ਦੇਵ ਜੀ ਨੂੰ ਬਿਠਾ ਦਿੱਤਾ।

**-ਮਹਿੰਦਰ ਸਿੰਘ ਦੂੱਲਟ**

## ਅੱਜ-ਨਾਮਾ

ਮਿਲਿਆ ਕੱਲ੍ਹ ਸੀ ਕਿਸੇ ਨੂੰ ਦਲ-ਬਦਲੂ,
ਸਾਰੇ ਈ ਬਦਲ ਗਏ ਸੂਟ ਤੇ ਪੱਗ ਬੇਲੀ।
ਆਖੇ ਭੈੜੀ ਜਿਹੀ ਪਾਰਟੀ ਛੱਡ ਆਇਆਂ,
ਬੋਲਦਾ ਪਿਆ ਸੀ ਛੱਡ ਰਿਹਾ ਝੱਗ ਬੇਲੀ।
ਪਾਰਟੀ ਆਖ ਬਈ ਨਿਰੀ ਲੁਟੇਰਿਆਂ ਦੀ,
ਕਈ ਸਨ ਤੁਰੇ ਫਿਰਦੇ ਚੋਰ-ਠੱਗ ਬੇਲੀ।
ਅਹੁਦਿਆਂ ਵਾਸਤੇ ਭਾਜੜ ਪੈ ਪਈ ਮੱਚੀ,
ਚਰਚਾ ਕਰਦਿਆਂ ਹੱਸ ਰਿਹਾ ਜੱਗ ਬੇਲੀ।
ਸਾਹਮਣੇ ਵਾਲੇ ਨੇ ਹੱਸ ਕੇ ਕਿਹਾ ਮਿੱਤਰ,
ਕਾਹਨੂੰ ਦਿੱਤੀ ਉਹ ਪਾਰਟੀ ਛੱਡ ਮਿੱਤਰ।
ਪਾਰਟੀ ਫਿੱਟ ਤਾਂ ਤੇਰੇ ਲਈ ਉਹੀ ਹੈ ਸੀ,
ਤੂੰ ਵੀ ਉਨ੍ਹਾਂ ਤੋਂ ਬਹੁਤ ਨਾ ਅੱਡ ਮਿੱਤਰ।

**-ਤੀਸ ਮਾਰ ਖਾਂ**

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਖੂਨਦਾਨ ਕੈਂਪ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜਾਗਦੇ ਰਹੋ ਯੂਥ ਕਲੱਬ ਪਿੰਡ ਬਿਸ਼ਨਗੜ੍ਹ ਸੰਬੰਧਤ ਨਹਿਰੂ ਯੁਵਾ ਕੇਂਦਰ ਪਟਿਆਲਾ (ਭਾਰਤ ਸਰਕਾਰ) ਨੇ ਐਚ.ਡੀ.ਐਫ.ਸੀ.ਬੈਂਕ ਖੰਨਾ ਬ੍ਰਾਂਚ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਬਲੱਡ ਬੈਂਕ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਖੂਨਦਾਨ ਕੈਂਪ ਲਾਇਆ, ਜਿਸ ਦਾ ਰਸਮੀ ਉਦਘਾਟਨ ਸਰਪੰਚ ਜਤਿੰਦਰ ਸਿੰਘ ਨੇ ਖੂਨਦਾਨ ਕਰਕੇ ਕੀਤਾ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਡੀ.ਐੱਸ.ਪੀ.ਹਰਦੀਪ ਸਿੰਘ ਬਡੂੰਗਰ ਪੰਜਾਬ ਪੁਲਸ ਨੇ ਸ਼ਿਰਕਤ ਕੀਤੀ।ਖੂਨਦਾਨ ਕੈਂਪ 'ਚ ਅਸ਼ੋਕ ਕੁਮਾਰ, ਹਰਕ੍ਰਿਸ਼ਨ ਸਿੰਘ ਸੁਰਜੀਤ, ਸੁਰਜੀਤ ਸਿੰਘ, ਗੁਰਦੀਪ ਸਿੰਘ, ਦਿਲਵਰ ਸਿੰਘ, ਮਨੀਸ਼ ਕੁਮਾਰ, ਅਮਿਤ ਅਰੋੜਾ ਤੇ ਜਤਿੰਦਰ ਸਿੰਗਲਾ ਨੇ ਖੂਨਦਾਨ ਕੀਤਾ।ਡੀ.ਐੱਸ.ਪੀ.ਹਰਦੀਪ ਸਿੰਘ ਬਡੂੰਗਰ ਨੇ ਕਿਹਾ ਕਿ ਜਾਗਦੇ ਰਹੋ ਕਲੱਬ ਦੇ ਕਾਰਜ ਸਲਾਘਾਯੋਗ ਹਨ।ਹਰੇਕ ਤੰਦਰੁਸਤ ਇਨਸਾਨ ਨੂੰ ਖੂਨਦਾਨ ਕਰਨਾ ਚਾਹੀਦਾ ਹੈ।ਤੁਹਾਡਾ ਦਿੱਤਾ ਹੋਇਆ ਖੂਨ ਅਨੇਕਾਂ ਅਨਮੋਲ ਜ਼ਿੰਦਗੀਆਂ ਬਚਾ ਸਕਦਾ ਹੈ।ਖੂਨਦਾਨ ਸਭ ਤੋਂ ਉੱਤਮ ਦਾਨ ਹੈ।ਗਰਮੀ ਦੇ ਕਾਰਨ ਖੂਨਦਾਨ ਕੈਂਪ ਬਹੁਤ ਘੱਟ ਲੱਗਦੇ ਹਨ, ਜਿਸ ਕਰਕੇ ਬਲੱਡ ਬੈਂਕਾਂ ਵਿੱਚ ਖੂਨ ਦੀ ਕਮੀ ਹੋ ਜਾਂਦੀ ਹੈ ਤੇ ਲੋੜਵੰਦ ਤੇ ਐਮਰਜੈਂਸੀ ਮਰੀਜ਼ਾਂ ਨੂੰ ਖੂਨ ਲੈਣ ਸਮੇਂ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

## ਚੌਥਾ ਵਿਸ਼ਾਲ ਸ਼੍ਰੀ ਬਾਲਾਜੀ ਤੇ ਸ਼ਿਆਮ ਮਹਾਂਉਤਸਵ ਧੂਮਧਾਮ ਨਾਲ ਮਨਾਇਆ



**ਨਾਭਾ (ਵਰਿੰਦਰ ਵਰਮਾ)**-ਮਿੰਨੀ ਕਾਸ਼ੀ ਦੇ ਨਾਂਅ ਨਾਲ ਜਾਣੀ ਜਾਂਦੀ ਰਿਆਸਤੀ ਨਗਰੀ ਵਿੱਚ ਸ਼੍ਰੀ ਸ਼ਿਆਮ ਖਾਟੂ ਵਾਲੇ ਦੇ ਜਨਮ ਦਿਨ ਮੌਕੇ ਸ਼੍ਰੀ ਸ਼ਿਆਮ ਪਰਿਵਾਰ ਸੰਘ ਵੱਲੋਂ ਵਿਸ਼ਾਲ ਸ਼੍ਰੀ ਬਾਲਾਜੀ ਤੇ ਸ਼੍ਰੀ ਸ਼ਿਆਮ ਮਹਾਂਉਤਸਵ ਦਾ ਆਯੋਜਨ ਪੁਰਾਣਾ ਹਾਈ ਕੋਰਟ ਗਰਾਊਂਡ ਵਿਖੇ ਆਯੋਜਨ ਕੀਤਾ ਗਿਆ, ਜਿਸ ਵਿੱਚ ਨੀਰਜ ਸਿੰਗਲਾ ਸਮਾਣਾ, ਗੌਰੀ ਸਾਕਸ਼ੀ ਆਗਰਾ ਤੇ ਵਿਸ਼ਵ ਦੇ ਮਸ਼ਹੂਰ ਭਜਨ ਗਾਇਕ ਹੇਮੰਤ ਬ੍ਰਿਜਵਾਸੀ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ ਸ਼ਰਧਾਲੂਆ ਨੂੰ ਬਾਲਾ ਜੀ ਤੇ ਸ਼ਿਆਮ ਜੀ ਦੇ ਭਜਨਾਂ ਰਾਹੀਂ ਨਿਹਾਲ ਕੀਤਾ। ਇਸ ਮੌਕੇ ਸ਼੍ਰੀ ਬਾਲਾਜੀ ਅਤੇ ਸ਼ਿਆਮ ਬਾਬਾ ਜੀ ਦਾ ਬਹੁਤ ਸੁੰਦਰ ਦਰਬਾਰ ਸਜਾਇਆ ਗਿਆ। ਸ਼ਿਆਮ ਬਾਬਾ ਨੂੰ ਛੱਪਣ ਭੋਗ ਲਗਾਇਆ ਗਿਆ ਅਤੇ ਕਲਕੱਤਾ ਦੇ ਫੁੱਲਾਂ ਨਾਲ ਸ਼ਿੰਗਾਰ ਨਾਲ਼ ਸਜਾਇਆ ਗਿਆ। ਪੰਡਾਲ ਅਤੇ ਆਸ ਪਾਸ ਦੇ ਇਲਾਕੇ ਨੂੰ ਰੰਗ ਬਿਰੰਗੀ ਲਾਈਟਾਂ ਦੇ ਨਾਲ ਦੁਲਹਨ ਦੀ ਤਰ੍ਹਾਂ ਸਜਾਇਆ ਗਿਆ।ਹੇਮੰਤ ਬ੍ਰਿਜੇਵਾਸੀ ਦੇ ਭਜਨਾਂ 'ਕ੍ਰਿਸ਼ਨਾ ਤੇਰੀ ਮੁਰਲੀ 'ਤੇ ਨੀ ਮੈਂ ਨੱਚਣਾ ਸ਼ਿਆਮ ਦੇ ਨਾਲ', 'ਆਇਆ ਜਨਮ ਦਿਨ ਸ਼ਿਆਮ ਦਾ' ਆਦਿ ਭਜਨਾਂ ਨੇ ਪੰਡਾਲ ਵਿੱਚ ਬੈਠੀ ਸੰਗਤ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ।ਸ਼੍ਰੀ ਸ਼ਿਆਮ ਪਰਵਾਰ ਦੇ ਪ੍ਰਧਾਨ ਸੁਮਿਤ ਗੋਇਲ ਸ਼ੈਟੀ ਤੇ ਸਮੂਹ ਮੈਂਬਰਾਂ ਵੱਲੋਂ ਸਾਰੇ ਹੀ ਸ਼ਹਿਰ ਵਾਸੀਆਂ ਦਾ ਇਸ ਮਹਾਂਉਤਸਵ ਵਿੱਚ ਕੀਮਤੀ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ।ਸਾਰੀ ਸੰਗਤ ਲਈ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਪੁਲਸ ਪ੍ਰਸ਼ਾਸਨ ਵੱਲੋਂ ਬਹੁਤ ਪੁਖਤਾ ਪ੍ਰਬੰਧ ਕੀਤੇ ਗਏ ਸਨ।

## ਕੈਂਬ੍ਰਿਜ ਇੰਟਰਨੈਸ਼ਨਲ ਸਕੂਲ 'ਚ 'ਨਵੀਂਆਂ ਕਲਮਾਂ ਨਵੀਂ ਉਡਾਣ' ਕਿਤਾਬ ਲੋਕ ਅਰਪਣ



**ਮੋਗਾ (ਇਕਬਾਲ ਸਿੰਘ ਖਹਿਰਾ)**-ਕੈਂਬ੍ਰਿਜ ਇੰਟਰਨੈਸ਼ਨਲ ਸਕੂਲ ਵਿੱਚ ਛੋਟੇ-ਛੋਟੇ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਨ ਲਈ ਨਵੀਆਂ ਕਲਮਾਂ ਨਵੀਂ ਉਡਾਣ ਕਿਤਾਬ ਦੀ ਲੋਕ ਅਰਪਣ ਰਸਮ ਕੀਤੀ ਗਈ। ਇਹ ਉਪਰਾਲਾ ਸੁੱਖੀ ਬਾਠ ਸੰਸਥਾਪਕ ਪੰਜਾਬ ਭਵਨ ਸਰੀ ਕੈਨੇਡਾ ਤੇ ਪੰਜਾਬ ਭਵਨ ਜਲੰਧਰ ਸਦਕਾ ਮੁੱਖ ਸੰਪਾਦਕ ਪਰਮਜੀਤ ਕੌਰ ਪੰਮੀ ਤੇ ਸੰਪਾਦਕ ਡਾਕਟਰ ਸੰਜੀਵ ਕੁਮਾਰ ਸੈਨੀ ਦੀ ਸੰਪਾਦਨਾ ਹੇਠ ਜ਼ਿਲ੍ਹਾ ਮੋਗਾ ਦੇ ਬਾਲ ਲੇਖਕਾਂ ਦੀ ਨਵੀਂ ਕਿਤਾਬ ਨਵੀਆਂ ਕਲਮਾਂ ਨਵੀਂ ਉਡਾਨ ਭਾਗ-37 ਲਿਖੀ ਗਈ। ਇਸ ਰਸਮ 'ਚ ਸ਼ਾਮਲ ਹੋਣ ਵਾਲੇ ਮੁੱਖ ਮਹਿਮਾਨ ਕੁਲਵੰਤ ਸਿੰਘ ਧਾਲੀਵਾਲ (ਗਲੋਬਲ ਅੰਬੈਸਡਰ ਵਰਲਡ ਕੈਂਸਰ ਕੇਅਰ) ਦਵਿੰਦਰ ਪਾਲ ਸਿੰਘ (ਚੇਅਰਮੈਨ, ਕੈਂਬ੍ਰਿਜ ਇੰਟਰਨੈਸ਼ਨਲ ਸਕੂਲ), ਕੁਲਦੀਪ ਸਿੰਘ ਸਹਿਗਲ (ਪ੍ਰੈਜ਼ੀਡੈਂਟ, ਕੈਂਬ੍ਰਿਜ ਇੰਟਰਨੈਸ਼ਨਲ ਸਕੂਲ), ਸਤਵਿੰਦਰ ਕੌਰ (ਪ੍ਰਿੰਸੀਪਲ, ਕੈਂਬ੍ਰਿਜ ਇੰਟਰਨੈਸ਼ਨਲ ਸਕੂਲ), ਕਮਲ ਸੈਨੀ (ਚੇਅਰਪਰਸਨ ਬੀ.ਬੀ.ਐੱਸ. ਗਰੁੱਪ ਆਫ਼ ਸਕੂਲ), ਡਾਕਟਰ ਹਮੀਲਿਆ ਰਾਣੀ (ਪ੍ਰਿੰਸੀਪਲ, ਬੀ.ਬੀ.ਐੱਸ. ਸਕੂਲ, ਉਂਕਾਰ ਸਿੰਘ ਤੇਜੇ (ਪ੍ਰੋਜੈਕਟ ਇੰਚਾਰਜ ਨਵੀਆਂ ਕਲਮਾਂ ਨਵੀਂ ਉਡਾਨ), ਬਲਜੀਤ ਸ਼ਰਮਾ (ਖ਼ਜ਼ਾਨਚੀ), ਬਲਦੇਵ ਸਿੰਘ ਸੜਕਨਾਮਾ, ਪ੍ਰਸਿੱਧ ਲੇਖਕ ਕੇ. ਐੱਲ. ਗਰਗ, ਡਾਕਟਰ ਬਰਾੜ, ਲੇਖਕ ਸਾਧੂ ਰਾਮ ਲੰਗਿਆਣਾ, ਮੋਗਾ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਸਕੂਲ ਦੇ ਸਲਾਹਕਾਰ ਹਰਪ੍ਰੀਤ ਕੌਰ ਨੇ ਬੱਚਿਆਂ ਦੇ ਪੁੰਗਰ ਰਹੇ ਖਿਆਲਾਂ ਨੂੰ ਜ਼ਮੀਨ ਦੇਣ ਲਈ ਸੁੱਖੀ ਬਾਠ ਨੂੰ ਵਧਾਈ ਦਿੱਤੀ ਤੇ ਬੱਚਿਆਂ ਦੇ ਭਾਵਾਂ ਨੂੰ ਸ਼ਬਦ ਦੇਣ ਲਈ ਧੰਨਵਾਦ ਕੀਤਾ। ਕੇ. ਐੱਲ. ਗਰਗ ਨੇ ਸੁੱਖੀ ਬਾਠ ਨੂੰ ਸਾਹਿਤਕ ਸਫੀਰ ਕਹਿੰਦੇ ਹੋਏ ਬੱਚਿਆਂ ਨੂੰ ਸਿਰਜਨਾਤਮਕ ਕੰਮ ਨਾਲ ਜੋੜਨ ਤੇ ਪ੍ਰੇਰਿਤ ਕਰਨ ਦੇ ਕੰਮ ਦੀ ਸ਼ਲਾਘਾ ਕੀਤੀ ਅਤੇ ਵਿਸ਼ਵਾਸ ਦਿਵਾਇਆ ਕਿ ਮੋਗਾ ਦੇ ਲੇਖਕ ਵੱਧ ਤੋਂ ਵੱਧ ਯੋਗਦਾਨ ਪਾਉਣਗੇ ਤੇ ਖੱਬਾ ਸੱਜਾ ਹੱਥ ਬਣਨ ਦੀ ਕੋਸ਼ਿਸ਼ ਕਰਨਗੇ। ਬਲਦੇਵ ਸਿੰਘ ਸੜਕਨਾਮਾ ਨੇ ਬੱਚਿਆਂ ਦੇ ਅੰਦਰ ਦੀ ਕਲਾ ਨੂੰ ਬਾਹਰ ਲਿਆਉਣ ਲਈ ਜੋ ਉਪਰਾਲਾ ਕੀਤਾ, ਉਸ ਦੀ ਸ਼ਲਾਘਾ ਕਰਦੇ ਹੋਏ ਨਵੀਆਂ ਕਲਮਾਂ ਨਵੀਂ ਉਡਾਨ ਭਾਗ 37 ਵਿੱਚੋਂ ਇੱਕ ਵਿਦਿਆਰਥੀ ਵੱਲੋਂ ਲਿਖੀ ਕਹਾਣੀ ਅਸਲੀ ਘਰ ਬਾਰੇ ਚਰਚਾ ਕੀਤੀ। ਸਾਧੂ ਰਾਮ ਲੰਗਿਆਣਾ ਨੇ ਵਿਦਿਆਰਥੀਆਂ ਨੂੰ ਆਪਣੀ ਸੋਚ ਬਦਲਣ ਤੇ ਇਸ ਕੰਮ ਨਾਲ ਜੁੜਨ ਲਈ ਵਧਾਈ ਦਿੱਤੀ ਤੇ ਸੁੱਖੀ ਬਾਠ ਵੱਲੋਂ ਨਵਾਂ ਪਲੇਟਫਾਰਮ ਦੇਣ ਲਈ ਧੰਨਵਾਦ ਕੀਤਾ। ਮਲਕੀਤ ਸਿੰਘ ਗੀਤਾ ਭਵਨ ਸਕੂਲ ਦੇ ਅਧਿਆਪਕ ਨੇ ਤਿਣਕੇ-ਤਿਣਕੇ ਨਾਲ ਸਾਗਰ ਭਰਨ ਦੇ ਇਸ ਉਪਰਾਲੇ ਲਈ ਸੁੱਖੀ ਬਾਠ ਦਾ ਧੰਨਵਾਦ ਕੀਤਾ।

ਉਂਕਾਰ ਸਿੰਘ ਤੇਜੇ ਨੇ ਦਵਿੰਦਰ ਪਾਲ ਸਿੰਘ, ਪਰਮਜੀਤ ਕੌਰ ਪੰਮੀ ਤੇ ਸੰਜੀਵ ਸੈਨੀ ਨੂੰ ਵਧਾਈ ਦਿੱਤੀ ਤੇ ਆਪਣੇ ਪ੍ਰੋਜੈਕਟ ਬਾਰੇ ਵਿਸਥਾਰ ਨਾਲ ਦੱਸਿਆ। ਮੁੱਖ ਮਹਿਮਾਨ ਸੁੱਖੀ ਬਾਠ ਨੇ ਇਸ ਟੀਮ ਦੇ ਸਾਰੇ ਮੈਂਬਰਾਂ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਇਸ ਸਿਰਜਣਾਤਮਕ ਕੰਮ ਵਿੱਚ ਆਪਣਾ ਯੋਗਦਾਨ ਪਾਉਣ ਲਈ ਤੇ ਸਾਹਿਤ ਨਾਲ ਅੰਦਰੋਂ ਜੁੜਨ ਲਈ ਫਕਰ ਮਹਿਸੂਸ ਕੀਤਾ ਤੇ ਵਾਅਦਾ ਕੀਤਾ ਕਿ ਜਦੋਂ ਤੱਕ ਤੁਸੀਂ ਲਿਖਦੇ ਰਹੋਗੇ ਅਸੀਂ ਛਾਪਦੇ ਰਹਾਂਗੇ। ਕੁਲਵੰਤ ਸਿੰਘ ਧਾਲੀਵਾਲ ਨੇ ਕਿਹਾ ਕਿ ਅਧਿਆਪਕ ਦਾ ਵਿਦਿਆਰਥੀ ਦੀ ਜ਼ਿੰਦਗੀ ਵਿੱਚ ਵਿਸ਼ੇਸ਼ ਸਥਾਨ ਹੈ। ਉਨ੍ਹਾਂ ਕਿਹਾ ਚਾਹੇ ਜਿਹੜੀ ਮਰਜ਼ੀ ਭਾਸ਼ਾ ਸਿੱਖੋ, ਪਰ ਬੋਲੋ ਆਪਣੀ ਮਾਂ ਬੋਲੀ ਪੰਜਾਬੀ। ਉਨ੍ਹਾਂ ਸੁੱਖੀ ਬਾਠ ਨੂੰ ਪੰਜਾਬੀ ਮਾਂ ਬੋਲੀ ਦਾ ਦਰਦ ਸਮਝਣ ਤੇ ਪੰਜਾਬੀਅਤ ਨੂੰ ਸਾਹਿਤ ਅਤੇ ਮਾਂ ਬੋਲੀ ਨਾਲ ਜੋੜਨ ਲਈ ਵਧਾਈ ਦਿੱਤੀ।

## 100 ਕਰੋੜ ਦੀ ਲਾਗਤ ਨਾਲ ਬਣੇਗੀ ਅਤਿ ਆਧੁਨਿਕ ਸੁਰੱਖਿਆ ਜੇਲ੍ਹ : ਲਾਲਜੀਤ ਸਿੰਘ ਭੁੱਲਰ



**ਚੰਡੀਗੜ੍ਹ/ਕਪੂਰਥਲਾ :** ਪੰਜਾਬ ਦੇ ਜੇਲ੍ਹਾਂ ਬਾਰੇ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਵੀਰਵਾਰ ਐਲਾਨ ਕੀਤਾ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਖਤਰਨਾਕ ਕੈਦੀਆਂ ਨੂੰ ਵੱਖਰੀ ਜੇਲ੍ਹ ਵਿਚ ਰੱਖਣ ਲਈ 100 ਕਰੋੜ ਰੁਪਏ ਦੀ ਲਾਗਤ ਨਾਲ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਗੋਰਸੀਆਂ ਕਾਦਰਬਖਸ਼ ਵਿਖੇ ਅਤਿ-ਆਧੁਨਿਕ ਸੁਰੱਖਿਆ ਜੇਲ੍ਹ ਬਣਾਈ ਜਾ ਰਹੀ ਹੈ, ਜੋ ਅਗਲੇ ਸਾਲ ਤੱਕ ਮੁਕੰਮਲ ਹੋ ਜਾਵੇਗੀ। ਇੱਥੇ ਇਨ-ਸਰਵਿਸ ਟ੍ਰੇਨਿੰਗ ਸੈਂਟਰ ਕਪੂਰਥਲਾ ਵਿਖੇ ਪੰਜਾਬ ਜੇਲ੍ਹ ਵਿਭਾਗ ਦੇ 173 ਵਾਰਡਨ ਅਤੇ 6 ਮੈਟਰਨਾਂ ਦੀ ਪਾਸਿੰਗ ਆਊਟ ਪਰੇਡ ਮੌਕੇ ਸੰਬੋਧਨ ਕਰਦਿਆਂ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਜੇਲ੍ਹਾਂ ਦੀ ਸੁਰੱਖਿਆ ਦੇ ਨਾਲ-ਨਾਲ ਬੰਦੀਆਂ ਨੂੰ ਜੇਲ੍ਹਾਂ ਵਿਚ ਰੋਜ਼ਗਾਰ ਦੇ ਕੇ ਉਨ੍ਹਾਂ ਨੂੰ ਸਮਾਜ ਦੀ ਆਰਥਿਕ ਤਰੱਕੀ ਵਿਚ ਭਾਗੀਦਾਰ ਬਣਾਉਣ ਲਈ ਅਨੇਕਾਂ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 13 ਜੇਲ੍ਹਾਂ ਅੰਦਰ ਮੋਬਾਈਲ ਫੋਨਾਂ ਦੀ ਵਰਤੋਂ ਰੋਕਣ ਲਈ ਜੈਮਰ ਲਗਾਏ ਜਾ ਰਹੇ ਹਨ। ਕੈਬਨਿਟ ਮੰਤਰੀ ਨੇ ਇਹ ਵੀ ਦੱਸਿਆ ਕਿ ਜੇਲ੍ਹ ਵਿਭਾਗ ਦੀ ਆਮਦਨ ਵਿੱਚ ਵਾਧਾ ਕਰਨ ਅਤੇ ਬੰਦੀਆਂ ਨੂੰ ਉਨ੍ਹਾਂ ਦੇ ਹੁਨਰ ਮੁਤਾਬਿਕ ਕੰਮ ਦੇਣ ਲਈ ਪੰਜਾਬ ਪਰੀਜ਼ਨ ਡਿਵੈੱਲਪਮੈਂਟ ਬੋਰਡ ਅਧੀਨ 12 ਜੇਲ੍ਹਾਂ, ਜੋ ਮੁੱਖ ਸੜਕਾਂ ਉੱਪਰ ਹਨ, ਵਿਖੇ ਪੈਟਰੋਲ ਪੰਪ ਲਗਾਏ ਜਾਣ ਦਾ ਕੰਮ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ 6 ਜੇਲ੍ਹਾਂ ਵਿੱਚ ਪੈਟਰੋਲ ਪੰਪ ਚਾਲੂ ਹੋ ਚੁੱਕੇ ਹਨ, ਜਦਕਿ 2 ਜੇਲ੍ਹਾਂ ਵਿੱਚ ਜਲਦ ਪੈਟਰੋਲ ਪੰਪ ਚਾਲੂ ਕੀਤੇ ਜਾਣਗੇ।ਪੰਜਾਬ ਸਰਕਾਰ ਵਲੋਂ ਪਾਰਦਰਸ਼ੀ ਭਰਤੀ ਨੂੰ ਤਰਜੀਹੀ ਖੇਤਰ ਦੱਸਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਜੇਲ੍ਹ ਵਿਭਾਗ ਵਿੱਚ 13 ਡੀ.ਐਸ.ਪੀ., 175 ਵਾਰਡਨ ਅਤੇ 4 ਮੈਟਰਨਾਂ ਦੀ ਹੋਰ ਭਰਤੀ ਜਲਦ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕੈਦੀਆਂ ਦੇ ਸੁਧਾਰ ਲਈ ਜੇਲ੍ਹਾਂ ਵਿੱਚ ਸਿੱਖਿਆ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਬੰਦੀਆਂ ਨੂੰ ਨਵੇਂ ਕਿੱਤਾ-ਮੁਖੀ ਕੋਰਸ ਕਰਵਾਉਣ ਅਤੇ ਖੇਡਾਂ ਨੂੰ ਪ੍ਰੋਤਸਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿੱਚ ਬੇਕਰੀ ਉਤਪਾਦਾਂ ਲਈ ਕੈਦੀਆਂ ਨੂੰ ਵਿਸ਼ੇਸ਼ ਸਿਖਲਾਈ ਦਿੱਤੀ ਜਾ ਰਹੀ ਹੈ ਤਾਂ ਜੋ ਉਹ ਸਮਾਜ ਦੀ ਤਰੱਕੀ ਵਿੱਚ ਹਿੱਸੇਦਾਰ ਬਣ ਸਕਣ।ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਭੁੱਲਰ ਵੱਲੋਂ ਪਰੇਡ ਦਾ ਨਿਰੀਖਣ ਕੀਤਾ ਗਿਆ। ਉਨ੍ਹਾਂ ਸਿਖਲਾਈ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਕੈਡਿਟਾਂ ਨੂੰ ਸਨਮਾਨਤ ਵੀ ਕੀਤਾ। ਸਮਾਗਮ ਦੌਰਾਨ ਏ.ਡੀ.ਜੀ.ਪੀ. ਜੇਲ੍ਹਾਂ ਅਰੁਣਪਾਲ ਸਿੰਘ, ਆਈ.ਜੀ. ਸੁਖਮਿੰਦਰ ਸਿੰਘ ਮਾਨ, ਆਈ.ਜੀ. ਆਰ.ਕੇ. ਅਰੋੜਾ, ਕਮਾਂਡੈਂਟ ਪਰਮਿੰਦਰ ਸਿੰਘ ਭੰਡਾਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ, ਕੰਵਰਇਕਬਾਲ ਸਿੰਘ, ਮੈਂਬਰ, ਪੰਜਾਬ ਸਟੇਟ ਕਾਊਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਅਤੇ ਆਮ ਆਦਮੀ ਪਾਰਟੀ ਦੇ ਸੰਯੁਕਤ ਸਕੱਤਰ ਪਰਵਿੰਦਰ ਸਿੰਘ ਢੋਟ ਤੇ ਪਾਸਿੰਗ ਆਊਟ ਹੋਣ ਵਾਲੇ ਕਰਮਚਾਰੀਆਂ ਦੇ ਪਰਵਾਰਕ ਮੈਂਬਰ ਹਾਜ਼ਰ ਸਨ।

## ਮੁੱਖ ਮੰਤਰੀ ਨੇ ਸੰਤ ਰਾਮ ਉਦਾਸੀ ਦੀ ਕ੍ਰਾਂਤੀਕਾਰੀ ਕਵਿਤਾ ਸੁਣਾ ਕੇ ਸਰੋਤਿਆਂ ਦਾ ਮਨ ਮੋਹਿਆ



**ਹੁਸ਼ਿਆਰਪੁਰ (ਬਲਬੀਰ ਸੈਣੀ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੋਂ ਦੇ ਕਾਲਜ ਵਿੱਚ ਕਰਵਾਏ ਗਏ ਯੁਵਕ ਮੇਲੇ 'ਚ ਆਪਣੇ ਕਾਲਜ ਦੇ ਦਿਨਾਂ ਦੀਆਂ ਯਾਦਾਂ ਤਾਜ਼ਾ ਕਰਦਿਆਂ ਸਟੇਜ ਤੋਂ ਪ੍ਰਸਿੱਧ ਪੰਜਾਬੀ ਕਵੀ ਸੰਤ ਰਾਮ ਉਦਾਸੀ ਦੀ ਕ੍ਰਾਂਤੀਕਾਰੀ ਰਚਨਾ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਸੁਣਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ।ਮੁੱਖ ਮੰਤਰੀ ਨੇ ਇੱਥੇ ਡੀ.ਏ.ਵੀ. ਕਾਲਜ ਵਿਖੇ ਕਰਵਾਏ ਗਏ ਯੁਵਕ ਮੇਲੇ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਸਟੇਜ ਤੋਂ ਆਪਣੇ ਪੁਰਾਣੇ ਸਾਥੀ ਅਤੇ ਕਲਾਕਾਰ ਕਰਮਜੀਤ ਅਨਮੋਲ ਨਾਲ ਕਵਿਤਾ ਸੁਣਾਉਣ ਤੋਂ ਪਹਿਲਾਂ ਕਿਹਾ ਕਿ ਇਹ ਕ੍ਰਾਂਤੀਕਾਰੀ ਕਵਿਤਾ ਮੇਰੇ ਦਿਲ ਦੇ ਬਹੁਤ ਨੇੜੇ ਹੈ ਕਿਉਂਕਿ ਅਸੀਂ ਆਪਣੇ ਕਾਲਜ ਦੇ ਦਿਨਾਂ ਦੌਰਾਨ ਇਸ ਨੂੰ ਵੱਖ-ਵੱਖ ਮੁਕਾਬਲਿਆਂ ਵਿੱਚ ਸੁਣਾਇਆ ਕਰਦੇ ਸੀ ਅਤੇ ਅੱਜ ਮੈਂ ਇਥੇ ਆ ਕੇ ਮੁੜ ਆਪਣੇ ਕਾਲਜ ਦੇ ਦਿਨਾਂ ਨੂੰ ਜੀਅ ਰਿਹਾ ਹਾਂ।ਸਟੇਜ ਤੋਂ ਦੋ ਮਿੰਟ ਦੀ ਕਵਿਤਾ ਸੁਣਾਉਂਦਿਆਂ ਮੁੱਖ ਮੰਤਰੀ ਨੇ ਆਪਣੀ ਕਿਸਮ ਦੀ ਵੱਖਰੀ ਪੇਸ਼ਕਾਰੀ ਦੇ ਕੇ ਦਰਸ਼ਕਾਂ ਦਾ ਮਨ ਮੋਹ ਲਿਆ।ਮੌਕੇ 'ਤੇ ਮੌਜੂਦ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰਨਾਂ ਨੇ ਇਸ ਸ਼ਾਨਦਾਰ ਪੇਸ਼ਕਾਰੀ ਲਈ ਮੁੱਖ ਮੰਤਰੀ ਦੀ ਭਰਪੂਰ ਸ਼ਲਾਘਾ ਕੀਤੀ।ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕਰਨ ਲਈ ਬੇਮਿਸਾਲ ਕਦਮ ਚੁੱਕੇ ਗਏ ਹਨ ਅਤੇ ਦੂਜੇ ਪਾਸੇ ਸੂਬੇ ਵਿੱਚ ਉਨ੍ਹਾਂ ਦੀ ਬੇਅੰਤ ਊਰਜਾ ਨੂੰ ਸਹੀ ਪਾਸੇ ਲਾਉਣ ਲਈ ਵੀ ਅਹਿਮ ਉਪਰਾਲੇ ਕੀਤੇ ਗਏ ਹਨ।ਮਾਨ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਮਾਜ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਲਈ ਹਰ ਸੰਭਵ ਯਤਨ ਕਰਨ ਅਤੇ ਆਸਮਾਨ ਨੂੰ ਛੂਹਣ ਦਾ ਜਨੂੰਨ ਰੱਖਣ ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਭਲਾਈ ਅਤੇ ਤਰੱਕੀ ਲਈ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

## ਅੰਮ੍ਰਿਤਾ ਵੜਿੰਗ ਦੀ ਜਿੱਤ ਯਕੀਨੀ ਬਣਾਉਣ ਲਈ ਗਿੱਦੜਬਾਹਾ ਪਹੁੰਚੇ ਗੁਰਸ਼ਰਨ ਰੰਧਾਵਾ



**ਸਮਾਣਾ (ਇਕਬਾਲ ਸਿੰਘ ਬੱਲ)**

ਲਗਭਗ ਦੋ ਹਫ਼ਤਿਆਂ ਤੋਂ ਬਰਨਾਲਾ 'ਚ ਕਾਂਗਰਸੀ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਦੀ ਜਿੱਤ ਯਕੀਨੀ ਬਣਾਉਣ ਲਈ ਦਿਨ-ਰਾਤ ਇੱਕ ਕਰ ਰਹੀ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਤੇ ਟੀਮ ਨੇ ਆਪਣਾ ਮੂੰਹ ਗਿੱਦੜਬਾਹਾ ਵੱਲ ਕਰਦਿਆਂ ਹੋਇਆ ਅੰਮ੍ਰਿਤਾ ਵੜਿੰਗ ਦੀ ਜਿੱਤ ਯਕੀਨੀ ਬਣਾਉਣ ਲਈ ਡੇਰੇ ਲਾਏ ਹੋਏ ਹਨ।ਗੁਰਸ਼ਰਨ ਕੌਰ ਰੰਧਾਵਾ ਡੇਰਾ ਬਾਬਾ ਨਾਨਕ ਤੋਂ ਕਾਂਗਰਸੀ ਉਮੀਦਵਾਰ ਜਤਿੰਦਰ ਕੌਰ ਰੰਧਾਵਾ ਦੇ ਕਾਗਜ਼ ਦਾਖਲ ਕਰਨ ਮੌਕੇ ਉਨ੍ਹਾਂ ਦੇ ਹੱਕ ਵਿੱਚ ਵੀ ਚੋਣ ਪ੍ਰਚਾਰ ਕਰਕੇ ਆਏ ਹਨ ਤੇ ਉਨ੍ਹਾਂ ਦੀ ਮਾਝਾ ਦੀ ਓਥੇ ਹੀ ਡਟ ਕੇ ਪਹਿਰਾ ਦੇ ਰਹੀ ਹੈ।ਗੁਰਸ਼ਰਨ ਰੰਧਾਵਾ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ ਕਾਂਗਰਸ ਪੱਖੀ ਹਵਾ ਚੱਲ ਰਹੀ ਹੈ ਤੇ ਕਾਂਗਰਸ ਪਾਰਟੀ ਚਾਰੋਂ ਜ਼ਿਮਨੀ ਚੋਣਾਂ ਉੱਤੇ ਆਪ ਸਰਕਾਰ ਨੂੰ ਸਖਤ ਟੱਕਰ ਦਿੰਦੇ ਹੋਏ ਅੰਤ ਵਿੱਚ ਜਿੱਤ ਪ੍ਰਾਪਤ ਕਰੇਗੀ।ਗੁਰਸ਼ਰਨ ਕੌਰ ਰੰਧਾਵਾ ਨੇ ਕਿਹਾ ਕਿ ਪੰਜਾਬ ਦੇ ਲੋਕ ਸਾਂਸਦ ਸੁਖਜਿੰਦਰ ਰੰਧਾਵਾ ਤੇ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਦੀ ਛਵੀ ਨੂੰ ਮੁੱਖ ਰੱਖਦੇ ਹੋਏ ਉਨ੍ਹਨਾਂ ਦੀਆਂ ਧਰਮ ਪਤਨੀਆਂ ਜਤਿੰਦਰ ਕੌਰ ਤੇ ਅਮ੍ਰਿਤਾ ਵੜਿੰਗ ਨੂੰ ਵੱਡੀ ਲੀਡ ਨਾਲ ਜਿਤਾ ਕੇ ਵਿਧਾਨ ਸਭਾ ਭੇਜਣਾ ਚਾਹੁੰਦੇ ਹਨ, ਜਦੋਂਕਿ ਬਰਨਾਲਾ ਵਿਖੇ ਧਰਤੀ ਨਾਲ ਜੁੜੇ ਹੋਏ ਨੌਜਵਾਨ ਆਗੂ ਕਾਲਾ ਢਿੱਲੋਂ ਨੂੰ ਲੋਕ ਇਕ ਅਗਾਂਹਵਧੂ ਸੋਚ ਵਾਲੇ ਨੇਤਾ ਦੇ ਰੂਪ ਵਿੱਚ ਦੇਖਦੇ ਹੋਏ ਉਨ੍ਹਾਂ ਨੂੰ ਜਿਤਾਉਣ ਲਈ ਪੱਬਾਂ ਭਾਰ ਹੋਏ ਬੈਠੇ ਹਨ।ਹੁਸ਼ਿਆਰਪੁਰ ਤੋਂ ਰਣਜੀਤ ਕੁਮਾਰ ਦੇ ਹੱਕ ਵਿੱਚ ਹਵਾ ਚੱਲ ਰਹੀ ਹੈ। ਬੀਬੀ ਰੰਧਾਵਾ ਨੇ ਕਿਹਾ ਕਿ ਪੰਜਾਬ ਮਹਿਲਾ ਕਾਂਗਰਸ ਕਾਂਗਰਸ ਪਾਰਟੀ ਦੀ ਰੀੜ੍ਹ ਦੀ ਹੱਡੀ ਬਣ ਚੁੱਕੀ ਹੈ ਤੇ ਉਨਾਂ ਦੀ ਸਮੁੱਚੀ ਟੀਮ ਕਾਂਗਰਸ ਪਾਰਟੀ ਦੇ ਹਰ ਮੋਰਚੇ ਉੱਤੇ ਮੂਹਰਲੀ ਕਤਾਰ ਵਿੱਚ ਖੜੀ ਹੁੰਦੀ ਹੈ।ਚਾਰੋਂ ਵਿਧਾਨ ਸਭਾ ਹਲਕਿਆਂ ਵਿੱਚ ਮਹਿਲਾ ਕਾਂਗਰਸ ਦੀਆਂ ਟੀਮਾਂ ਆਪੋ ਆਪਣੀ ਜ਼ਿੰਮੇਵਾਰੀ ਨਿਭਾ ਰਹੀਆਂ ਹਨ।ਮਾਲਵਾ ਵਿੱਚ ਉਹ ਖੁਦ ਟੀਮਾਂ ਦੀ ਦੇਖਰੇਖ ਕਰ ਰਹੇ ਹਨ।ਬਰਨਾਲਾ ਵਿਖੇ ਉਨਾਂ ਦਾ ਸਹਿਯੋਗ ਕਰਨ ਲਈ ਜਸਬੀਰ ਕੌਰ ਮੂਨਕ, ਕਿਰਨ ਗਰੇਵਾਲ, ਪ੍ਰਿੰਸੀਪਲ ਅਮਰਜੀਤ ਕੌਰ, ਮਨਵਿੰਦਰ ਪੱਖੋ, ਸੁਖਜੀਤ ਸੁੱਖੀ, ਅਮਨ ਢੋਲੇਵਾਲ, ਨੀਲਮ ਰਾਣੀ, ਪ੍ਰਵੀਨ ਰਾਣਾ, ਦੀਪੀ ਖੰਨਾ ਮੈਦਾਨ ਵਿੱਚ ਡਟੀਆਂ ਹੋਈਆਂ ਹਨ।

## ਅੱਖਾਂ ਦਾ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ 17 ਨੂੰ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਪੁਨਰਜੋਤੀ ਆਈ-ਡੋਨੇਸ਼ਨ ਸੁਸਾਇਟੀ ਵੱਲੋਂ ਸ਼੍ਰੀ ਮਹੰਤ ਰਾਮ ਨਰਾਇਣ ਗਿਰੀ, ਤ੍ਰਿਵੈਣੀ ਗਿਰੀ ਆਸ਼ਰਮ ਵਾਲੇ ਦੇ ਅਸ਼ੀਰਵਾਦ ਨਾਲ ਵਿਜੈ ਕੁਮਾਰ ਸਟੇਟ ਐਵਾਰਡੀ ਤੇ ਅਸ਼ੋਕ ਕੁਮਾਰ ਵੱਲੋ ਅਪਣੇ ਪਿਤਾ ਸਵ: ਮੋਹਨ ਲਾਲ ਗੋਇਲ ਬਠਿੰਡਾ ਦੀ ਯਾਦ 'ਚ 120ਵਾਂ ਅੱਖਾਂ ਦਾ ਚੈਕਅਪ ਤੇ ਅਪ੍ਰੇਸ਼ਨ (ਲੈਂਜ) ਕੈਂਪ 17 ਨਵੰਬਰ ਨੂੰ ਸਵੇਰੇ 9 ਵਜੇ ਤੋਂ 1 ਵਜੇ ਤੱਕ, ਸਥਾਨ ਸੰਤ ਤ੍ਰਿਵੈਣੀ ਗਿਰੀ ਪੁਨਰਜੋਤੀ ਆਈ ਹਸਪਤਾਲ, ਬੱਸ ਸਟੈਂਡ ਰੋਡ, ਨੇੜੇ ਨਗਰ ਕੌਂਸਲ ਦਫ਼ਤਰ ਵਿਖੇ ਲਾਇਆ ਜਾ ਰਿਹਾ ਹੈ।ਸੰਸਥਾ ਦੇ ਮੁੱਖ ਸੇਵਾਦਾਰ ਰਾਕੇਸ਼ ਤਾਇਲ ਨੇ ਦੱਸਿਆ ਕਿ ਇਸ ਕੈਂਪ 'ਚ ਅੱਖਾਂ ਦੇ ਅਪਰੇਸ਼ਨ (ਲੈਂਜ) ਤੇ ਦਵਾਈਆਂ ਬਿਲਕੁਲ ਮੁਫਤ ਦਿੱਤੀਆ ਜਾਣਗੀਆਂ, ਜੋ ਮਰੀਜ਼ ਆਪ੍ਰੇਸ਼ਨ ਲਈ ਚੁਣੇ ਜਾਣਗੇ, ਉਨ੍ਹਾਂ ਦਾ ਸਾਰਾ ਇਲਾਜ ਹਸਪਤਾਲ ਸੁਸਾਇਟੀ ਵੱਲੋਂ ਕੀਤਾ ਜਾਵੇਗਾ, ਜਿਸ ਵਿੱਚ ਅਪਰੇਸ਼ਨ ਦਵਾਈਆਂ, ਕਾਲੀਆਂ ਐਨਕਾਂ ਤੇ ਖਾਣਾ ਆਦਿ ਸ਼ਾਮਲ ਹਨ।ਮਰੀਜ਼ ਆਪਣਾ ਪਛਾਣ ਪੱਤਰ ਵੋਟਰ ਕਾਰਡ, ਡਰਾਈਵਿੰਗ ਲਾਈਸੈਂਸ ਜ਼ਰੂਰ ਲੈ ਕੇ ਆਉਣ।

## ਸਾਂਝੇ ਸੰਘਰਸ਼ਾਂ ਰਾਹੀਂ ਨਸ਼ਿਆਂ ਖ਼ਿਲਾਫ਼ ਸਫ਼ਲਤਾ ਪ੍ਰਾਪਤ ਕੀਤੀ ਜਾ ਸਕਦੀ : ਅਸ਼ਵਿਨੀ ਗੋਟਿਆਲ



**ਸਮਰਾਲਾ (ਸੁਰਜੀਤ ਸਿੰਘ)**-ਨਸ਼ਾ ਇੱਕ ਸਮਾਜਿਕ ਬੁਰਾਈ ਤੇ ਵਿਹਾਰਕ ਸਮੱਸਿਆ ਹੈ, ਜਿਸ ਨੂੰ ਮਹਿਜ਼ ਇੱਕ ਜਾਂ ਦੋ ਦਿਨ ਵਿੱਚ ਸਮਾਪਤ ਨਹੀਂ ਕੀਤਾ ਸਕਦਾ, ਸਗੋਂ ਸਾਂਝੇ ਸੰਘਰਸ਼ ਰਾਹੀਂ ਇਸ ਬੁਰਾਈ 'ਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ।ਇਹ ਵਿਚਾਰ ਸ਼ਾਹੀ ਸਪੋਰਟਸ ਕਾਲਜ ਵਿੱਚ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਤੇ ਚੰਗੀ ਸਿਹਤ ਪ੍ਰਤੀ ਖੇਡਾਂ ਰਾਹੀਂ ਜਾਗਰੂਕਤਾ ਲਈ ਵਿੱਢੀ ਮੁਹਿੰਮ ਦਾ ਆਗਾਜ਼ ਕਰਦਿਆਂ ਪੁਲਸ ਜ਼ਿਲ੍ਹਾ ਖੰਨਾ ਦੀ ਐਸਐਸਪੀ ਅਸ਼ਵਿਨੀ ਗੋਟਿਆਲ ਨੇ ਕਹੀ।ਉਨ੍ਹਾਂ ਕਿਹਾ ਕਿ ਸਮਾਜ ਵਿਚੋਂ ਨਸ਼ਾਖੋਰੀ ਨੂੰ ਖਤਮ ਕਰਨ ਲਈ ਬੱਚਿਆਂ ਦੇ ਮਾਪਿਆਂ ਅਤੇ ਸਕੂਲ ਅਧਿਆਪਕਾਂ ਦਾ ਮਹੱਤਵਪੂਰਨ ਯੋਗਦਾਨ ਹੈ।ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਨਜ਼ਰ ਰਖਣੀ ਚਾਹੀਦੀ ਹੈ ਕਿ ਬੱਚੇ ਕਿਸੇ ਮਾੜੇ ਅਨਸਰ ਦੇ ਸੰਪਰਕ ਵਿਚ ਨਾ ਆ ਜਾਣ।ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਦੇ ਮਾਧਿਅਮ ਰਾਹੀਂ ਸਕੂਲੀ ਬੱਚਿਆਂ ਨੂੰ ਮੋਟੀਵੇਟ ਕਰਨਾ ਵੀ ਇਸ ਮੁਹਿੰਮ ਦਾ ਮਕਸਦ ਹੈ ਕਿ ਪੁਲਸ ਵਰਦੀ ਤੋਂ ਪ੍ਰਭਾਵਤ ਹੋਕੇ ਬੱਚੇ ਆਪਣੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਪੁਲਸ ਫੋਰਸ ਵਿਚ ਭਾਰਤੀ ਹੋ ਕੇ ਦੇਸ਼ ਸੇਵਾ ਵਿੱਚ ਅਪਣਾ ਯੋਗਦਾਨ ਪਾਉਣ।ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਤੋਂ ਜਨਤਾ ਤੇ ਪੁਲਸ ਵਿਚਕਾਰ ਸੰਵਾਦ ਕਾਇਮ ਰਹੇਗਾ ਤੇ ਆਪਸੀ ਨੇੜਤਾ ਵਧੇਗੀ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਸਕੂਲਾਂ ਵਿਚ ਬੱਚਿਆਂ ਨੂੰ ਨਸ਼ਿਆਂ ਤੋਂ ਬਚਾ ਕੇ ਖੇਡਣ ਅਤੇ ਪੜ੍ਹਾਈ ਵੱਲ ਲਾਉਣ ਦਾ ਇਹ ਇੱਕ ਸੁੱਚਜਾ ਉਪਰਾਲਾ ਹੈ।ਉਨ੍ਹਾਂ ਦੱਸਿਆ ਕਿ ਪੁਲਸ ਜ਼ਿਲ੍ਹਾ ਖੰਨਾ ਵਲੋਂ ਸਮਰਾਲਾ, ਬੀਜਾ ਤੇ ਪਾਇਲ ਦੇ ਸਕੂਲਾਂ ਵਿਚ ਅਜਿਹੇ ਉਪਰਾਲੇ ਅਰੰਭੇ ਗਏ ਹਨ, ਜਿਨ੍ਹਾਂ ਦੇ ਚੰਗੇ ਸਿੱਟੇ ਸਾਹਮਣੇ ਆ ਰਹੇ ਹਨ ਤੇ ਮੁਹਿੰਮ ਨੂੰ ਭਾਰੀ ਉਤਸ਼ਾਹ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਮੁਸੱਲਸਲ ਜਾਰੀ ਰਹਿਣਗੇ।ਇਸ ਦੌਰਾਨ ਪੁਲਸ ਅਧਿਕਾਰੀ ਨੇ ਖਿਡਾਰੀ ਬੱਚਿਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਖੇਡਾਂ ਦੇ ਨਾਲ ਆਪਣੀ ਪੜ੍ਹਾਈ ਵੀ ਜਾਰੀ ਰੱਖਣ ਲਈ ਪ੍ਰੇਰਿਆ।ਉਨ੍ਹਾਂ ਅੱਵਲ ਪੁਜੀਸ਼ਨਾਂ ਲੈਣ ਵਾਲੇ ਬੱਚਿਆਂ ਨੂੰ ਪੁਰਸਕਾਰ ਦਿੱਤੇ। ਪੁਲਸ ਵਿਭਾਗ ਵਲੋਂ ਬੱਚਿਆਂ ਨੂੰ ਸਕੂਲ ਬੈਗ, ਪੈਨਸਲਾਂ ਤੇ ਕਾਪੀਆਂ ਦਿੱਤੀਆਂ।ਪੁਲਸ ਅਧਿਕਾਰੀ ਨੇ ਬੱਚਿਆਂ ਨਾਲ ਫੋਟੋ ਸੈਸ਼ਨ ਕੀਤਾ।ਪ੍ਰੋਗਰਾਮ 'ਚ ਪਰਗਟ ਸਿੰਘ ਏਐਸਆਈ ਦੀ ਰਹਿਨੁਮਾਈ ਵਿਚ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਵਲੋਂ ਭਰਪੂਰ ਸਹਿਯੋਗ ਦਿੱਤਾ ਗਿਆ ਅਤੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ ਗਿਆ।

## ਵੋਟਾਂ ਬਣਵਾਉਣ ਲਈ 15 ਦਸੰਬਰ ਤੱਕ ਕਰਾਈ ਜਾ ਸਕਦੀ ਹੈ ਰਜਿਸਟ੍ਰੇਸ਼ਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਕਮਿਸ਼ਨਰ, ਗੁਰਦੁਆਰਾ ਚੋਣਾਂ, ਪੰਜਾਬ ਵੱਲੋਂ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮਾਵਲੀ 1959 ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਵੋਟਰ ਸੂਚੀ ਦੀ ਤਿਆਰੀ ਦੇ ਪਹਿਲਾਂ ਜਾਰੀ ਕੀਤੇ ਗਏ ਪ੍ਰੋਗਰਾਮ ਵਿੱਚ ਤਬਦੀਲੀ ਕਰਦੇ ਹੋਏ ਹੁਣ ਵੋਟਾਂ ਦੀ ਰਜਿਸਟ੍ਰੇਸ਼ਨ ਦੀ ਵਿੱਚ 15 ਦਸੰਬਰ ਤੱਕ ਵਾਧਾ ਕਰ ਦਿੱਤਾ ਗਿਆ ਹੈ।ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਡਾ: ਸੋਨਾ ਥਿੰਦ ਨੇ ਦੱਸਿਆ ਕਿ 24 ਜਨਵਰੀ ਤੱਕ ਦਾਅਵੇ ਤੇ ਇਤਰਾਜ ਦਰਜ ਕਰਾਏ ਜਾ ਸਕਦੇ ਹਨ ਤੇ 5 ਫਰਵਰੀ ਨੂੰ ਦਾਅਵੇ ਤੇ ਇਤਰਾਜ਼ਾਂ ਦਾ ਨਿਪਟਾਰਾ ਕੀਤਾ ਜਾਵੇਗਾ।ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ 25 ਫਰਵਰੀ ਨੂੰ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਕਰਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ 03 ਗੁਰਦੁਆਰਾ ਚੋਣ ਹਲਕੇ ਪੈਂਦੇ ਹਨ, ਜਿਨ੍ਹਾਂ ਵਿੱਚ ਗੁਰਦੁਆਰਾ ਚੋਣ ਹਲਕਾ 60 ਫ਼ਤਹਿਗੜ੍ਹ ਸਾਹਿਬ, 61 ਬਸੀ ਪਠਾਣਾ ਤੇ ਗੁਰਦੁਆਰਾ ਚੋਣ ਹਲਕਾ 62 ਅਮਲੋਹ ਸ਼ਾਮਲ ਹਨ। ਡਾ. ਸੋਨਾ ਥਿੰਦ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਰਜਿਸਟਰੇਸ਼ਨ ਕਰਾਉਣ ਵਾਲਾ ਵਿਅਕਤੀ 21 ਸਾਲ ਤੋਂ ਵੱਧ ਉਮਰ ਦਾ ਕੇਸਾਧਾਰੀ ਸਿੱਖ, ਜੋ ਆਪਣੇ ਦਾੜ੍ਹੀ ਜਾਂ ਕੇਸਾਂ ਨੂੰ ਨਾ ਕੱਟਦਾ ਹੋਵੇ ਜਾਂ ਸ਼ੇਵ ਨਾ ਕਰਦਾ ਹੋਵੇ ਅਤੇ ਸਿਗਰਟ, ਸ਼ਰਾਬ ਨਾ ਪੀਂਦਾ ਹੋਵੇ ਤੇ ਮਾਸ ਦਾ ਸੇਵਨ ਨਾ ਕਰਦਾ ਹੋਵੇ, ਜਿੱਥੇ ਉਹ ਰਹਿੰਦਾ ਹੈ, ਸਬੰਧਿਤ ਗੁਰਦੁਆਰਾ ਚੋਣ ਹਲਕੇ ਦੀ ਵੋਟਰ ਸੂਚੀ ਵਿਚ ਆਪਣਾ ਨਾਂਅ ਦਰਜ ਕਰਾਉਣ ਲਈ ਫਾਰਮ ਨੰ. 1 (ਕੇਸਾਧਾਰੀ ਸਿੱਖ ਲਈ) ਭਰ ਕੇ ਪਿੰਡਾਂ ਵਿੱਚ ਪਟਵਾਰੀਆਂ ਤੇ ਸ਼ਹਿਰਾਂ ਵਿਚ ਸਬੰਧਤ ਉਪ-ਮੰਡਲ ਮੈਜਿਸਟ੍ਰੇਟ ਵੱਲੋਂ ਨਿਯੁਕਤ ਕ੍ਰਮਚਾਰੀਆਂ ਨੂੰ ਦੇ ਸਕਦਾ ਹੈ।


**UMMEED HOUSING FINANCE PVT. LTD**
CIN:U65922HR2016PTC057984
Corporate office : Unit 809-815,8th Floor, Tower – A, EMAAR Digital Greens Golf Course Extension Road, Sect-61, Gurugram (Haryana)- 122002")

**ਹਟਾਉਣਯੋਗ ਘਰੇਲੂ ਵਸਤਾਂ ਲਈ ਨੋਟਿਸ**

ਇਸ ਦੁਆਰਾ ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਕਰਜ਼ਦਾਰਾਂ)/ਸਹਿ-ਕਰਜ਼ਦਾਰ (ਸਹਿ-ਕਰਜ਼ਦਾਰਾਂ) ਅਤੇ ਗਰੰਟਰ (ਗਰੰਟਰਾਂ) ਨੂੰ ਖਾਸ ਕਰਕੇ, ਜਿਨ੍ਹਾਂ ਦੇ ਵੇਰਵੇ ਹੇਠਾਂ ਦਿੱਤੇ ਹਨ, ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡੀਟਰ ਕੋਲ ਰਹਿਨ ਕੀਤੀ/ਚਾਰਜਡ ਅਚੱਲ ਜਾਇਦਾਦ ਦਾ ਭੌਤਿਕੀ ਕਬਜ਼ਾ ਮਿਤੀ 12.11.2024 ਨੂੰ ਮੈਸ: ਉਮੀਦ ਫਾਈਨਾਂਸ ਪ੍ਰਾਈਵੇਟ ਲਿਮਟਿਡ ਦੇ ਅਧਿਕਾਰਤ ਅਫਸਰ ਦੁਆਰਾ ਲੈ ਲਿਆ ਗਿਆ ਹੈ।

| ਕਰਜ਼ਦਾਰ (ਕਰਜ਼ਦਾਰਾਂ), ਸਹਿ-ਕਰਜ਼ਦਾਰ (ਸਹਿ-ਕਰਜ਼ਦਾਰਾਂ), ਗਰੰਟਰ (ਗਰੰਟਰਾਂ) | ਜਾਇਦਾਦ ਦਾ ਵੇਰਵਾ |
| --- | --- |
| 1. ਜੱਸੀ ਕੁਮਾਰ ਪੁੱਤਰ ਮਾਸ਼ਾ ਰਾਮ (ਕਰਜ਼ਦਾਰ) 2. ਪ੍ਰੀਤੀ ਰਾਣੀ ਪੁੱਤਰੀ ਰਾਮ ਕ੍ਰਿਪਾਲ (ਸਹਿ-ਕਰਜ਼ਦਾਰ) ਉਪਰੋਕਤ ਦੋਵੇਂ ਵਾਸੀ ਮਕਾਨ ਨੰ. 2145, ਲੱਕੜ ਮੰਡੀ ਚੌਕ, ਰਾਜਪੁਰਾ, ਪਟਿਆਲਾ, ਪੰਜਾਬ-140401 ਕਰਜ਼ਾ ਵੇਰਵਾ : LAN No. LXRJP02921-220014093 ਕਰਜ਼ਾ ਇਕਰਾਰਨਾਮੇ ਦੀ ਮਿਤੀ : 23 ਦਸੰਬਰ 2021 ਕਰਜ਼ੇ ਦੀ ਰਾਸ਼ੀ : ਰੁਪਏ 8,00,000/- | ਖੇਵਟ/ਖਾਤਾ ਨੰ. 333/685, ਖਸਰਾ ਨੰ. 1502/1234/993/32 (0-19), 27 (6-5), 1499/1234/993/29 (5-14), 1501/1234/993/31 (6-0), 30 (6-5), 1504/1234/993/37 (2-5) 44 (6-5), 1507/1234/993/1321/39 (1-12), 45 (6-5), 46 (6-5), 1496/1234/993, 28 (4-18-1/2), 1499/1234/993/29 (0-6), 38 (6-5), 1320/39 (1-0) 'ਚ ਸ਼ਾਮਲ ਆਫਿਸਰ ਕਾਲੋਨੀ, ਪਿੰਡ ਸੈਦਖੇੜੀ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਪੰਜਾਬ ਵਿਖੇ ਸਥਿਤ ਜਾਇਦਾਦ ਉਸਾਰੀ ਕੀਤਾ ਮਕਾਨ ਨੰ. 22 ਏਰੀਆ ਰਕਬਾ 0-1-23/50 ਬਿਸਵਾ (ਅਰਥਾਤ 73 ਵਰਗ ਗਜ਼), ਜੋ ਕਿ 60 ਬਿਘੇ 4-1/2 ਬਿਸਵਾ ਦਾ 73/63200 ਸ਼ੇਅਰ ਹੈ, ਦੇ ਸਾਰੇ ਹਿੱਸੇ। ਹੱਦਾਂ ਇੰਝ ਹਨ : ਪੂਰਬ : 22' ਚੌੜੀ ਸੜਕ, ਪੱਛਮ : ਗੁਰਦਿਆਲ ਸਿੰਘ, ਉੱਤਰ : ਨਿਸ਼ਾਨ ਸਿੰਘ, ਦੱਖਣ : ਸਤਨਾਮ ਸਿੰਘ |

ਅਸੀਂ ਫਿਰ ਤੁਹਾਨੂੰ ਇਸ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 7 ਦਿਨਾਂ ਦੇ ਅੰਦਰ-ਅੰਦਰ ਉਪਰ ਦਰਸਾਏ ਗਏ ਪਰਿਸਰਾਂ ਤੋਂ ਘਰੇਲੂ ਸਮਾਨ/ਚੀਜ਼ਾਂ ਹਟਾ ਲੈਣ ਲਈ ਸੂਚਿਤ ਕਰਦੇ ਹਾਂ ਅਤੇ ਇਸ ਤਰ੍ਹਾਂ ਦੇ ਨੋਟਿਸ ਦੇ ਪ੍ਰਾਪਤ ਹੋਣ 'ਤੇ ਕੰਮਕਾਰ ਦੇ ਸਮੇਂ ਦੌਰਾਨ ਤੁਸੀਂ ਘਰੇਲੂ ਸਾਜੋ-ਸਾਮਾਨ ਨੂੰ ਕਦੋਂ ਹਟਾਉਣਾ ਚਾਹੁੰਦੇ ਹੋ, ਇਸ ਬਾਰੇ ਲਿਖਤੀ ਤੌਰ 'ਤੇ ਸਾਨੂੰ ਜਾਣਕਾਰੀ ਦਿੱਤੀ ਜਾਵੇ। ਅਸਫਲ ਰਹਿਣ ਦੇ ਮਾਮਲੇ 'ਚ ਕਿਸੇ ਵੀ ਚੀਜ਼ ਦੇ ਨੁਕਸਾਨੇ ਜਾਣ ਜਾਂ ਖਰਾਬ ਹੋਣ ਜਾਂ ਚੋਰੀ ਹੋ ਜਾਣ, ਜੋ ਵੀ ਹੋਵੇ, ਦੇ ਲਈ ਉਮੀਦ ਹਾਊਸਿੰਗ ਫਾਈਨਾਂਸ ਜ਼ਿੰਮੇਵਾਰ ਨਹੀਂ ਹੋਵੇਗਾ ਅਤੇ ਇਨ੍ਹਾਂ ਚੀਜ਼ਾਂ ਨੂੰ ਹਟਾ ਦਿੱਤਾ ਜਾਵੇਗਾ, "ਜਿਵੇਂ ਹੈ ਜਿੱਥੇ ਹੈ", "ਜੋ ਵੀ ਜਿਵੇਂ ਹੈ" ਅਤੇ "ਜੋ ਵੀ ਹੈ" ਦੇ ਅਧਾਰ 'ਤੇ ਉਚ ਸਫਲ ਬੋਲੀਕਾਰ/ਬੋਲੀਕਾਰ ਨੂੰ ਪ੍ਰਸਤਾਵਿਤ ਉਚੇਰੀ ਕੀਮਤ 'ਤੇ ਕਨੂੰਨੀ ਵਿਵਸਥਾਵਾਂ ਅਨੁਸਾਰ ਵੇਚ ਦਿੱਤਾ ਜਾਵੇਗਾ।

ਮਿਤੀ : 15 ਨਵੰਬਰ 2024 ਅਧਿਕਾਰਤ ਅਫਸਰ, ਸ਼੍ਰੀ ਗੌਰਵ ਤ੍ਰਿਪਾਠੀ ਮੋਬਾਇਲ-96500-55701
ਸਥਾਨ : ਗੁਰੂਗ੍ਰਾਮ, ਹਰਿਆਣਾ ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈ ਲਿਮ.


## ਸੀ ਪੀ ਆਈ (ਐੱਮ) ਦੀ ਜ਼ਿਲ੍ਹਾ ਮਾਨਸਾ ਦੀ 24ਵੀਂ ਜ਼ਿਲ੍ਹਾ ਜਥੇਬੰਦਕ ਕਾਨਫਰੰਸ ਸਫਲਤਾਪੂਰਵਕ ਸੰਪੰਨ



**ਮਾਨਸਾ (ਆਤਮਾ ਸਿੰਘ ਪਮਾਰ)**-ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਜ਼ਿਲ੍ਹਾ ਮਾਨਸਾ ਦੀ 24 ਵੀਂ ਜ਼ਿਲ੍ਹਾ ਜਥੇਬੰਦਕ ਕਾਨਫਰੰਸ ਅੱਜ ਇੱਥੇ ਸਫ਼ਲਤਾਪੂਰਵਕ ਸੰਪੰਨ ਹੋ ਗਈ।ਐਡਵੋਕੇਟ ਸਵਰਨਜੀਤ ਸਿੰਘ ਦਲਿਓ ਸੀ.ਪੀ.ਆਈ.(ਐਮ) ਜ਼ਿਲ੍ਹਾ ਮਾਨਸਾ ਦੇ ਮੁੜ ਸਰਬਸੰਮਤੀ ਨਾਲ ਜ਼ਿਲ੍ਹਾ ਸਕੱਤਰ ਚੁਣੇ ਗਏ।ਕਾਮਰੇਡ ਗੁਰਨਾਮ ਸਿੰਘ ਕਿਰਤੀ ਹਾਲ ਅਤੇ ਕਾਮਰੇਡ ਬਖਸ਼ੀਸ਼ ਸਿੰਘ ਹੀਰਕੇ ਐਡਵੋਕੇਟ ਨਗਰ (ਟਾਂਡੀਆਂ ਭਵਨ ਮਾਨਸਾ) 'ਚ ਹੋਈ ਕਾਨਫਰੰਸ ਵਿੱਚ ਜ਼ਿਲ੍ਹੇ ਭਰ ਵਿੱਚੋਂ 50 ਤੋਂ ਵੱਧ ਡੈਲੀਗੇਟ ਸ਼ਾਮਲ ਹੋਏ। ਕਾਨਫਰੰਸ ਦੀ ਪ੍ਰਧਾਨਗੀ ਸਰਵ ਸਾਥੀ ਕਾ. ਸੰਤ ਰਾਮ ਬੀਰੋਕੇ , ਕਾ. ਘਨੀਸ਼ਾਮ ਨਿੱਕੂ ਅਤੇ ਕਾ. ਗੁਰਪ੍ਰੀਤ ਸਿੰਘ ਬਰਨ ਨੇ ਕੀਤੀ। ਆਰੰਭ ਵਿੱਚ ਵਿਛੜੇ ਸਾਥੀਆਂ ਕਾ. ਸੀਤਾ ਰਾਮ ਯੇਚੁਰੀ , ਕਾ. ਬੁੱਧਾਦੇਵ ਭੱਟਾਚਾਰੀਆ , ਕਾ. ਐਮ ਐਮ ਲਾਰੈਂਸ , ਕਾ. ਬਖਸ਼ੀਸ਼ ਸਿੰਘ ਹੀਰਕੇ ਐਡਵੋਕੇਟ ਆਦਿ ਅਤੇ ਇਜ਼ਰਾਈਲ ਵੱਲੋਂ ਮਾਰੇ ਨਿਰਦੋਸ਼ ਫ਼ਲਸਤੀਨੀਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ। ਕਾਨਫਰੰਸ ਵਿੱਚ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਸੂਬਾ ਸਕੱਤਰੇਤ ਮੈਂਬਰ ਕਾਮਰੇਡ ਭੂਪ ਚੰਦ ਚੰਨੋਂ, ਕਾਮਰੇਡ ਜਤਿੰਦਰਪਾਲ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਕਾ. ਸੇਖੋਂ ਨੇ ਕਿਹਾ ਕਿ ਦੇਸ਼ ਅੱਜ ਨਾਜ਼ੁਕ ਦੌਰ ਵਿੱਚੋਂ ਲੰਘ ਰਿਹਾ ਹੈ।ਮੋਦੀ ਸਰਕਾਰ ਸਾਮਰਾਜ ਦੁਆਰਾ ਸੇਧਿਤ ਨਵ ਉਦਾਰਵਾਦੀ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕਰ ਰਹੀ ਹੈ ਅਤੇ ਹਰ ਵਰਗ ਦੇ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੋਇਆ ਹੈ। ਦੇਸ਼ ਅੰਦਰ ਭ੍ਰਿਸ਼ਟਾਚਾਰ, ਮਹਿੰਗਾਈ, ਭੁੱਖਮਰੀ, ਬੇਰੁਜ਼ਗਾਰੀ ਲਗਾਤਾਰ ਵਧ ਰਹੀ ਹੈ। ਦੂਜੇ ਪਾਸੇ ਮੁੱਠੀ ਭਰ ਅਮੀਰ ਕਾਰਪੋਰੇਟ ਘਰਾਣਿਆਂ ਦੀ ਸੰਪਤੀ ਦਿਨੋ ਦਿਨ ਅਸਮਾਨਾਂ ਨੂੰ ਛੂਹ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ-ਆਰ.ਐਸ.ਐਸ. ਫਿਰਕੂ-ਫਾਸ਼ੀਵਾਦ ਨੂੰ ਅੱਗੇ ਵਧਾ ਰਹੀ ਹੈ ਅਤੇ ਦੇਸ਼ ਦੇ ਇੱਕ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਫਿਰਕੂ ਜ਼ਹਿਰ ਨੂੰ ਸਮਾਜ ਵਿੱਚ ਫੈਲਾ ਰਹੀ ਹੈ।ਉਨ੍ਹਾਂ ਦੇਸ਼ , ਦੁਨੀਆਂ ਅਤੇ ਪੰਜਾਬ ਦੇ ਹਾਲਾਤ 'ਤੇ ਵਿਸਥਾਰ ਵਿੱਚ ਬੋਲਦਿਆਂ ਕਿਹਾ ਕਿ ਪੂੰਜੀਵਾਦੀ ਵਿਵਸਥਾ ਦਾ ਖਾਤਮਾ ਨਿਸ਼ਚਿਤ ਹੈ ਅਤੇ ਭਵਿੱਖ ਦਾ ਸਮਾਂ ਸਮਾਜਵਾਦ ਦਾ ਹੋਵੇਗਾ।ਇਸ ਮੌਕੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਭੂਪ ਚੰਦ ਚੰਨੋਂ, ਕਾਮਰੇਡ ਜਤਿੰਦਰਪਾਲ ਸਿੰਘ ਨੇ ਪਾਰਟੀ ਜਥੇਬੰਦੀ ਸਬੰਧੀ ਦੀ ਬਾਰੀਕੀ ਵਿੱਚ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਸੀ.ਪੀ.ਆਈ.(ਐਮ) ਵਿੱਚ ਬਰਾਂਚ ਤੋਂ ਲੈ ਕੇ ਕੇਂਦਰੀ ਕਮੇਟੀ ਤੱਕ ਪੂਰੀ ਜਮਹੂਰੀਅਤ ਹੈ। ਉਨ੍ਹਾਂ ਕਮਿਊਨਿਸਟ ਕਾਰਕੁੰਨਾਂ ਨੂੰ ਪਾਰਟੀ ਨੂੰ ਜਮਹੂਰੀ ਕੇਂਦਰੀਵਾਦ 'ਤੇ ਚੱਲਦਿਆਂ ਮਜ਼ਬੂਤ ਕਰਨ ਦਾ ਸੱਦਾ ਦਿੱਤਾ।ਕਾਮਰੇਡ ਚੰਨੋਂ ਨੇ 15 ਮੈਂਬਰੀ ਨਵੀਂ ਜ਼ਿਲ੍ਹਾ ਕਮੇਟੀ ਦਾ ਪੈਨਲ ਡੈਲੀਗੇਟ ਹਾਊਸ ਵਿੱਚ ਪੇਸ਼ ਕੀਤਾ। ਜਿਸ ਵਿੱਚ ਤਿੰਨ ਸੀਟਾਂ ਖਾਲੀ ਰੱਖੀਆਂ ਗਈਆਂ। ਜਿੰਨਾਂ ਵਿੱਚ ਇੱਕ ਔਰਤਾਂ ਲਈ ਰਾਖਵੀਂ ਰੱਖੀ ਗਈ ਹੈ। ਪੈਨਲ ਨੂੰ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ।ਜਿਸ ਵਿੱਚ ਕਾਮਰੇਡ ਸਵਰਨਜੀਤ ਸਿੰਘ ਦਲਿਓ ਐਡਵੋਕੇਟ ਜ਼ਿਲ੍ਹਾ ਸਕੱਤਰ ਅਤੇ ਕਾ. ਅਮਰਜੀਤ ਸਿੰਘ ਸਿੱਧੂ, ਕਾ.ਤੇਜਾ ਸਿੰਘ ਹੀਰਕੇ, ਕਾ. ਘਨੀਸ਼ਾਮ ਨਿੱਕੂ, ਕਾ. ਸੁਰੇਸ਼ ਕੁਮਾਰ ਮਾਨਸਾ, ਕਾ. ਹਰਜਿੰਦਰ ਸਿੰਘ ਬਰੇਟਾ, ਕਾ. ਜਗਸੀਰ ਸਿੰਘ ਜੱਗਾ ਬਰੇਟਾ, ਕਾ. ਜਗਦੇਵ ਸਿੰਘ ਢੈਪਈ, ਗੁਰਪ੍ਰੀਤ ਸਿੰਘ ਬਰਨ, ਕਾ. ਸੰਤ ਰਾਮ ਬੀਰੋਕੇ, ਕਾ. ਮਨਜੀਤ ਕੌਰ, ਕਾ. ਪਰਵਿੰਦਰ ਸਿੰਘ ਭੀਖੀ ਜ਼ਿਲ੍ਹਾ ਕਮੇਟੀ ਮੈਂਬਰ ਚੁਣੇ ਗਏ। ਇਸ ਤੋਂ ਬਿਨਾਂ ਕਾ. ਨਛੱਤਰ ਸਿੰਘ ਢੈਪਈ, ਕਾ. ਜਸਵੰਤ ਸਿੰਘ ਬੀਰੋਕੇ, ਕਾ. ਅਵਤਾਰ ਸਿੰਘ ਛਾਪਿਆਂਵਾਲੀ ਸਪੈਸ਼ਲ ਇਨਵਾਇਟੀ ਮੈਂਬਰ ਅਤੇ ਕਾ. ਦਰਸ਼ਨ ਸਿੰਘ ਧਲੇਵਾਂ, ਕਾ. ਮਾਨਵ ਮਾਨਸਾ , ਕਾ. ਬੀਰਬਲ ਸਿੰਘ ਚੌਹਾਨ ਪਰਮਾਨੈਂਟ ਇਨਵਾਇਟੀ ਮੈਂਬਰ ਹੋਣਗੇ।ਪਾਰਟੀ ਵੱਲੋਂ ਜੋ ਜਲੰਧਰ ਵਿਖੇ ਕਾਨਫਰੰਸ 9-10 ਦਸੰਬਰ ਨੂੰ ਹੋ ਰਹੀ ਹੈ, ਸਬੰਧੀ ਛੇ ਡੈਲੀਗੇਟਾਂ ਦੇ ਤੌਰ 'ਤੇ ਕਾ. ਅਮਰਜੀਤ ਸਿੰਘ ਸਿੱਧੂ, ਕਾ. ਜਸਵੰਤ ਸਿੰਘ ਬੀਰੋਕੇ, ਕਾ. ਗੁਰਪ੍ਰੀਤ ਸਿੰਘ ਬਰਨ, ਕਾ. ਘਨੀਸ਼ਾਮ ਨਿੱਕੂ, ਕਾ. ਸੰਤ ਰਾਮ ਬੀਰੋਕੇ , ਮਨਜੀਤ ਕੌਰ ਦੀ ਚੋਣ ਕੀਤੀ ਗਈ ਅਤੇ ਕਾ. ਹਰਜਿੰਦਰ ਸਿੰਘ ਬਰੇਟਾ ਦਰਸ਼ਕ ਚੁਣੇ ਗਏ। ਕਾ. ਨਛੱਤਰ ਸਿੰਘ ਢੈਪਈ ਅਤੇ ਕਾ. ਅਵਤਾਰ ਸਿੰਘ ਛਾਪਿਆਂਵਾਲੀ ਬਦਲਵੇ ਡੈਲੀਗੇਟ ਹੋਣਗੇ।

## ਪੱਤਰਕਾਰ ਕੁਲਦੀਪ ਭੂੰਦੜੀ ਨੂੰ ਸਦਮਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸੀਨੀਅਰ ਪੱਤਰਕਾਰ ਕੁਲਦੀਪ ਸਿੰਘ ਮਾਨ ਭੂੰਦੜੀ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਨੌਜਵਾਨ ਭਾਣਜੇ ਜਸਪਾਲ ਸਿੰਘ ਉਰਫ ਪਾਲ (28) ਪੁੱਤਰ ਜਗਦੀਸ਼ ਸਿੰਘ ਦੀ ਭਰ ਜੁਆਨੀ 'ਚ ਮੌਤ ਹੋ ਗਈ।ਜਸਪਾਲ ਸਿੰਘ ਪਾਲ ਨਮਿੱਤ ਸ੍ਰੀ ਸਹਿਜ ਪਾਠ ਸਾਹਿਬ ਦਾ ਭੋਗ, ਅੰਤਿਮ ਅਰਦਾਸ 17 ਨਵੰਦਰ ਨੂੰ ਗੁਰਦੁਆਰਾ ਸਾਹਿਬ ਪਿੰਡ ਕ੍ਰਿਪਾਲ ਸਿੰਘ ਵਾਲਾ ਨੇੜੇ ਮਹਿਲ ਕਲਾਂ (ਬਰਨਾਲਾ) ਵਿਖੇ ਹੋਵੇਗੀ।ਇਸ ਦੁਖਦਾਈ ਮੌਕੇ ਵੱਖ ਵੱਖ ਪਾਰਟੀਆਂ ਦੇ ਆਗੂਆਂ, ਸਮਾਜ ਸੇਵੀ ਸੰਸਥਵਾਂ, ਵੱਖ ਵੱਖ ਕਿਸਾਨ, ਮਜ਼ਦੂਰ ਜਥੇਬੰਦੀਆਂ ਤੋਂ ਇਲਾਵਾ ਪ੍ਰੈੱਸ ਕਲੱਬ ਮਹਿਲ ਕਲਾਂ ਨੇ ਪੀੜਤ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਹੈ।

## ਪਰਾਲੀ ਨੂੰ ਅੱਗ ਲਾਉਣ ਵਾਲੇ ਅਣਪਛਾਤੇ ਕਿਸਾਨਾਂ ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**ਫਿਰੋਜ਼ਪੁਰ ਜ਼ਿਲ੍ਹੇ ਦੇ ਕਈ ਪਿੰਡਾਂ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੇ ਕੇਸਾਂ ਰਾਹੀਂ ਪਰਾਲੀ ਸਾੜਨ ਦੇ ਮੁੱਦੇ ਨਾਲ ਸੰਬੰਧਤ ਬੇਹੱਦ ਕੜੇ ਕਦਮ ਚੁੱਕਦੇ ਹੋਏ ਪੁਲਸ ਨੇ 17 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ।ਇਹ ਮਾਮਲੇ ਥਾਣਾ ਆਰਿਫ ਕੇ, ਮਮਦੋਟ, ਕੁੱਲਗੜ੍ਹੀ, ਤਲਵੰਡੀ ਭਾਈ ਤੇ ਮੱਲਾਂਵਾਲਾ ਵਿੱਚ ਦਰਜ ਕੀਤੇ ਗਏ ਹਨ।ਸਹਾਇਕ ਥਾਣੇਦਾਰਾਂ ਕੁਲਬੀਰ ਸਿੰਘ, ਬਲਰਾਜ ਸਿੰਘ, ਦਰਸ਼ਨ ਸਿੰਘ, ਸੁਖਚੈਨ ਸਿੰਘ ਤੇ ਹੋਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰਾਂ ਦੁਆਰਾ ਜਾਣਕਾਰੀ ਮਿਲੀ ਸੀ ਕਿ ਇਨ੍ਹਾਂ ਪਿੰਡਾਂ ਵਿੱਚ ਅਣਪਛਾਤੇ ਵਿਅਕਤੀਆਂ ਵੱਲੋਂ ਪਰਾਲੀ ਨੂੰ ਅੱਗ ਲਗਾਈ ਗਈ ਸੀ।ਪੁਲਸ ਅਧਿਕਾਰੀਆਂ ਨੇ ਕਿਹਾ ਕਿ ਖੇਤਾਂ ਵਿੱਚ ਅੱਗ ਲਗਾਉਣ ਨਾਲ ਪ੍ਰਦੂਸ਼ਣ ਬਹੁਤ ਵਧ ਰਿਹਾ ਹੈ, ਜਿਸ ਤੋਂ ਬਚਣ ਲਈ ਇਸ ਤਰ੍ਹਾਂ ਦੇ ਕਦਮ ਚੁੱਕੇ ਜਾਣਾ ਜ਼ਰੂਰੀ ਹੈ।


**AXIS BANK** ਐਕਸਿਸ ਬੈਂਕ ਲਿਮਟਿਡ, ਰਿਟੇਲ ਐਸੇਟ ਸੈਂਟਰ, ਦੂਜੀ ਮੰਜ਼ਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਰਜਿਸਟਰਡ ਦਫਤਰ "ਤ੍ਰਿਸ਼ੂਲ" ਤੀਜੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਟੈਂਪਲ, ਨੇੜੇ ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ 380006

**ਅੰਤਿਕਾ IV ਹਵਾਲਾ**
**ਰੂਲ-8 (1) ਕਬਜ਼ਾ ਨੋਟਿਸ**
(ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ 2002 ਅਤੇ ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (2) ਤਹਿਤ ਮਿਲੇ ਅਧਿਕਾਰਾਂ ਤਹਿਤ ਮੈਸ: ਕੇਸਰ ਸਿੰਘ ਅਤੇ ਕੰਪਨੀ ਰਾਹੀਂ ਇਸ ਦੇ ਪ੍ਰੋਪਰਾਈਟਰ ਪ੍ਰਭਜੋਤ ਸਿੰਘ ਨੂੰ 14.02.2023 ਨੋਟਿਸ 'ਚ ਦਰਸਾਈ ਬਕਾਇਆ ਰਕਮ ਰੁਪਏ 33,10,064/- (ਤੇਤੀ ਲੱਖ ਦਸ ਹਜ਼ਾਰ ਚੌਂਹਠ ਰੁਪਏ ਕੇਵਲ) ਸਮੇਤ ਇਸ ਉੱਪਰ ਭਵਿੱਖੀ ਅਣਲਾਗੂ ਵਿਅਜ ਅਤੇ ਲਾਗਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ 18 ਅਪ੍ਰੈਲ 2024 ਨੂੰ ਨੋਟਿਸ ਜਾਰੀ ਕੀਤਾ ਸੀ।

ਉਪਰੋਕਤ ਦਰਸਾਏ ਕਰਜਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈ ਜਾਇਦਾਦ ਦਾ ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 13 ਨਵੰਬਰ 2024 ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਉਪਰੋਕਤ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ, ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸੰਬੰਧੀ ਕਿਸੇ ਕਿਸਮ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ ਦੀ 14.02.2023 'ਤੇ ਬਕਾਇਆ ਰਕਮ 33,10,064/- (ਤੇਤੀ ਲੱਖ ਦਸ ਹਜ਼ਾਰ ਚੌਂਹਠ ਰੁਪਏ ਕੇਵਲ) ਸਮੇਤ ਇਸ ਉੱਪਰ ਮੁਕੰਮਲ ਅਦਾਇਗੀ ਦੀ ਮਿਤੀ ਤੱਕ ਇਕਰਾਰਨਾਮੇ ਅਨੁਸਾਰ ਵਿਆਜ ਅਤੇ ਖਰਚੇ ਦੀ ਵਸੂਲੀ ਹੇਠ ਹੋਵੇਗੀ। ਉਪਲੱਬਧ ਸਮੇਂ 'ਚ ਸਕਿਊਰਡ ਐਸੇਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ (ਕਰਜ਼ਦਾਰਾਂ)/ਸਹਿ-ਕਰਜ਼ਦਾਰ (ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਜਾਇਦਾਦ ਨੰ. 01 : ਬੈਨਾਮਾ ਨੰ. 1795 ਮਿਤੀ 27.07.1994 ਅਤੇ ਬੈਨਾਮਾ ਨੰ. 1271 ਮਿਤੀ 03.08.1998 ਅਨੁਸਾਰ ਅਮਰਜੀਤ ਕੌਰ ਪਤਨੀ ਕੇਸਰ ਸਿੰਘ ਦੀ ਮਲਕੀਅਤ ਜ਼ਮੀਨ ਅਤੇ ਇਮਾਰਤ ਰਕਬਾ 0 ਕੇ-01 ਐੱਮ, ਬੂਥ ਨੰ. 230, ਗ੍ਰੇਨ ਮਾਰਕਿਟ, ਖੰਨਾ ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਬੂਥ ਨੰ. 229 ਸਾਈਡ 30'-4.1/2", ਪੱਛਮ : ਬੂਥ ਨੰ. 231 ਸਾਈਡ 30'-4.1/2", ਉੱਤਰ : ਫੜ ਸਾਈਡ 10'-0', ਦੱਖਣ : ਸੜਕ ਸਾਈਡ 10'-0"

ਜਾਇਦਾਦ ਨੰ. 02 : ਬੈਨਾਮਾ ਨੰ. 4068 ਮਿਤੀ 26.11.2008 ਅਤੇ ਵਿਕਰੀ ਬੈਨਾਮਾ ਨੰ. 4068 ਮਿਤੀ 26.11.2008 ਅਨੁਸਾਰ ਕੇਸਰ ਸਿੰਘ ਪੁੱਤਰ ਪ੍ਰੀਤਮ ਸਿੰਘ ਅਤੇ ਪਲਵਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਦੀ ਮਲਕੀਅਤ ਜ਼ਮੀਨ ਅਤੇ ਇਮਾਰਤ ਰਕਬਾ 0 ਕੇ-01 ਐੱਮ ਬੂਥ ਨੰ. 222, ਗ੍ਰੇਨ ਮਾਰਕਿਟ, ਖੰਨਾ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਵਿਕਰੀ ਬੈਨਾਮੇ ਅਨੁਸਾਰ) : ਪੂਰਬ : ਫੜ ਸਾਈਡ 10'-0", ਪੱਛਮ ਗਲੀ ਰਸਤਾ ਸਾਈਡ 10'-0", ਉੱਤਰ : ਬੂਥ ਨੰ. 223, ਸਾਈਡ 30'-4.1/2", ਦੱਖਣ : ਬੂਥ ਨੰ. 221 ਸਾਈਡ 30'-4.1/2"

ਮਿਤੀ : 15.11.2024 ਅਧਿਕਾਰਤ ਅਫਸਰ,
ਸਥਾਨ : ਖੰਨਾ, ਪੰਜਾਬ ਐਕਸਿਸ ਬੈਂਕ ਲਿਮਟਿਡ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ ਵੱਲੋਂ 17 ਨੂੰ ਝੰਡਾ ਮਾਰਚ ਕੀਤਾ ਜਾਵੇਗਾ : ਸਹਾਏਪੁਰ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ ਸਰਕਲ ਗੁਰਦਾਸਪੁਰ ਦੀ ਮਹੀਨਾਵਾਰ ਮੀਟਿੰਗ ਸਰਕਲ ਪ੍ਰਧਾਨ ਦਿਲਬਾਗ ਸਿੰਘ ਬੁੱਟਰ ਦੀ ਪ੍ਰਧਾਨਗੀ ਹੇਠ ਗੁਰੂ ਨਾਨਕ ਪਾਰਕ ਵਿਖੇ ਹੋਈ। ਮੀਟਿੰਗ ਦੌਰਾਨ ਸੂਬਾ ਪ੍ਰਧਾਨ ਰਵੇਲ ਸਿੰਘ ਸਹਾਏਪੁਰ ਅਤੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਗਿੱਲ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਬੁਲਾਰਿਆਂ ਨੇ ਮੁਲਾਜ਼ਮਾਂ ਦੀਆਂ ਪੈਂਡਿੰਗ ਮੰਨੀਆਂ ਮੰਗਾਂ ਪ੍ਰਤੀ ਗੰਭੀਰਤਾ ਨਾਲ ਵਿਚਾਰਾਂ ਕੀਤੀਆਂ। ਆਗੂਆਂ ਕਿਹਾ ਮੁਲਾਜ਼ਮਾਂ ਦੀਆਂ ਅਹਿਮ ਮੰਗਾਂ ਜਿਵੇਂ ਪੁਰਾਣੀ ਪੈਨਸ਼ਨ ਬਹਾਲ ਕਰਨਾ, ਪੈਂਡਿੰਗ ਡੀ.ਏ. ਅਤੇ ਡੀ.ਏ.ਦਾ ਬਕਾਇਆ, ਸਕੇਲਾਂ ਦਾ ਬਕਾਇਆ, ਤਰੁਟੀਆਂ ਨੂੰ ਦੂਰ ਕਰਨਾ, ਨਵੀਂ ਭਰਤੀ ਕਰਨਾ ਆਦਿ ਮੰਗਾਂ ਨੂੰ ਪੰਜਾਬ ਸਰਕਾਰ ਵਲੋਂ ਲਟਕਾਉ ਅਵਸਥਾ ਵਿੱਚ ਰੱਖਣਾ ਅਤਿ-ਨਿੰਦਣਯੋਗ ਹੈ। ਸੂਬਾ ਪ੍ਰਧਾਨ ਰਵੇਲ ਸਿੰਘ ਸਹਾਏਪੁਰ ਅਤੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਉਪਰੋਕਤ ਮੰਗਾਂ ਸੰਬੰਧੀ ਪੰਜਾਬ ਸਰਕਾਰ ਵਿਰੁੱਧ ਡੇਰਾ ਬਾਬਾ ਨਾਨਕ ਹਲਕੇ ਵਿੱਚ 17 ਨਵੰਬਰ ਨੂੰ ਪੰਜਾਬ ਦੀਆਂ ਸਮੁੱਚੀਆਂ ਜਥੇਬੰਦੀਆਂ ਵੱਲੋਂ ਜ਼ੋਰਦਾਰ ਝੰਡਾ ਮਾਰਚ ਕੀਤਾ ਜਾਵੇਗਾ ਅਤੇ ਪੰਜਾਬ ਸਰਕਾਰ ਦੀਆਂ ਮਾੜੀਆਂ ਨੀਤੀਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਵਾਇਆ ਜਾਵੇਗਾ। ਉਨ੍ਹਾਂ ਨੇ ਪਾਵਰਕਾਮ ਦੀ ਮੈਨੇਜਮੈਂਟ ਨਾਲ ਹੋਈ ਮੀਟਿੰਗ ਦੌਰਾਨ ਹੋਈਆਂ ਸਹਿਮਤੀਆਂ 'ਤੇ ਤਸੱਲੀ ਪ੍ਰਗਟ ਕਰਦਿਆ ਕਿਹਾ ਕਿ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਸਹਿਮਤੀਆਂ ਅਨੁਸਾਰ ਪਾਵਰਕਾਮ ਮੈਨੇਜਮੈਂਟ ਵੱਲੋਂ ਲਗਾਤਾਰ ਸਰਕੂਲਰ ਜਾਰੀ ਕੀਤੇ ਜਾ ਰਹੇ ਹਨ ਅਤੇ ਜਲਦੀ ਹੀ ਰਹਿੰਦੀਆਂ ਮੰਗਾਂ ਪ੍ਰਤੀ ਵੀ ਮੈਨੇਜਮੈਂਟ ਨਾਲ ਮੀਟਿੰਗ ਕਰਕੇ ਹੱਲ ਕਰਵਾ ਲਿਆ ਜਾਵੇਗਾ। ਮੀਟਿੰਗ ਦੌਰਾਨ ਹੋਰਨਾਂ ਤੋਂ ਇਲਾਵਾ ਸੂਬਾ ਸਕੱਤਰ ਮਨਜੀਤ ਸਿੰਘ, ਸੂਬਾ ਵਿੱਤ ਸਕੱਤਰ ਦਲਬੀਰ ਸਿੰਘ ਉਸਾਹਨ, ਸਰਕਲ ਸਕੱਤਰ ਸੁਖਵਿੰਦਰ ਸਿੰਘ ਗਿੱਲ, ਸਰਕਲ ਪ੍ਰਧਾਨ ਦਿਲਬਾਗ ਸਿੰਘ ਬੁੱਟਰ, ਮੰਡਲ ਪ੍ਰਧਾਨ ਹਰਜੀਤ ਸਿੰਘ ਟਰਪਈ, ਡਵੀਜ਼ਨ ਪ੍ਰਧਾਨ ਤਰਲੋਕ ਸਿੰਘ ਖੁੰਡੀ, ਡਿਵੀਜਨ ਸਕੱਤਰ ਜਸਵਿੰਦਰ ਸਿੰਘ ਗਿੱਲ, ਸੁਰਜੀਤ ਸਿੰਘ ਅਮਰਗੜ੍ਹ, ਅਰਜਨ ਸਿੰਘ, ਸਲਿੰਦਰ ਭਾਸਕਰ, ਅਮੋਲਕ ਸਿੰਘ ਗਿੱਲ, ਕੁਲਵੰਤ ਰਾਏ, ਹਰਵਿੰਦਰ ਸਿੰਘ, ਸੁੱਚਾ ਸਿੰਘ, ਮਨਦੀਪ ਸਿੰਘ, ਪ੍ਰਕਾਸ਼ ਕੁਮਾਰ, ਪ੍ਰੇਮ ਸਿੰਘ, ਅਸ਼ੋਕ ਕੁਮਾਰ, ਬਲਵਿੰਦਰ ਸਿੰਘ ਬਾਜਵਾ,ਜਗਦੀਪ ਸਿੰਘ ਆਦਿ ਹਾਜ਼ਰ ਸਨ।

# ਵੱਖ-ਵੱਖ ਮਾਮਲਿਆਂ 'ਚ ਦੋ ਗ੍ਰਿਫਤਾਰ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਚਰਨਜੀਤ ਸਿੰਘ ਸੀਨੀਅਰ ਕਪਤਾਨ ਪੁਲਸ ਅੰਮ੍ਰਿਤਸਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਰਿੰਦਰ ਸਿੰਘ ਗਿੱਲ ਐਸ.ਪੀ (ਡੀ) ਅਤੇ ਜਸਪਾਲ ਸਿੰਘ ਢਿੱਲੋਂ ਡੀ.ਐਸ.ਪੀ. ਸਬ ਡਵੀਜ਼ਨ ਮਜੀਠਾ ਦੀਆਂ ਹਦਾਇਤਾਂ ਮੁਤਾਬਿਕ ਸਬ ਇੰਸਪੈਕਟਰ ਖੁਸ਼ਬੂ ਸ਼ਰਮਾ ਮੁੱਖ ਅਫਸਰ ਥਾਣਾ ਕੱਥੂਨੰਗਲ ਵੱਲੋਂ ਏ.ਐਸ.ਆਈ ਜਸਬੀਰ ਸਿੰਘ ਚੌਕੀ ਇੰਚਾਰਜ ਜੈਂਤੀਪੁਰ ਹੇਠ ਇੱਕ ਸਪੈਸ਼ਲ ਟੀਮ ਗਠਿਤ ਕੀਤੀ ਗਈ ਸੀ ਜੋ ਵੱਖ ਵੱਖ ਕੇਸਾਂ ਵਿੱਚ ਕਾਰਵਾਈ ਕਰਦਿਆਂ ਮੁਕੱਦਮਾ ਬਰਬਿਆਨ ਪੂਜਾ ਪੁੱਤਰੀ ਬਲਵਿੰਦਰ ਸਿੰਘ ਵਾਸੀ ਕਾਦਰਾਬਾਦ ਥਾਣਾ ਕੱਥੂਨੰਗਲ ਵਿਖੇ ਦਰਜ ਰਜਿਸਟਰ ਕੀਤਾ ਗਿਆ ਸੀ ਕਿ 26 ਜੂਨ 2022 ਨੂੰ ਉਹ ਆਪਣੇ ਘਰ ਵਿੱਚ ਇੱਕਲੀ ਸੀ ਤਾਂ ਵਕਤ ਕ੍ਰੀਬ 7:00 ਵਜੇ ਸਵੇਰੇ ਵਿਜਾ ਪੁੱਤਰ ਜਿੰਦਾ ਵਾਸੀ ਪਿੰਡ ਕਾਦਰਾਬਾਦ ਜੋ ਉਸ ਦੇ ਛੋਟੇ ਭਰਾ ਵਿੱਕੀ ਨਾਲ ਝੋਨਾ ਲਗਾਉਣ ਗਿਆ ਸੀ ਤੇ ਉਹਨਾਂ ਦੇ ਘਰੋਂ ਰੋਟੀ ਲੈਣ ਆਇਆ ਤੇ ਉਸ ਨਾਲ ਗਲਤ ਹਰਕਤਾਂ ਕਰਨ ਲੱਗ ਪਿਆ ਜੋ ਪੁਲਸ ਪਾਰਟੀ ਵੱਲੋਂ ਮੁਕੱਦਮਾ ਉਕਤ ਦੇ ਦੋਸ਼ੀ ਵਿਜੇ ਨੂੰ ਕੱਲ੍ਹ ਗ੍ਰਿਫਤਾਰ ਕਰ ਲਿਆ ਅਤੇ ਮੁਕੱਦਮਾ ਬਰਬਿਆਨ ਗੁਰਪ੍ਰੀਤ ਕੌਰ ਸਰਪੰਚ ਅਤੇ ਗ੍ਰਾਮ ਪੰਚਾਇਤ ਪਿੰਡ ਸਰਹਾਲਾ ਥਾਣਾ ਕੱਥੂਨੰਗਲ ਜ਼ਿਲ੍ਹਾ ਅੰਮ੍ਰਿਤਸਰ ਦੇ ਮੁਕੱਦਮਾ 21 ਅਗਸਤ 20 ਥਾਣਾ ਕੱਥੂਨੰਗਲ ਵਿਖੇ ਦਰਜ ਰਜਿਸਟਰ ਕੀਤਾ ਗਿਆ ਸੀ ਕਿ ਦੋਸ਼ੀ ਸਤਨਾਮ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਸਰਹਾਲਾ ਨੂੰ ਪਿੰਡ ਦੀ ਪੰਚਾਇਤ ਨੇ ਪਿੰਡ ਵਿੱਚ ਬਣੀ ਪਾਣੀ ਵਾਲੀ ਟੈਂਕੀ ਦਾ ਪੰਪ ਅਪਰੇਟਰ ਬਣਾ ਦਿੱਤਾ ਜੋ ਪਿੰਡ ਵਾਸੀਆਂ ਕੋਲੋਂ ਮਹੀਨੇ ਬਾਅਦ ਸਰਕਾਰੀ ਪਾਣੀ ਦਾ ਬਿੱਲ ਇਕੱਠਾ ਕਰਦਾ ਸੀ। ਪਾਣੀ ਵਾਲੀ ਟੈਂਕੀ ਦੀ ਬਿਜਲੀ ਦਾ ਬਿੱਲ 3722630 ਰੁਪਏ ਬਣ ਗਿਆ ਜੋ ਕਿ ਸਤਨਾਮ ਸਿੰਘ ਉਕਤ ਨੇ ਕਦੀ ਵੀ ਬਿੱਲ ਨਹੀਂ ਤਾਰਿਆ ਤੇ ਇਕੱਠੇ ਕੀਤੇ ਪੈਸਿਆਂ ਨੂੰ ਆਪ ਖਰਚ ਕਰ ਲਿਆ। ਜੋ ਪੁਲਿਸ ਪਾਰਟੀ ਨੇ ਉਕਤ ਸਤਨਾਮ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਸਰਹਾਲਾ ਨੂੰ ਗ੍ਰਿਫਤਾਰ ਕਰ ਲਿਆ।

# ਸੇਖਵਾਂ ਨੇ ਖੁਸ਼ਹਾਲਪੁਰ ਵਧਾਈ ਦੀ ਸਰਪੰਚ ਦੇ ਪਤੀ ਨੂੰ ਕੀਤਾ ਸਨਮਾਨਤ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਕਾਦੀਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਸੂਬਾ ਜਨਰਲ ਸਕੱਤਰ ਚੇਅਰਮੈਨ ਜ਼ਿਲਾ ਯੋਜਨਾ ਬੋਰਡ ਗੁਰਦਾਸਪੁਰ ਦੇ ਵੱਲੋਂ ਵਿਧਾਨ ਸਭਾ ਹਲਕਾ ਕਾਦੀਆਂ ਅਧੀਨ ਪੈਂਦੇ ਪਿੰਡ ਖੁਸ਼ਹਾਲਪੁਰ ਵਧਾਈ ਦੀ ਸਰਪੰਚ ਕੁਲਵਿੰਦਰ ਕੌਰ ਦੇ ਪਤੀ ਬਲਜਿੰਦਰ ਸਿੰਘ ਨੂੰ ਸਿਰੋਪਾ ਪਾ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸਰਪੰਚ ਕੁਲਵਿੰਦਰ ਕੌਰ ਦੇ ਪਤੀ ਬਲਜਿੰਦਰ ਸਿੰਘ ਨੇ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਨ੍ਹਾਂ ਦੇ ਪਿੰਡ ਵਿੱਚ ਹਰੇਕ ਤਰ੍ਹਾਂ ਦੀਆਂ ਸਰਕਾਰ ਵੱਲੋਂ ਮਿਲਣ ਵਾਲੀਆਂ ਸੁਵਿਧਾਵਾਂ ਪਹਿਲ ਦੇ ਆਧਾਰ ਤੇ ਪਿੰਡ ਵਿੱਚ ਲਿਆਂਦੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਪਿੰਡ ਵਿੱਚ ਕੁੱਲ 483 ਵੋਟਾਂ ਸਨ ਜਿਸ ਵਿੱਚੋਂ 350 ਵੋਟਾਂ ਪੋਲ ਹੋਈਆਂ ਅਤੇ ਉਹ 13 ਵੋਟਾਂ 'ਤੇ ਜੇਤੂ ਰਹੇ ਅਤੇ ਉਨ੍ਹਾਂ ਦੇ ਦੋ ਮੈਂਬਰ ਬਣੇ ਜਿਨ੍ਹਾਂ ਵਿੱਚ ਮਲਕੀਤ ਸਿੰਘ ਅਤੇ ਲਖਵਿੰਦਰ ਸਿੰਘ ਸਨ। ਇਸ ਮੌਕੇ ਸਰਪੰਚ ਕੁਲਵਿੰਦਰ ਕੌਰ ਅਤੇ ਉਨ੍ਹਾਂ ਦੇ ਪਤੀ ਬਲਜਿੰਦਰ ਸਿੰਘ ਨੇ ਆਪਣੇ ਪਿੰਡ ਦੇ ਸਮੂਹ ਨਗਰ ਨਿਵਾਸੀਆਂ ਸਮੇਤ ਵੋਟਰਾਂ ਸਪੋਟਰਾਂ ਤੇ ਸਮਰਥਕਾਂ ਦਾ ਧੰਨਵਾਦ ਕੀਤਾ। ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਸਰਪੰਚ ਨੂੰ ਸਨਮਾਨਿਤ ਕਰਨ ਨੂੰ ਉਪਰੰਤ ਕਿਹਾ ਕਿ ਹਲਕੇ ਦੇ ਵਿੱਚ ਹਰ ਤਰ੍ਹਾਂ ਦੇ ਵਿਕਾਸ ਕਰਵਾਏ ਜਾਣਗੇ। ਮਾਨ ਸਰਕਾਰ ਵੱਲੋਂ ਪਿੰਡਾਂ ਦੇ ਪੱਧਰ ਨੂੰ ਜੋ ਉੱਚਾ ਚੁੱਕਣ ਦੇ ਉਪਰਾਲੇ ਕੀਤੇ ਜਾ ਰਹੇ ਹਨ ਉਨ੍ਹਾਂ ਉਪਰਾਲਿਆਂ ਦੇ ਤਹਿਤ ਹਲਕਾ ਕਾਦੀਆਂ ਦੇ ਹਰੇਕ ਪਿੰਡ ਨੂੰ ਸ਼ਹਿਰੀ ਦਿੱਖ ਦਿੱਤੀ ਜਾਵੇਗੀ। ਇਸ ਮੌਕੇ ਉਹਨਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਸੁਰਿੰਦਰ ਸਿੰਘ, ਕਵਲਜੀਤ ਸਿੰਘ, ਤਰਲੋਕ ਸਿੰਘ, ਹਰਜਿੰਦਰ ਸਿੰਘ, ਅਵਤਾਰ ਸਿੰਘ, ਭੁਪਿੰਦਰ ਸਿੰਘ, ਹਰਭਜਨ ਸਿੰਘ, ਸਰਦੂਲ ਸਿੰਘ, ਸੂਬਾ ਸਿੰਘ, ਬਲਵਿੰਦਰ ਸਿੰਘ, ਸੁਖਦੇਵ ਸਿੰਘ, ਮਨਜੀਤ ਸਿੰਘ, ਦਲਜੀਤ ਸਿੰਘ, ਕਾਬਲ ਸਿੰਘ, ਸਿਕੰਦਰ ਸਿੰਘ ਅਤੇ ਸਿਮਰਜੀਤ ਸਿੰਘ ਆਦਿ ਹਾਜ਼ਰ ਸਨ।

# ਵਾਤਾਵਰਨ ਤੇ ਪਰਾਲੀ ਪ੍ਰਬੰਧਨ ਸੰਬੰਧੀ ਸੀ ਐੱਚ ਸੀ ਘਰਿਆਲਾ ਵਿਖੇ ਲੱਗਾ ਜਾਗਰੂਕਤਾ ਕੈਂਪ



**ਪੱਟੀ (ਸ਼ਮਸ਼ੇਰ ਸਿੰਘ ਯੋਧਾ)**-ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ ਦੇ ਦਿਸ਼ਾ ਨਿਰਦੇਸ਼ ਅਤੇ ਮੁੱਖ ਖੇਤੀਬਾੜੀ ਅਫਸਰ ਤਰਨ ਤਰਨ ਡਾ. ਹਰਪਾਲ ਸਿੰਘ ਪੰਨੂ ਦੀ ਦੇਖ ਰੇਖ ਹੇਠ ਸੂਚਨਾ, ਸਿੱਖਿਆ ਅਤੇ ਪ੍ਰਸਾਰ ਗਤੀਵਿਧੀਆਂ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਬਲਾਕ ਪੱਟੀ ਦੇ ਅਧਿਕਾਰੀਆਂ ਨੇ ਸਿਹਤ ਕੇਂਦਰ, ਘਰਿਆਲਾ ਵਿਖੇ ਜਾਗਰੂਕਤਾ ਕੈਂਪ ਲਗਾਇਆ। ਇਸ ਮੌਕੇ ਬਲਾਕ ਖੇਤੀਬਾੜੀ ਅਫਸਰ, ਪੱਟੀ ਡਾ. ਭੁਪਿੰਦਰ ਸਿੰਘ ਨੇ ਵਾਤਾਵਰਨ ਸਵੱਸਤਾ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਮਨੁੱਖੀ ਤੰਦਰੁਸਤੀ ਲਈ ਜਿਵੇਂ ਚੰਗੀ ਖੁਰਾਕ ਦੀ ਜ਼ਰੂਰਤ ਹੈ ਉਸੇ ਤਰ੍ਹਾਂ ਆਬੋ ਹਵਾ ਦਾ ਵੀ ਸਾਫ ਹੋਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਰਜਿੰਦਰ ਕੁਮਾਰ ਏਈਓ ਨੇ ਜਾਣਕਾਰੀ ਦਿੱਤੀ ਕਿ ਪਰਾਲੀ ਪ੍ਰਬੰਧਨ ਲਈ ਸਰਕਾਰ ਵੱਲੋਂ ਸਮੇਂ ਸਮੇਂ ਤੇ ਕਿਸਾਨਾਂ ਨੂੰ ਸਬਸਿਡੀ ਤੇ ਮਸੀਨਰੀ ਵੀ ਮੁਹੱਈਆ ਕਰਾਈ ਜਾ ਰਹੀ ਹੈ ਜਿਸ ਨੂੰ ਕਿਸਾਨ ਖੁਦ ਖਰੀਦ ਕੇ ਜਾਂ ਕਿਰਾਏ ਤੇ ਲਿਆ ਕੇ ਉਪਯੋਗ ਵਿੱਚ ਲਿਆ ਸਕਦੇ ਹਨ। ਇਸ ਦੌਰਾਨ ਸਟੇਜ ਸੰਚਾਲਨ ਦੀ ਭੂਮਿਕਾ ਪਰਮਜੀਤ ਸਿੰਘ ਬੀ ਈ ਈ ਨੇ ਨਿਭਾਈ। ਅਧਿਕਾਰੀਆਂ ਨੇ ਅਪੀਲ ਕਰਦਿਆਂ ਕਿਹਾ ਕਿ ਜਿੱਥੇ ਵੱਖ ਵੱਖ ਵਿਭਾਗ ਅਤੇ ਸਮਾਜ ਸੇਵੀ ਜਥੇਬੰਦੀਆਂ ਸੰਭਵ ਯਤਨ ਕਰ ਰਹੀਆਂ ਹਨ ਉੱਥੇ ਸਿਹਤ ਕਰਮੀ ਵੀ ਬਣਦਾ ਯੋਗਦਾਨ ਪਾਉਣ ਕਿਉਂਕਿ ਸਮਾਜ ਵਿੱਚ ਉਨਾਂ ਦਾ ਵਧੀਆ ਪ੍ਰਭਾਵ ਹੁੰਦਾ ਹੈ। ਸੈਸ਼ਨ ਦੌਰਾਨ ਫਾਰਮੇਸੀ ਅਫਸਰ ਨਵਕਰਨ ਸਿੰਘ, ਜੋਰਾਵਰ ਸਿੰਘ ਐੱਸ ਆਈ, ਹਰਜੀਤ ਸਿੰਘ, ਲਖਵਿੰਦਰ ਸਿੰਘ, ਰਣਜੀਤ ਕੌਰ, ਮਨਜਿੰਦਰ ਕੌਰ, ਸਲਵਿੰਦਰ ਕੌਰ, ਨਰਿੰਦਰ ਕੁਮਾਰ, ਅਮਨਦੀਪ ਕੌਰ, ਬਲਰਾਜ ਬਾਜਾ ਸਿੰਘ ਖੇਤੀ ਉਪ ਨਿਰੀਖਕ, ਫੀਲਡ ਵਰਕਰ ਦਿਲਬਾਗ ਸਿੰਘ ਅਤੇ ਆਸ਼ਾ ਵਰਕਰ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

# ਆਰ ਡੀ ਖੋਸਲਾ ਸਕੂਲ ਦੀ ਲੜਕੀਆਂ ਦੀ ਵਾਲੀਬਾਲ ਟੀਮ ਨੂੰ ਪਹਿਲਾ ਸਥਾਨ ਹਾਸਲ

**ਬਟਾਲਾ (ਤਰਲੋਕ ਬੱਗਾ)**-ਪੰਜਾਬ ਸਕੂਲ ਖੇਡਾਂ ਵਿੱਚ ਆਰ.ਡੀ ਖੋਸਲਾ ਡੀ.ਏ.ਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀ ਅੰਡਰ 14, 17 ਅਤੇ 19 ਵਾਲੀਬਾਲ ਟੀਮ ਨੇ ਜ਼ੋਨਲ ਪੱਧਰ 'ਤੇ ਪਹਿਲਾ ਸਥਾਨ ਹਾਸਲ ਕੀਤਾ।ਜ਼ਿਲ੍ਹਾ ਪੱਧਰੀ ਵਾਲੀਬਾਲ ਅੰਡਰ-14 ਲੜਕੀਆਂ ਦੀ ਟੀਮ ਪਹਿਲੇ ਅਤੇ ਅੰਡਰ-17 ਲੜਕੀਆਂ ਦੀ ਟੀਮ ਦੂਜੇ ਸਥਾਨ 'ਤੇ ਰਹੀ। ਇਨ੍ਹਾਂ ਵਿੱਚੋਂ 6 ਵਿਦਿਆਰਥਣਾਂ ਅਨਮੋਲਪ੍ਰੀਤ ਕੌਰ, ਪਵਨਦੀਪ ਕੌਰ, ਕੋਮਲਪ੍ਰੀਤ ਕੌਰ, ਜਸ਼ਨਦੀਪ ਕੌਰ, ਪ੍ਰੀਤੀ ਕੌਰ ਅਤੇ ਗੁਰਨੂਰ ਪ੍ਰੀਤ ਕੌਰ ਰਾਜ ਪੱਧਰੀ ਵਾਲੀਬਾਲ ਮੁਕਾਬਲੇ ਲਈ ਚੁਣੀਆਂ ਗਈਆਂ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ: ਬਿੰਦੂ ਭੱਲਾ ਨੇ ਜੇਤੂ ਵਿਦਿਆਰਥਣਾਂ, ਉਨ੍ਹਾਂ ਦੇ ਮਾਤਾ-ਪਿਤਾ ਅਤੇ ਕੋਚ ਮਨਜਿੰਦਰ ਸਿੰਘ ਨੂੰ ਹਾਰਦਿਕ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ। ਖੇਡਾਂ ਮਾਨਸਿਕ, ਸਰੀਰਕ ਅਤੇ ਸਮਾਜਿਕ ਵਿਕਾਸ ਲਈ ਮਹੱਤਵਪੂਰਨ ਹੁੰਦੀਆਂ ਹਨ, ਇਹ ਸਾਡੇ ਦਿਮਾਗ ਦੀ ਸਮਰੱਥਾ ਨੂੰ ਵਿਕਸਤ ਕਰਦੀਆਂ ਹਨ ਅਤੇ ਸਾਡੇ ਜੀਵਨ ਦੀ ਗੁਣਵੱਤਾ ਨੂੰ ਵਧਾਉਂਦੀਆਂ ਹਨ ਅਤੇ ਸਾਨੂੰ ਸਕਾਰਾਤਮਕ ਸੋਚਣ, ਸੰਘਰਸ਼ ਕਰਨ ਅਤੇ ਜਿੱਤਣ ਦੀ ਸਮਰੱਥਾ ਪ੍ਰਦਾਨ ਕਰਦੀਆਂ ਹਨ। ਇਸ ਲਈ ਸਾਨੂੰ ਖੇਡਾਂ ਵਿੱਚ ਉਤਸ਼ਾਹ ਨਾਲ ਹਿੱਸਾ ਲੈਣਾ ਚਾਹੀਦਾ ਹੈ॥

# ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਬਤ ਕੀਤਾ ਜਾਗਰੂਕ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਐੱਸਐੱਸਪੀ ਸੁਹੇਲ ਕਾਸਿਮ ਮੀਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੇਠ ਬਟਾਲਾ ਪੁਲਸ ਵਲੋਂ ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਵਿਰੁੱਧ ਵੱਖ-ਵੱਖ ਪੱਧਰ 'ਤੇ ਜਾਗਰੂਕਤਾ ਸੈਮੀਨਾਰ ਲਗਾਏ ਜਾ ਰਹੇ ਹਨ ਜਿਸ ਦੇ ਚਲਦਿਆਂ ਪੁਲਸ ਦੇ ਸ਼ਕਤੀ ਹੈਲਪਡੈਸਕ ਨੇ ਸਿੱਖ ਹੈਰੀਟੇਜ ਮਾਡਲ ਹਾਈ ਸਕੂਲ, ਹਰਚੋਵਾਲ ਵਿਖੇ ਵਿਦਿਆਰਥੀਆਂ ਨੂੰ ਘਰੇਲੂ ਹਿੰਸਾ, ਚੰਗੇ ਅਤੇ ਮਾੜੇ ਸਪਰਸ ਦੀ ਪਹਿਚਾਣ, ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਹੈਲਪਲਾਈਨ 112 ਨੰਬਰ ਦੀ ਵਰਤੋਂ ਬਾਰੇ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਇਆ। ਇਸ ਮੌਕ ਐੱਸ. ਪੀ. ਐੱਚ ਬਟਾਲਾ ਜਸਵੰਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਸ਼ਾ ਇਕ ਮਾਨਸਿਕ ਰੋਗ ਹੈ ਜੋ ਇਨਸਾਨ ਨੂੰ ਸਰੀਰਕ, ਮਾਨਸਿਕ ਤੇ ਆਰਥਿਕ ਤੌਰ ਤੇ ਕਮਜ਼ੋਰ ਕਰ ਦਿੰਦਾ ਹੈ, ਇਸ ਲਈ ਸਾਨੂੰ ਕਿਸੇ ਵੀ ਕਿਸਮ ਦਾ ਨਸ਼ਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨਾਂ ਦੱਸਿਆ ਕਿ ਜੇਕਰ ਕੋਈ ਵਿਅਕਤੀ ਕਿਸੇ ਕਾਰਨ ਨਸ਼ਿਆਂ ਦੀ ਦਲਦਲ ਵਿੱਚ ਫਸਦਾ ਹੈ ਤਾਂ ਇਸਦਾ ਇਲਾਜ ਵੀ ਸੰਭਵ ਹੈ ਤੇ ਉਸਦਾ ਇਹ ਇਲਾਜ ਸਰਕਾਰ ਵੱਲੋਂ ਨਸ਼ਾ ਛੁਡਾਊ ਕੇਂਦਰਾਂ, ਓਟ ਕਲੀਨਿਕਾਂ ਅਤੇ ਮੁੜ ਵਸੇਬਾ ਕੇਂਦਰਾਂ ਵਿੱਚ ਬਿਲਕੁਲ ਮੁਫਤ ਕੀਤਾ ਜਾ ਰਿਹਾ ।

# ਸੰਤ ਬਾਬਾ ਸੋਹਣ ਸਿੰਘ ਦੀ 39ਵੀਂ ਬਰਸੀ 'ਤੇ ਸਮਾਗਮ ਭਲਕੇ



**ਮਜੀਠਾ (ਸੋਇਮ ਆਨੰਦ)**-ਹਰ ਸਾਲ ਦੀ ਤਰਾਂ ਇਸ ਵਾਰ ਵੀ ਗੁਰਦੁਆਰਾ ਸੰਤ ਬਾਬਾ ਸੋਹਣ ਸਿੰਘ ਚੜ੍ਹ ਦੀ ਪੱਤੀ ਕਲੇਰ ਮਾਂਗਟ ਵਿਖੇ ਸੰਤ ਬਾਬਾ ਸੋਹਣ ਸਿੰਘ ਜੀ ਦੀ 39ਵੀਂ ਸਾਲਾਨਾ ਬਰਸੀ ਪਿੰਡ ਵਾਸੀਆਂ ਤੇ ਸਮੂਹ ਸੰਗਤਾਂ ਵਲੋ ਬੜੀ ਸ਼ਰਧਾ ਭਾਵਨਾ ਨਾਲ 16 ਨਵੰਬਰ ਸ਼ਨੀਵਾਰ ਨੂੰ ਮਨਾਈ ਜਾ ਰਹੀ ਹੈ।ਇਸ ਦੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਹਰਭਜਨ ਸਿੰਘ ਤੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮਰਜੀਤ ਸਿੰਘ ਕਲੇਰ ਨੇ ਦੱਸਿਆ ਕਿ ਗੁਰਦੁਆਰਾ ਸਹਿਬ ਵਿਖੇ ਪਿਛਲੇ ਦਿਨਾਂ ਤੋ ਲੜੀਵਾਰ ਰਖਾਏ ਗਏ ਸ਼੍ਰੀ ਅਖੰਡ ਪਾਠ ਸਹਿਬ ਦੇ ਭੋਗ ਪੈਣ ਉਪਰੰਤ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ, ਜਿਸ ਵਿੱਚ ਬਾਬਾ ਤਰਨਜੀਤ ਸਿੰਘ ਖਾਲਸਾ ਨਿੱਕੇ ਘੁੰਮਣਾ ਵਾਲੇ, ਭਾਈ ਸਰਵਣ ਸਿੰਘ ਖੁਜਾਲੇ ਵਾਲੇ, ਭਾਈ ਬਲਜਿੰਦਰ ਸਿੰਘ ਕਲੇਰ ਮਾਂਗਟ ਰਾਗੀ ਜਥਿਆਂ ਸਮੇਤ ਹੋਰ ਵੀ ਪੰਥ ਪ੍ਰਸਿੱਧ ਕੀਰਤਨੀ, ਕਵੀਸ਼ਰੀ ਜਥਿਆਂ ਤੇ ਕਥਾਵਾਚਕਾਂ ਵੱਲੋਂ ਗੁਰਬਾਣੀ ਜੱਸ ਗਾਇਨ ਕਰਕੇ ਸੰਗਤਾਂ ਨੂੰ ਸਹਿਬ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਵਿਚਾਰਧਾਰਾ ਨਾਲ ਜੋੜਨ ਦਾ ਯਤਨ ਕੀਤਾ ਜਾਵੇਗਾ।ਸਮਾਗਮ ਮੌਕੇ ਗੁਰੂ ਕੇ ਅਤੁੱਟ ਲੰਗਰ ਭੰਡਾਰੇ ਵੀ ਵਰਤਾਏ ਜਾਣਗੇ।ਇਸ ਮੌਕੇ ਗੁਰਦੁਆਰਾਂ ਸਹਿਬ ਦੇ ਗ੍ਰੰਥੀ ਸਿੰਘ ਬਾਬਾ ਹਰਵਿੰਦਰ ਸਿੰਘ ਵੀ ਮੌਜੂਦ ਸਨ।

# ਐੱਸ ਐੱਸ ਪੀ ਤਰਨ ਤਾਰਨ ਵੱਲੋਂ ਮੈਰਿਜ ਪੈਲੇਸਾਂ ਦੇ ਮਾਲਕਾਂ ਨਾਲ ਇਕੱਤਰਤਾ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਐੱਸਐੱਸਪੀ ਤਰਨ ਤਾਰਨ ਅਭਿਮੰਨਿਊ ਰਾਣਾ ਵੱਲੋਂ ਜ਼ਿਲ੍ਹਾ ਤਰਨ ਤਾਰਨ ਦੇ ਵੱਖ-ਵੱਖ ਮੈਰਿਜ ਪੈਲੇਸਾਂ ਅਤੇ ਹੋਟਲਾਂ ਦੇ ਮਾਲਕਾ ਅਤੇ ਮੈਨੇਜਰਾਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ।

ਇਸ ਮੀਟਿੰਗ ਵਿੱਚ ਪਰਵਿੰਦਰ ਕੌਰ ਐੱਸਪੀ ਹੈੱਡਕੁਆਟਰ ਤਰਨ ਤਾਰਨ ਅਤੇ ਜ਼ਿਲ੍ਹਾ ਤਰਨ ਤਾਰਨ ਅਧੀਨ ਆਉਂਦੇ ਹਰੇਕ ਮੈਰਿਜ ਪੈਲੇਸ ਦੇ ਮਾਲਕ ਮੌਜੂਦ ਰਹੇ।ਇਹ ਮੀਟਿੰਗ ਐੱਸਐੱਸਪੀ ਦਫਤਰ ਤਰਨ ਤਾਰਨ ਵਿਖੇ ਰੱਖੀ ਗਈ ਸੀ।ਉਨ੍ਹਾਂ ਮੈਰਿਜ ਪੈਲੇਸ ਦੇ ਮਾਲਕਾਂ ਨੂੰ ਸਖਤ ਹਦਾਇਤ ਕੀਤੀ ਕਿ ਉਹ ਜਦ ਵੀ ਕੋਈ ਬੁਕਿੰਗ ਕਰਦੇ ਹਨ ਤਾਂ ਉਹ ਮੈਰਿਜ ਪੈਲੇਸ ਬੁੱਕ ਕਰਵਾਉਣ ਵਾਲੇ ਵਿਅਕਤੀ ਨੂੰ ਸਖਤ ਹਦਾਇਤ ਕਰੇਗਾ ਕਿ ਉਹ ਜਾਂ ਉਨ੍ਹਾਂ ਦਾ ਕੋਈ ਵੀ ਰਿਸ਼ਤੇਦਾਰ ਪੈਲੇਸ ਵਿੱਚ ਹਥਿਆਰ ਨਹੀਂ ਲੈ ਕੇ ਆਵੇਗਾ ਪਰ ਫਿਰ ਵੀ ਜੇਕਰ ਕੋਈ ਵਿਅਕਤੀ ਪੈਲੇਸ ਵਿੱਚ ਹਥਿਆਰ ਲੈ ਕੇ ਆ ਜਾਂਦਾ ਹੈ ਤਾਂ ਪੈਲਸ ਮਾਲਕ ਉਸਦਾ ਹਥਿਆਰ ਆਪਣੇ ਕੋਲ ਜਮਾ ਕਰੇਗਾ ਅਤੇ ਜੇਕਰ ਕੋਈ ਵਿਅਕਤੀ ਆਪਣਾ ਹਥਿਆਰ ਦੇਣ ਤੋਂ ਮਨ੍ਹਾ ਕਰਦਾ ਹੈ ਤਾਂ ਪੈਲੈਸ ਮਾਲਕ ਤਰੁੰਤ ਸਬੰਧਤ ਥਾਣੇ ਨੂੰ ਫੋਨ ਕਰਕੇ ਇਤਲਾਹ ਦੇਣ ਦਾ ਜ਼ਿੰਮੇਵਾਰ ਹੋਵੇਗਾ। ਇਸਦੇ ਨਾਲ ਹੀ ਜੋ ਵਿਅਕਤੀ ਆਪਣੇ ਵਿਆਹ ਸਮਾਗਮ ਲਈ ਪੈਲਸ ਦੀ ਬੁਕਿੰਗ ਕਰਵਾਉਦਾ ਹੈ ਤਾਂ ਉਹ ਆਪਣੀ ਰਿਸ਼ਤੇਦਾਰੀ ਵਿੱਚ ਪਹਿਲਾਂ ਤੋਂ ਹੀ ਇਤਲਾਹ ਦੇਵੇਗਾ ਕਿ ਉਸਦਾ ਕੋਈ ਵੀ ਰਿਸ਼ਤੇਦਾਰ ਪੈਲਸ ਵਿੱਚ ਅਸਲਾ ਲੈ ਕੇ ਨਹੀਂ ਆਵੇਗਾ, ਜੇਕਰ ਬੁਕਿੰਗ ਧਾਰਕ ਨੂੰ ਪਤਾ ਲਗਦਾ ਹੈ ਕਿ ਉਸਦੇ ਕਿਸੇ ਰਿਸ਼ਤੇਦਾਰ ਕੋਲ ਅਸਲਾ ਹੈ ਤਾਂ ਉਹ ਤਰੰਤ ਪੈਲਸ ਮਾਲਕ ਜਾਂ ਪੁਲਿਸ ਨੂੰ ਇਤਲਾਹ ਦੇਣ ਦਾ ਜ਼ਿੰਮੇਵਾਰ ਹੋਵੇਗਾ। ਇਸ ਦੌਰਾਨ ਤਰਨ ਤਾਰਨ ਪੁਲਿਸ ਵੱਲੋਂ ਡੀ ਜੇ ਵਾਲਿਆਂ ਨੂੰ ਵੀ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਜਿਸ ਵੀ ਪ੍ਰੋਗਰਾਮ ਤੇ ਆਪਣਾ ਡੀ ਜੇ ਲਗਾਉਂਦਾ ਹੈ ਤਾਂ ਉਹ ਆਪਣੇ ਆਸ-ਪਾਸ ਨਿਗਾ ਰੱਖੇਗਾ ਕਿ ਕਿਸੇ ਵਿਅਕਤੀ ਨੇ ਅਪਾਣੀ ਡੱਬ ਵਿੱਚ ਹਥਿਆਰ ਤਾਂ ਨਹੀਂ ਲੈ ਕੇ ਆਇਆ ਜੇਕਰ ਕੁੱਝ ਅਜਿਹਾ ਹੈ ਤਾਂ ਡੀ ਜੇ ਮਾਲਕ ਤਰੁੰਤ ਡੀ ਜੇ ਬੰਦ ਕਰਕੇ ਪੈਲੇਸ ਮਾਲਕ ਜਾਂ ਮੈਨੇਜਰ ਨੂੰ ਇਤਲਾਹ ਦੇਣ ਦਾ ਜ਼ਿੰਮੇਵਾਰ ਹੋਵੇਗਾ। ਇਸ ਮੌਕੇ ਐਸ ਐਸ ਪੀ ਸਾਹਿਬ ਤਰਨ ਤਾਰਨ ਵੱਲੋਂ ਜਿਲਾ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਕੋਈ ਵੀ ਵਿਅਕਤੀ ਕਿਸੇ ਵਿਆਹ ਸਮਾਗਮ ਜਾਂ ਕਿਸੇ ਹੋਰ ਪ੍ਰੋਗਰਾਮ ਤੇ ਆਪਣਾ ਅਸਲਾ ਨਾਲ ਲੈ ਕੇ ਨਾ ਆਉਣ ਅਤੇ ਇਸ ਮੁਹਿੰਮ ਵਿੱਚ ਪੰਜਾਬ ਪੁਲਿਸ ਦਾ ਸਹਿਯੋਗ ਦੇਣ।

# 26 ਦੇ ਧਾਰਮਕ ਸਮਾਗਮ ਸੰਬੰਧੀ ਸ੍ਰੀ ਗੁਰੂ ਰਵਿਦਾਸ ਸਭਾ ਧਾਰੀਵਾਲ ਦੀ ਅਹਿਮ ਮੀਟਿੰਗ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸ੍ਰੀ ਗੁਰੂ ਰਵਿਦਾਸ ਸਭਾ ਧਾਰੀਵਾਲ ਰਜਿ. 202 ਦੀ ਅਹਿਮ ਮੀਟਿੰਗ ਸਭਾ ਦੇ ਪ੍ਰਧਾਨ ਪ੍ਰਕਾਸ਼ ਚੰਦ ਅਤੇ ਸਕੱਤਰ ਬਲਕਾਰ ਸਿੰਘ ਦੀ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਧਾਰੀਵਾਲ ਵਿਖੇ ਹੋਈ। ਮੀਟਿੰਗ ਦੌਰਾਨ ਸਭਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ 26 ਨਵੰਬਰ ਦਿਨ ਮੰਗਲਵਾਰ ਨੂੰ ਕਰਵਾਏ ਜਾਣ ਵਾਲੇ ਧਾਰਮਿਕ ਸਮਾਗਮ ਦੀਆਂ ਤਿਆਰੀਆਂ ਸੰਬੰਧੀ ਵਿਚਾਰ ਚਰਚਾ ਕੀਤੀ ਅਤੇ ਕੱਲ 14 ਨਵੰਬਰ ਨੂੰ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਦੇ ਸਬੰਧੀ ਵਿੱਚ ਬੇਬੇ ਨਾਨਕੀ ਜੀ ਗੁਰਦੁਆਰਾ ਸਾਹਿਬ ਧਾਰੀਵਾਲ ਤੋਂ ਕੱਢੇ ਜਾ ਰਹੇ ਵਿਸ਼ਾਲ ਨਗਰ ਕੀਰਤਨ ਦਾ ਜੀਟੀ ਰੋਡ ਉਪਰ ਪਿੰਡ ਰਣੀਆਂ ਦੇ ਗੁਰਦੁਆਰਾ ਸਾਹਿਬ ਵਿਖੇ ਪਹੁੰਚਣ 'ਤੇ ਸਭਾ ਵਲੋਂ ਨਿੱਘਾ ਸਵਾਗਤ ਕਰਨ ਅਤੇ ਪੰਜ ਪਿਆਰਿਆਂ ਨੂੰ ਸਨਮਾਨਿਤ ਕਰਨ ਦਾ ਫੈਸਲਾ ਲਿਆ। ਸਭਾ ਦੇ ਪ੍ਰਧਾਨ ਪ੍ਰਕਾਸ਼ ਚੰਦ ਅਤੇ ਸਕੱਤਰ ਬਲਕਾਰ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਧਾਰੀਵਾਲ ਵਿਖੇ 26 ਨਵੰਬਰ ਨੂੰ ਧਾਰਮਿਕ ਸਮਾਗਮ ਦੌਰਾਨ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਮਹਾਰਾਜ ਸ੍ਰੀ ਸ੍ਰੀ 108 ਸੁਆਮੀ ਗੁਰਦੀਪ ਗਿਰੀ ਜੀ ਪਠਾਨਕੋਟ ਵਾਲੇ ਸ੍ਰੀ ਗੁਰੂ ਰਵਿਦਾਸ ਜੀ ਦੀ ਇਲਾਹੀ ਬਾਣੀ, ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਇਸ ਮੀਟਿੰਗ ਵਿੱਚ ਸਭਾ ਦੇ ਪ੍ਰਧਾਨ ਪ੍ਰਕਾਸ਼ ਚੰਦ, ਵਾਈਸ ਪ੍ਰਧਾਨ ਗੁਰਿੰਦਰਪਾਲ ਸਿੰਘ, ਜਨਰਲ ਸਕੱਤਰ ਬਲਕਾਰ ਸਿੰਘ, ਵਾਈਸ ਜਨਰਲ ਸਕੱਤਰ ਬਚਨ ਲਾਲ, ਪ੍ਰੈੱਸ ਸਕੱਤਰ ਹਰਭਜਨ ਸਿੰਘ, ਕੈਸ਼ੀਅਰ ਅਜੈ ਕੁਮਾਰ ਸੋਨੂੰ, ਦੁਰਗਾ ਦਾਸ, ਦਰਸ਼ਨ ਲਾਲ, ਸੁਰਿੰਦਰਪਾਲ ਫੌਜੀ, ਕਰਤਾਰ ਚੰਦ ਜੇਈ, ਬਲਕਾਰ ਸਿੰਘ ਬੀਐੱਸਐੱਨਐੱਲ, ਬੂਆ ਦਾਸ, ਰਿੰਕੂ ਧਾਰੀਵਾਲ, ਗੁਰਮੀਤ ਕੌਰ, ਸੋਨੀਆ, ਅਕਵਿੰਦਰ ਕੌਰ, ਰਾਣੋ, ਆਸ਼ਾ ਰਾਣੀ, ਸੰਤੋਸ਼ ਰਾਣੀ ਆਦਿ ਸਭਾ ਦੇ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

# ਚਾਰ ਰੋਜ਼ਾ ਫੁੱਟਬਾਲ ਕੱਪ ਸ਼ਾਨੋ-ਸ਼ੌਕਤ ਨਾਲ ਹੋਇਆ ਸ਼ੁਰੂ



**ਫੁੱਟਬਾਲ ਕੱਪ ਦਾ ਉਦਘਾਟਨ ਕਰਨ ਮੌਕੇ ਯਸਪਾਲ ਗੁਪਤਾ, ਬੂਟਾ ਸਿੰਘ ਕਲਸੀ, ਬਲਕਾਰ ਸਿੰਘ ਚੱਠਾ ਤੇ ਹੋਰ**

**ਸ਼ਾਹਕੋਟ(ਗਿਆਨ ਸੈਦਪੁਰੀ)** ਆਜ਼ਾਦ ਸਪੋਰਟਸ ਕਲੱਬ ਸ਼ਾਹਕੋਟ(ਰਜਿ.) ਵੱਲੋਂ ਕਰਵਾਇਆ ਜਾਣ ਵਾਲਾ ਫੁੱਟਬਾਲ ਕੱਪ ਵੀਰਵਾਰ ਨੂੰ ਸ਼ੁਰੂ ਹੋ ਗਿਆ, ਜੋ17 ਨਵੰਬਰ ਤੱਕ ਚੱਲੇਗਾ। ਫੁੱਟਬਾਲ ਕੱਪ ਦਾ ਉਦਘਾਟਨ ਮਾਰਕਿਟ ਕਮੇਟੀ ਸ਼ਾਹਕੋਟ ਦੇ ਸਾਬਕਾ ਵਾਇਸ ਚੇਅਰਮੈਨ ਯਸਪਾਲ ਗੁਪਤਾ ਨੇ ਕੀਤਾ ਤੇ ਟੀਮਾਂ ਨਾਲ ਜਾਣ ਪਛਾਣ ਵੀ ਕੀਤੀ। ਇਸ ਮੌਕੇ ਕਲੱਬ ਦੇ ਪ੍ਰਧਾਨ ਬੂਟਾ ਸਿੰਘ ਕਲਸੀ, ਸਰਪ੍ਰਸਤ ਬਲਕਾਰ ਸਿੰਘ ਚੱਠਾ, ਬਖਸੀਸ ਸਿੰਘ ਝੀਤਾ, ਮੰਗਤ ਰਾਜ ਏਐਸਆਈ ਮੌਜੂਦ ਸਨ। ਫੁੱਟਬਾਲ ਕੱਪ ਦਾ ਪਹਿਲਾ ਮੈਚ ਹੈਸਨਾਬਾਦ ਅਤੇ ਬਾਠ ਕਲਾਂ ਦੀਆਂ ਟੀਮਾਂ ਵਿਚਕਾਰ ਹੋਇਆ। ਇਸ ਮੈਚ ਵਿੱਚ ਹੈਸਨਾਬਾਦ ਦੀ ਟੀਮ ਜੇਤੂ ਰਹੀ। ਦੂਸਰੇ ਮੈਚ ਵਿੱਚ ਢੋਲਣ ਦੀ ਟੀਮ ਨੂੰ ਬੋਪਾਰਾਏ ਦੀ ਟੀਮ ਨੇ ਹਰਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਲਜ਼ਾਰ ਸਿੰਘ ਥਿੰਦ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ, ਹਰਦੇਵ ਸਿੰਘ ਪੀਟਾ ਸਾਬਕਾ ਐਮਸੀ, ਮਦਨ ਲਾਲ ਅਰੋੜਾ ਸਮਾਜ ਸੇਵਕ, ਪਵਨ ਅੱਗਰਵਾਲ ਸਾਬਕਾ ਐਮਸੀ, ਮਾਸਟਰ ਜਤਿੰਦਰਪਾਲ ਸਿੰਘ ਬੱਲ੍ਹਾ, ਡਾ. ਵਿਲੀਅਮ ਜੌਨ, ਡਾ. ਸੁਰਿੰਦਰ ਸਿੰਘ ਭੱਟੀ, ਤਰਲੋਕ ਸਿੰਘ ਰੂਪਰਾ ਪ੍ਰਧਾਨ ਰਾਮਗੜ੍ਹੀਆ ਪਬਲਿਕ ਸਕੂਲ, ਸਵਰਨ ਸਿੰਘ ਝੀਤਾ, ਸੇਵਾ ਸਿੰਘ ਝੀਤਾ, ਸਵਰਾਜ ਸਿੰਘ, ਆਸ਼ੂ ਗੁਪਤਾ, ਮਾਸਟਰ ਸੁਰਿੰਦਰ ਵਿੱਗ, ਦਰਸਨ ਸਿੰਘ ਕੰਨੀਆਂ, ਧਰਮਿੰਦਰ ਸਿੰਘ(ਮੀਤ ਭੰਗੜਾ ਗਰੁੱਪ), ਬਲਦੇਵ ਸਿੰਘ ਝੀਤਾ ਆਦਿ ਮੌਜੂਦ ਸਨ। ਸਟੇਜ ਸਕੱਤਰ ਦੇ ਫਰਜ਼ ਮਾਸਟਰ ਵਿਜੈ ਕੁਮਾਰ ਵਿੱਗ ਨੇ ਬਾਖੂਬੀ ਨਿਭਾਏ।




15-Nov-PAGE-4.qxd 11/14/2024 11:28 PM Page 1



# ਸਾਡਾ ਵੀ ਬਾਬਾ ਨਾਨਕ

ਬਾਬੇ ਨਾਨਕ ਨੇ ਅੱਜ ਤੋਂ ਕੋਈ ਪੰਜ ਸੌ ਪਚਵੰਜਾ (555) ਸਾਲ ਪਹਿਲਾਂ ਨਵੰਬਰ ਚੌਦਾਂ ਸੌ ਉਨੱਤਰ (1469) ਨੂੰ ਇੱਕ ਅਮੀਰ ਘਰ ਅਤੇ ਅਮੀਰ ਬਾਪ ਦੇ ਘਰ ਜਨਮ ਲਿਆ, ਜਿਸ ਨੇ ਜੁਆਨੀ ਦੀ ਉਮਰੇ ਹੀ ਗਰੀਬਾਂ ਵਾਸਤੇ ਸੋਚਣਾ ਸ਼ੁਰੂ ਕਰ ਦਿੱਤਾ। ਬਾਪ ਵੱਲੋਂ ਕਈ ਭਾਸ਼ਾਵਾਂ ਵਿੱਚ ਵਿਦਿਆ ਦੁਆਈ ਗਈ। ਵਿੱਦਿਆ ਵੱਖ-ਵੱਖ ਸਮੇਂ ਵੱਖ-ਵੱਖ ਭਾਸ਼ਾਵਾਂ ਦੀ ਪਿਤਾ ਵੱਲੋਂ ਨਿਯੁਕਤ ਕੀਤੇ ਅਧਿਆਪਕ ਗੁਰੂਆਂ ਤੋਂ ਲਈ। ਬਾਬੇ ਨੇ ਉਸ ਵਿਦਿਆ ਰਾਹੀਂ ਆਪਣੇ ਗਿਆਨ ਨੂੰ ਤਰਕ ਦੀ ਸਾਣ 'ਤੇ ਲਾ ਕੇ ਤੇਜ਼ ਕੀਤਾ, ਜਿਸ ਤਰਕ-ਗਿਆਨ ਨੂੰ ਬਾਬੇ ਨੇ

ਐਡਵੋਕੇਟ ਗੁਰਮੀਤ ਸ਼ੁਗਲੀ

ਆਪਣੀਆਂ ਚਾਰ ਉਦਾਸੀਆਂ ਸਮੇਂ ਬਹੁਤ ਹੀ ਸਰਲ ਭਾਸ਼ਾ ਵਿੱਚ ਮਿਲੇ ਮੌਕਿਆਂ 'ਤੇ ਪ੍ਰਚਾਰਿਆ। ਜਿਸ ਰਾਹੀਂ ਬਾਬੇ ਨੇ ਉਸ ਵੇਲੇ ਦੇ ਪੰਡਤਾਂ-ਮੌਲਵੀਆਂ-ਸਿੱਧਾਂ ਅਤੇ ਹੋਰ ਭਰਮ ਫੈਲਾਉਣ ਵਾਲੇ ਪ੍ਰਚਾਰਕਾਂ ਨੂੰ ਸਹੀ ਗਿਆਨ ਵੰਡਿਆ, ਜਿਸ ਦੇ ਸਦਕਾ ਅੱਜ ਤਰਕ ਅਧਾਰਤ ਸਿੱਖ ਬਣ ਕੇ ਬਾਬੇ ਦੇ ਅਸਲੀ ਅਨੁਯਾਈ ਬਣੇ ਹੋਏ ਹਨ।

ਤਰਕ ਦਾ ਦੂਜਾ ਪਾਸਾ ਅੰਧ-ਭਗਤੀ ਦੇਖੋ ਕਿ ਅੱਜ ਸਭ ਬਾਬੇ ਨਾਨਕ ਨੂੰ 'ਗੁਰੂ ਜੀ' ਕਹਿ ਕੇ ਬੁਲਾਉਂਦੇ ਅਤੇ ਮੱਥੇ ਟੇਕ ਕੇ ਪੂਜਦੇ ਹਨ, ਜਦ ਕਿ ਅਸੀਂ ਗੁਰੂ ਦੀ ਉਪਾਧੀ ਉਸ ਨੂੰ ਦਿੰਦੇ ਹਾਂ, ਜਿਸ ਨੇ ਤੋਂ ਅਸੀਂ ਉਸ ਦੀ ਸੰਗਤ 'ਚ ਰਹਿ ਕੇ ਕੁਝ ਸਿੱਖਿਆ ਲਈ ਹੋਵੇ ਅਤੇ ਉਸ ਨੇ ਸਿਖਾਇਆ ਹੋਵੇ। ਜਿਹੜੇ ਇਸ ਪ੍ਰੀਭਾਸ਼ਾ ਤੋਂ ਕੋਹਾਂ ਦੂਰ ਹਨ, ਉਹ ਜ਼ਿਆਦਾ 'ਗੁਰੂ ਜੀ-ਗੁਰੂ ਜੀ' ਦਾ ਉਚਾਰਣ ਕਰ ਰਹੇ ਹਨ। ਅਜਿਹੇ ਲੋਕ ਬੇ-ਤਰਕੇ ਅਤੇ ਬੇਦਲੀਲੇ ਹੁੰਦੇ ਹਨ। ਅਜਿਹੇ ਲੋਕ ਉਧਰ ਨੂੰ ਵਧ ਰਹੇ ਹਨ, ਜਿਧਰੋਂ ਕਦੇ ਬਾਬੇ ਨਾਨਕ ਨੇ ਮੋੜਿਆ ਸੀ। ਅੱਜ ਬਾਬੇ ਨਾਨਕ ਦੇ ਨਾਮ ਲੇਵੇ ਲਕੀਰ ਦੇ ਫਕੀਰ ਬਣੇ ਹੋਏ ਹਨ। ਅੱਜ ਦੇ ਸਿੱਖ, ਜੋ ਮੋਹਰੀ ਰੋਲ ਅਦਾ ਕਰ ਰਹੇ ਹਨ, ਅਸਲ 'ਚ ਉਹ ਨਾਨਕ ਸੁਨੇਹੇ ਤੋਂ ਕੋਹਾਂ ਦੂਰ ਹਨ। ਇਸ ਕਰਕੇ ਉਹ ਗੁਰਦਵਾਰਿਆਂ ਅਤੇ ਹੋਰ ਧਾਰਮਕ ਅਸਥਾਨਾ 'ਤੇ ਲੱਗੀਆਂ ਅਖੌਤੀ ਮਹਾਂਪੁਰਖਾਂ ਦੀਆਂ ਤਸਵੀਰਾਂ ਅੱਗੇ ਵੀ ਉਵੇਂ ਹੀ ਸਿਜਦਾ ਕਰਦੇ ਹਨ, ਜਿਵੇਂ ਪੰਜਵੇਂ ਗੁਰੂ ਦੁਆਰਾ ਸੰਪਾਦਿਤ ਬਾਣੀ ਨੂੰ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਬਾਣੀ ਦੀ ਰੂਹ ਕੀ ਕਹਿੰਦੀ ਹੈ, ਇਸ ਬਾਬਤ ਉਹ ਸਭ ਬੇ-ਫਿਕਰੇ ਹੋਏ ਫਿਰਦੇ ਹਨ। ਬਾਬੇ ਨਾਨਕ ਦੀ ਅਸਲ ਸਿਖਿਆ ਤੋਂ ਕੁਝ ਸਿਖਣਾ ਹੋਵੇ, ਤਾਂ ਜੋ ਉਨ੍ਹਾ ਆਪਣੀਆਂ ਚਾਰ ਪੈਦਲ ਉਦਾਸੀਆਂ ਤੋਂ ਸਿੱਖਿਆ ਹੈ, ਤਾਂ ਸਾਨੂੰ ਅਸਲ 'ਚ ਸਿਖਣ ਲਈ ਕਈ ਜਨਮ ਲੈਣੇ ਹੋਣਗੇ। ਇਕ ਸਿਖਾਂਦਰੂ ਲਈ ਸਿਖਣ ਲਈ ਚਾਰ ਉਦਾਸੀਆਂ ਦਾ ਫਲਸਫਾ ਪੱਲੇ ਬੰਨ੍ਹਣਾ ਕਾਫ਼ੀ ਹੋਵੇਗਾ। ਸਾਖੀਆਂ ਬਾਰੇ ਜਾਨਣ ਲਈ ਤੁਹਾਨੂੰ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਬਾਬੇ ਨੇ ਹਰ ਉਦਾਸੀ ਸਮੇਂ ਗਿਆਨਵਾਨ ਲੋਕਾਂ ਦਾ ਸਾਥ ਮਾਣਿਆਂ, ਜਿਨ੍ਹਾਂ ਵਿੱਚ ਮਰਦਾਨਾ ਜੀ, ਬਾਲਾ ਜੀ ਅਤੇ ਹੋਰ ਵੱਖ-ਵੱਖ ਸ਼ਖਸੀਅਤਾਂ ਵੱਖ-ਵੱਖ ਸਮੇਂ ਨਾਲ ਰਹੀਆਂ, ਜੋ ਪੜ੍ਹੇ-ਲਿਖੇ ਹੋਣ ਕਰਕੇ ਹਰ ਬੀਤੀ ਤੇ ਕੀਤੀ ਚੰਗੀ ਗੱਲਬਾਤ ਨੋਟ ਕਰਦੇ ਰਹਿੰਦੇ ਸਨ।



ਪੰਡਤ ਦਾ ਪਾਰ ਉਤਾਰਾ: ਇੱਕ ਵਾਰ ਸਾਡਾ ਬਾਬਾ ਭਾਵ ਨਾਨਕ ਦਾ ਕਿਸੇ ਪੰਡਤ ਨਾਲ ਅਜਿਹਾ ਸਾਹਮਣਾ ਹੋਇਆ ਕਿ ਜਦ ਉਹ ਆਪਣੀ ਯਾਤਰਾ 'ਤੇ ਸਨ ਤਾਂ ਉਨ੍ਹਾ ਦੇਖਿਆ ਕਿ ਪੰਡਤ ਜੀ ਆਪਣੀ ਪੰਡਤਾਂ ਵਾਲੀ ਪੂਰੀ ਮੇਕ-ਅੱਪ ਵਿੱਚ ਸੀ। ਉਹ ਸੂਰਜ ਵੱਲ ਪਾਣੀ ਦੇ ਛਿੱਟੇ ਮਾਰ ਰਿਹਾ ਸੀ। ਬਾਬਾ ਜੀ ਚੁੱਪ-ਚਾਪ ਦੇਖਦੇ ਰਹੇ, ਫਿਰ ਉਨ੍ਹਾ ਸਮਝਣ ਅਤੇ ਸਮਝਾਉਣ ਦੇ ਇਰਾਦੇ ਨਾਲ ਕੋਲ ਖੜੇ ਪਾਣੀ ਵਿੱਚੋਂ ਇਕ ਪਾਸੇ ਨੂੰ ਪਾਣੀ ਝਟਣਾ ਸ਼ੁਰੂ ਕਰ ਦਿੱਤਾ। ਜਦ ਬ੍ਰਾਹਮਣ ਆਪਣੇ ਰੁਝੇਵੇਂ ਤੋਂ ਵਿਹਲਾ ਹੋਇਆ ਤਾਂ ਪੁੱਛਿਆ ਇਹ ਕੀ ਹੋ ਰਿਹਾ? ਬਾਬੇ ਪੁੱਛਿਆ ਜੀ ਤੁਸੀਂ ਕੀ ਕਰ ਰਹੇ ਸੀ ਤਾਂ ਪੰਡਤ ਆਖਿਆ ਮੈਂ ਤਾਂ ਸੂਰਜ ਨੂੰ ਅਰਗ/ਪਾਣੀ ਦੇ ਰਿਹਾ ਸੀ। ਬਾਬੇ ਨੇ ਝੱਟ ਆਖਿਆ ਦਰਅਸਲ ਪੰਡਤ ਜੀ ਮੈਂ ਆਪਣੇ ਪਿੰਡ ਛੇਤੀ ਮੁੜ ਨਹੀਂ ਸਕਾਂਗਾ, ਇਸ ਕਰਕੇ ਮੈਂ ਆਪਣੀ ਪੈਲੀ ਨੂੰ ਪਾਣੀ ਦੇ ਰਿਹਾ ਸੀ। ਇਸ 'ਤੇ ਬ੍ਰਾਹਮਣ ਨੇ ਝੱਟ ਆਖਿਆ-ਮੂਰਖ ਲੋਕ ਤੇਰਾ ਪਾਣੀ ਪੰਜ-ਛੇ ਸੌ ਕਿਲੋਮੀਟਰ ਦੂਰ ਕਿਵੇਂ ਪਹੁੰਚੇਗਾ ਤਾਂ ਬਾਬੇ ਨੇ ਝੱਟ ਆਖਿਆ-ਪੰਡਤ ਜੀ ਅਗਰ ਤੁਹਾਡੀਆਂ ਛਿੱਟਾਂ ਹਜ਼ਾਰਾਂ ਮੀਲ ਪਹੁੰਚ ਸਕਦੀਆਂ ਹਨ ਤਾਂ ਮੇਰਾ ਪਾਣੀ ਦਾ ਪੰਜ-ਛੇ ਸੌ ਮੀਲ 'ਤੇ ਕਿਉਂ ਨਹੀਂ ਪਹੁੰਚੇਗਾ? ਇਹ ਸੁਣ ਕੇ ਪੰਡਤ ਲਾ-ਜਵਾਬ ਹੋ ਕੇ ਨਮਸਕਾਰ ਦੀ ਮੁੰਦਰਾ 'ਚ ਬਾਬੇ ਨਾਨਕ ਵੱਲ ਝੁਕਿਆ। ਬਾਬੇ ਦੇ ਇਸ ਤਰਕ ਨੇ ਪੰਡਤ ਦੇ ਦਿਮਾਗ ਦੀ ਸਫ਼ਾਈ ਕਰ ਦਿੱਤੀ। ਬਾਬੇ ਦੀ ਇਹ ਕਰਾਮਾਤ ਨਹੀਂ ਸੀ, ਪਰ ਇਹ ਕਿਸੇ ਕਰਾਮਾਤ ਤੋਂ ਘੱਟ ਵੀ ਨਹੀਂ ਸੀ।

ਜਦ ਬਾਬੇ ਮੱਕਾ ਘੁਮਾਇਆ : ਅਗਲੀ ਘਟਨਾ, ਜੋ ਉਹ ਵੀ ਬਾਬੇ ਦੀ ਇੱਕ ਉਦਾਸੀ ਨਾਲ ਸੰਬੰਧਤ ਹੈ, ਆਪਣੀ ਇਕ ਉਦਾਸੀ ਸਮੇਂ ਬਾਬਾ ਜੀ ਆਪਣੇ ਠਹਿਰਾਓ ਸਮੇਂ ਕੁਝ ਸਮਾਂ ਮੱਕੇ ਠਹਿਰੇ। ਠਹਿਰਾਓ ਦੇ ਦੌਰਾਨ ਮੱਕੇ ਦੇ ਰੁਕਨਦੀਨ ਮੌਲਵੀ ਦੇ ਬਚਨ/ਪ੍ਰਵਚਨ ਸੁਣੇ। ਜਿਨ੍ਹਾਂ ਵਿੱਚ ਮੌਲਵੀ ਰੁਕਨਦੀਨ ਨੇ ਸਭ ਨੂੰ ਸਮਝਾਇਆ ਕਿ ਅੱਲਾ ਸਭ ਜਗ੍ਹਾ ਹਰ ਸਮੇਂ ਬਿਰਾਜਮਾਨ ਰਹਿੰਦਾ ਹੈ। ਉਹ ਪੂਰਬ ਤੋਂ ਲੈ ਕੇ ਪੱਛਮ ਤੱਕ ਉੱਤਰ ਤੋਂ ਲੈ ਕੇ ਦੱਖਣ ਤੱਕ ਸਭ ਜਗ੍ਹਾ ਭਾਵ ਜ਼ਰੇ-ਜ਼ਰੇ ਵਿੱਚ ਹੈ। ਇਹ ਦੇਖਣ ਅਤੇ ਸਮਝਣ ਸਮਝਾਉਣ ਲਈ ਰਾਤ ਨੂੰ ਸੌਣ ਸਮੇਂ ਬਾਬੇ ਨੇ ਆਪਣੇ ਪੈਰ ਮੱਕੇ ਦੀ ਦਿਸ਼ਾ ਵੱਲ ਕਰ ਲਏ। ਜਦ ਇਸ ਬਾਬਤ ਮੌਲਵੀ ਨੂੰ ਪਤਾ ਲਗਾ ਤਾਂ ਉਸ ਨੇ ਗੁੱਸੇ ਵਿੱਚ ਠੁੱਠ ਮਾਰ ਕੇ ਉੱਚੀ ਅਵਾਜ਼ 'ਚ ਬਾਬੇ ਨੂੰ ਆਖਿਆ-ਕਾਫ਼ਰਾ ਪੈਰ ਕਿਧਰ ਕੀਤੇ ਹੋਏ ਹਨ? ਤੈਨੂੰ ਇਹ ਵੀ ਨਹੀਂ ਪਤਾ ਕਿ ਜਿਧਰ ਤੇਰੇ ਪੈਰ ਹਨ, ਉਧਰ ਸਾਡਾ ਮੱਕਾ, ਭਾਵ ਅੱਲਾ ਦਾ ਘਰ ਹੈ। ਇਹ ਸੁਣਦਿਆਂ ਸਾਰ ਹੀ ਪੂਰੀ ਹਲੀਮੀ ਨਾਲ ਬਾਬੇ ਨਾਨਕ ਨੇ ਆਖਿਆ ਮੌਲਵੀ ਜੀ ਗੁੱਸਾ ਮੱਤ ਕਰੋ, ਮੇਰੇ ਪੈਰ ਉਧਰ ਕਰ ਦਿਓ, ਜਿਧਰ ਤੁਹਾਡਾ ਗੁਰੂ ਨਹੀਂ ਹੈ। ਇਹ ਸੁਣਦਿਆਂ ਸਾਰ ਹੀ ਮੌਲਵੀ ਰੁਕਮਦੀਨ ਸੋਚਦਾ-ਸੋਚਦਾ ਨਿਰਉਤਰ ਹੋ ਗਿਆ। ਅਸਲ 'ਚ ਉਸ ਨੂੰ ਅੰਦਰੋਂ ਗਿਆਨ ਹੋ ਗਿਆ ਕਿ ਮੈਂ ਹੀ ਤਾਂ ਕਹਿੰਦਾ ਸੀ ਕਿ ਅੱਲਾ ਸਭ ਥਾਈਂ, ਸਭ ਪਾਸੇ ਇਥੋਂ ਤਕ ਕਿ ਹਰ ਜ਼ਰੇ-ਜ਼ਰੇ ਵਿੱਚ ਹੈ। ਜਿਉਂ ਹੀ ਉਸ ਦਾ ਦਿਮਾਗ ਘੁੰਮ ਕੇ ਠੀਕ ਥਾਂ ਆਇਆ ਤਾਂ ਉਹ ਵੀ ਪੰਡਤ ਦੀ ਤਰ੍ਹਾਂ ਨਿਰਉਤਰ ਹੋ ਹੱਥ ਜੋੜ ਕੇ ਝੁਕ ਕੇ ਮੁਆਫੀ ਦੀ ਮੁਦਰਾ ਵਿੱਚ ਹੋ ਗਿਆ। ਇਹ ਉਹ ਘਟਨਾ ਹੈ, ਜੋ ਬਾਬੇ ਨਾਨਕ ਦੇ ਗਿਆਨ ਸਦਕਾ ਤਰਕਸ਼ੀਲਤਾ ਕਰਕੇ ਘਟੀ, ਜੋ ਕਿਸੇ ਕਰਾਮਾਤ ਤੋਂ ਘੱਟ ਨਹੀਂ।

ਜਿਸ ਨੂੰ ਬਹੁਤੇ ਲੋਕੀਂ ਤਰਕ ਦੀ ਘਾਟ ਕਰਕੇ ਕਰਾਮਾਤ ਨਾਲ ਜੋੜ ਕੇ ਮੱਕਾ ਘੁੰਮਾਉਣ ਦੀ ਗੱਲ ਕਰਦੇ ਹਨ। ਅਜਿਹਾ ਕਹਿ ਕੇ ਲੋਕ ਬਾਬੇ ਦੇ ਗਿਆਨ ਨੂੰ ਘਟਾਉਂਦੇ ਹਨ।

ਅਜਿਹੀਆਂ ਬਾਬੇ ਨਾਨਕ ਦੀਆਂ ਬਹੁਤ ਸਾਰੀਆਂ ਸੱਚ ਦੇ ਅਧਾਰਤ ਦਲੀਲਪੂਰਵਕ ਕਹਾਣੀਆਂ ਹਨ, ਜਿਨ੍ਹਾਂ ਨੂੰ ਅਣਜਾਣ ਸ਼ਰਧਾ ਵਾਲੇ ਸਿੱਖ ਕਰਾਮਾਤ ਨਾਲ ਜੋੜ ਕੇ ਅਸਲ 'ਚ ਬਾਬੇ ਦੀ ਕਦਰ ਘਟਾਈ ਕਰਦੇ ਹਨ। ਅਗਰ ਅਸੀਂ ਸਿੱਖਾਂ ਦੀਆਂ ਪ੍ਰਾਪਤੀਆਂ ਅਤੇ ਕੁਰਬਾਨੀਆਂ ਨੂੰ ਕਿਸੇ ਕਰਾਮਾਤਾਂ ਨਾਲ ਜੋੜਾਂਗੇ ਤਾਂ ਅਸੀਂ ਆਪਣੇ ਗੁਰੂਆਂ ਦੇ ਸੰਘਰਸ਼, ਉਨ੍ਹਾਂ ਦੀ ਵਿਦਿਆ ਅਤੇ ਯੋਗਤਾ ਨੂੰ ਘੱਟ ਕਰਕੇ ਦੇਖ ਰਹੇ ਹੋਵਾਂਗੇ। ਸਮੁੱਚੇ ਸਿੱਖ ਇਤਿਹਾਸ ਵਿੱਚ ਸਿੱਖਾਂ 'ਤੇ ਹੋਏ ਵੱਖ-ਵੱਖ ਸਮੇਂ ਅੱਤਿਆਚਾਰ ਅਤੇ ਸਿੱਖਾਂ ਦੀਆਂ ਕੁਰਬਾਨੀਆਂ ਦੇ ਰੂਪ ਵਿੱਚ ਸ਼ਹਾਦਤਾਂ ਇਸ ਗੱਲ ਦਾ ਸਬੂਤ ਹਨ ਕਿ ਅਗਰ ਸੱਚ-ਮੁੱਚ ਕੋਈ ਕਰਾਮਾਤ ਹੁੰਦੀ ਤਾਂ ਸਿੱਖ ਇਤਿਹਾਸ ਵਿੱਚ ਏਨੀਆਂ ਸ਼ਹਾਦਤਾਂ ਨਾ ਹੁੰਦੀਆਂ, ਨਾ ਹੀ ਸਾਡਾ ਬਾਬਾ ਨੂੰ ਜੇਲ੍ਹ ਅੰਦਰ ਚੱਕੀ ਪੀਹਣੀ ਪੈਂਦੀ। ਨਾ ਹੀ ਬਾਬਾ ਸਮੇਂ ਦੇ ਜਾਬਰ ਹਾਕਮ ਨੂੰ ਲਲਕਾਰ ਕੇ ਇਹ ਕਹਿੰਦਾ, "ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ॥' ਸਾਡੇ ਬਾਬੇ ਨੇ ਸਾਨੂੰ ਜਬਰ ਖ਼ਿਲਾਫ਼ ਲੜਨਾ ਅਤੇ ਮੌਕੇ ਦੀ ਹਕੂਮਤ ਨੂੰ ਸਵਾਲ ਕਰਨੇ ਸਿਖਾਏ ਹਨ। ਇਸ ਲਈ ਨਾਨਕ ਨੂੰ ਬਾਬਾ ਆਖਣ ਵਾਲਿਆਂ ਲਈ ਸੋਚਣ ਦੀ ਘੜੀ ਹੈ ਕਿ ਕੀ ਅਸੀਂ ਬਾਬੇ ਨਾਨਕ ਦੇ ਦਰਸਾਏ ਰਾਹ 'ਤੇ ਚੱਲ ਰਹੇ ਹਾਂ? ਕਿਤੇ ਅੱਜ ਅਸੀਂ ਕਿਸੇ ਹੰਕਾਰ ਦਾ ਸ਼ਿਕਾਰ ਹੋ ਕੇ ਜਾਤ-ਪਾਤ ਦੀ ਬੀਮਾਰੀ ਦੇ ਰੋਗੀ ਤਾਂ ਨਹੀਂ ਬਣ ਗਏ। ਸਾਰੀ ਉਮਰ ਮਰਦਾਨਾ ਮੁਸਲਮਾਨ ਹੋਣ ਕਰਕੇ ਬਾਬੇ ਨਾਲ ਰਿਹਾ, ਪਰ ਬਾਬੇ ਨੇ ਇਕ ਵਾਰ ਸਿੱਖ ਬਣਨ ਲਈ ਨਾ ਕਿਹਾ ਅਤੇ ਨਾ ਹੀ ਜ਼ੋਰ ਪਾਇਆ। ਇਹ ਦਿਨ ਵਰਗਾ ਚਿੱਟਾ ਸੱਚ ਹੈ ਕਿ ਅੱਜ ਦੇ ਦਿਨ ਸਿੱਖ ਜਗਤ 'ਤੇ ਜੱਟਾਂ ਦਾ ਕਬਜ਼ਾ ਹੈ, ਪਰ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਸਾਡੇ ਦਸਾਂ ਗੁਰੂਆਂ 'ਚੋਂ ਇੱਕ ਵੀ ਜੱਟ ਨਹੀਂ ਸੀ, ਜੋ ਇਸ ਗੱਲ ਦਾ ਸਬੂਤ ਹੈ ਕਿ ਸਿੱਖ ਬਣਨ ਲਈ ਜੱਟ ਹੋਣਾ ਜ਼ਰੂਰੀ ਨਹੀਂ, ਬਲਕਿ ਸਮੁੱਚੇ ਗੁਰੂਆਂ ਦੇ ਫਲਸਫੇ ਨੂੰ ਸਮਝ ਕੇ ਉਸ 'ਤੇ ਪਹਿਰਾ ਦੇਣਾ ਹੋਵੇਗਾ। ਤਾਹੀਓਂ ਅਸੀਂ ਬਾਬੇ ਨਾਨਕ ਦੇ ਜਨਮ ਦਿਵਸ ਨੂੰ ਸਭ ਜਾਤਾਂ 'ਚ ਰਲ ਕੇ ਮਨਾ ਰਹੇ ਹੋਵਾਂਗੇ।

ਬਾਬੇ ਨਾਨਕ ਦੀ ਸਮੁੱਚੀ ਸਿੱਖਿਆ ਨੂੰ ਇਸ ਸਮੇਂ ਤਰਕ ਦੀ ਜ਼ਰੂਰਤ ਹੈ। ਤਰਕ ਦਾ ਪੈਮਾਨਾ ਹੀ ਬਾਬੇ ਨੂੰ ਅਤੇ ਉਨ੍ਹਾਂ ਦੀਆਂ ਸਮੁੱਚੀਆਂ ਸਿੱਖਿਆਵਾਂ ਨੂੰ ਸਮਝਣ 'ਚ ਸਹਾਈ ਹੋਵੇਗਾ। ਆਖਰ ਸਭ ਨੂੰ ਬਾਬੇ ਦੇ ਜਨਮ ਦਿਵਸ ਦੀਆਂ ਬਹੁਤ-ਬਹੁਤ ਵਧਾਈਆਂ ਹੋਣ।

*# ਸੰਪਰਕ : 98721-65741*

# ਗੁਰੂ ਨਾਨਕ ਦੇਵ ਜੀ ਸਗਲ ਸੰਸਾਰ ਦੇ ਸਰਵੋਤਮ ਗੁਰੂ

ਹਰਚੰਦ ਸਿੰਘ ਬਾਸੀ

ਅਸੀਂ ਗੁਰੂ ਨਾਨਕ ਦੇਵ ਜੀ ਦਾ ਸਿਰਫ ਜਨਮ ਦਿਵਸ ਹੀ ਨਹੀਂ ਮਨਾ ਰਹੇ, ਸਗੋਂ ਅਸੀਂ ਆਪਣੇ ਆਪ ਵਿੱਚ ਉਹਨਾਂ ਦੀਆਂ ਸਿਖਿਆਵਾਂ ਨੂੰ ਯਾਦ ਕਰਕੇ ਮਨ ਵਿੱਚ ਵਸਾਉਣਾ ਹੈ ।ਉਹ ਰੂਹਨੀਅਤ ਦੇ ਅਜਿਹੇ ਪੁੰਜ ਹਨ, ਜਿੰਨਾ ਦੀ ਥਾਹ ਪਾਉਣੀ ਮੁਸ਼ਕਲ ਹੀ ਨਹੀਂ, ਸਗੋਂ ਅਸੰਭਵ ਹੈ। ਉਹਨਾਂ ਦੇ ਬੋਲਾਂ ਵਿੱਚ ਸਚਾਈ, ਦਰਿੜਤਾ, ਗੰਭੀਰਤਾ , ਮਿਠਾਸ, ਦਰਦ, ਰੋਹ ਅਤੇ ਨਿਸਚਾ ਕਹਿ ਸਕਣ ਤੋਂ ਪਰ੍ਹੇ ਹੈ । ਉਹਨਾ ਦੀ ਨਿਡਰਤਾ ਅੱਗੇ ਵੱਡੇ ਸ਼ਹਿਨਸ਼ਾਹ ਵੀ ਅਟਕ ਨਹੀਂ ਸਕੇ, ਜੋ ਕਹਿਣਾ ਸੀ ਕਹਿ ਦਿਤਾ । ਰਾਜਿਆਂ ਨੂੰ ਰਾਜੇ ਸ਼ੀਹ ਮਕਦਮ ਕੁਤੇ ॥ ਜਾਇ ਜਗਾਇਨ ਬੈਠੇ ਸੁਤੇ ॥ ਉਹਨਾ ਦੇ ਕਦਮਾਂ ਵਿੱਚ ਏਨੀ ਤਾਕਤ ਸੀ ਕਿ ਜਿਸ ਪੜਾਅ ਵੱਲ ਸੋਚ ਲੈਂਦੇ ਸਨ, ਮੰਜ਼ਲ ਆਪ ਚੱਲ ਕੇ ਉਹਨਾਂ ਕੋਲ ਆ ਜਾਂਦੀ ਸੀ ।

ਗੁਰੂ ਨਾਨਕ ਦੇਵ ਜੀ ਇਸ ਧਰਤੀ ਦੇ ਚਿੱਤਰਪਟ 'ਤੇ ਉਸ ਸਮੇਂ ਆਏ, ਜਦੋਂ ਉਸ ਵੇਲੇ ਬਹੁਤ ਸਧਾਰਨ ਲੋਕਾਂ ਕੋਲ ਗਿਆਨ ਨਹੀਂ ਸੀ । ਉਹ ਤਾਂ ਸਿਰਫ ਮਨੋਕਲਪਤ ਘੜੀਆਂ ਕਹਾਣੀਆਂ ਸੁਣ ਕੇ ਹੀ ਯਕੀਨ ਕਰ ਲੈਂਦੇ ਸਨ। ਮਿਥਿਹਾਸ ਨਾਲ ਸਮਾਜ ਦੇ ਮਨਾਂ ਦੇ ਸਹੀ ਗਿਆਨ ਲਈ ਦਰਵਾਜ਼ੇ ਬੰਦ ਕੀਤੇ ਸਨ। ਇਸ ਤਰਾਂ ਦੀ ਇੱਕ ਨਹੀਂ ਅਨੇਕ ਕੂੜ ਕਹਾਣੀਆਂ ਘੜੀਆਂ ਗਈਆਂ। ਇਹ ਉਸ ਵੇਲੇ ਦੇ ਸੰਸਾਰ ਦਾ ਗਿਆਨ ਆਪੋ ਆਪਣੇ ਮਨਾਂ ਦੀ ਉਪਜੀ ਖੇਡ ਸੀ ।ਗੁਰੂ ਨਾਨਕ ਦੇਵ ਜੀ ਨੇ ਬੜੇ ਸਰਲ ਅਤੇ ਸਪੱਸ਼ਟ ਸ਼ਬਦਾਂ ਵਿੱਚ ਸੰਸਾਰ ਨੂੰ ਏਕਓਂਕਾਰ ਦਾ ਸੁਨੇਹਾ ਦਿੱਤਾ । ਉਹਨਾ ਕੁਦਰਤ ਦੇ ਕਈ ਗੁਝੇ ਭੇਦ ਦੁਨੀਆ ਨੂੰ ਦੱਸੇ, ਜੋ ਨਾਮੰਨਣ ਯੋਗ ਸਨ, ਪਰ ਸਮੇਂ ਨਾਲ ਸੱਚ ਹੁੰਦੇ ਗਏ । ਉਹਨਾ ਸੈਂਤੀ ਸਾਲ ਦੀ ਉਮਰ ਵਿੱਚ ਉਦਾਸੀਆਂ ਸ਼ੁਰੂ ਕੀਤੀਆਂ। ਉਨ੍ਹਾ ਭਾਰਤ ਦੇ ਪੱਛਮ ਤੋਂ ਪੂਰਬ, ਉੱਤਰ ਤੋਂ ਦੱਖਣ ਅਤੇ ਮੱਧ ਏਸ਼ੀਆ ਤੱਕ ਪੈਦਲ ਚੱਲ ਕੇ ਹਜ਼ਾਰਾਂ ਮੀਲ ਦੂਰ ਤੱਕ ਘਰੋਂ ਨਿਕਲ ਕੇ ਪੈਦਲ ਚੱਲ ਕੇ ਸਮਾਜ ਦੇ ਵਿਦਵਾਨਾਂ, ਰਿਸ਼ੀਆਂ-ਮੁਨੀਆਂ, ਜੋਗੀਆਂ, ਸਿੱਧਾਂ, ਜੈਨੀਆਂ, ਬੋਧੀਆਂ, ਪੰਡਤਾਂ ਨਾਲ ਸੰਵਾਦ ਰਚਾਏ ਅਤੇ ਉਹਨਾਂ ਦੇ ਸ਼ੰਕੇ ਦੂਰ ਕੀਤੇ । ਉਨ੍ਹਾ ਮਨੁੱਖ ਦੀ ਬਰਾਬਰਤਾ ਅਤੇ ਸਨਮਾਨ ਦੀ ਵਕਾਲਤ ਕੀਤੀ । ਜਾਤ-ਪਾਤ ਨੂੰ ਨਿਕਾਰਿਆ । ਮਨੁੱਖ ਨੂੰ ਨਿਸ਼ਕਾਮ ਸੇਵਾ ਕਰਨ ਲਈ ਪ੍ਰੇਰਿਤ ਕੀਤਾ । ਚੰਗੇ ਕੰਮ ਕਰੋ, ਦੂਜਿਆਂ ਦੇ ਕੰਮ ਆਓ, ਮੁਫਤ ਸੇਵਾ ਕਰੋ। ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ ਉਸ ਸਮੇਂ ਮੁਸਲਮਾਨ ਸ਼ਾਸਕਾਂ ਦਾ ਬਹੁਤ ਕਰੂੜ ਵਤੀਰਾ ਸੀ। ਹਿੰਦੂਆਂ ਨੂੰ ਧਾਰਮਿਕ, ਸਮਾਜਿਕ ਹਰ ਪੱਧਰ 'ਤੇ ਜ਼ੁਲਮ ਦਾ ਸ਼ਿਕਾਰ ਹੋਣਾ ਪੈਂਦਾ ਸੀ। ਬਾਕੀ ਹਿੰਦੂ ਸਮਾਜ ਦੀਆਂ ਆਪਣੀਆਂ ਗੰਭੀਰ ਸਮੱਸਿਆਵਾਂ ਸਨ। ਮੂਰਤੀ ਪੂਜਾ ਕਰਮ ਕਾਂਡ ਜਾਦੂ-ਟੂਣੇ, ਛੂ ਆ-

ਛੂਤ ਉਚ ਨੀਚ ਦੇ ਕੋਹੜ ਨਾਲ ਸਮਾਜ ਬਿਮਾਰ ਸੀ। ਉਹ ਚਾਰ ਵਰਨਾਂ ਪੰਡਤ, ਖੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡਿਆ ਸੀ । ਪੰਡਤ ਆਪਣੇ ਆਪ ਨੂੰ ਗਿਆਨਵਾਨ ਦੱਸ ਕੇ ਬਾਕੀ ਵਰਨਾਂ ਨੂੰ ਲੁੱਟ ਕੇ ਖਾਦੇ ਸਨ । ਸ਼ੂਦਰਾਂ ਨੂੰ ਪੜ੍ਹਣ ਦੀ ਆਗਿਆ ਨਹੀਂ ਸੀ, ਉਹਨਾਂ ਨੂੰ ਜ਼ਲਾਲਤ ਭਰਿਆ ਜੀਵਨ ਜਿਉਣ ਲਈ ਮਜਬੂਰ ਕੀਤਾ ਜਾਂਦਾ ਸੀ। ਫਾਲਤੂ ਰਸਮਾਂ, ਰੀਤੀਆਂ ਨਾਲ ਅੰਧ-ਵਿਸ਼ਵਾਸ ਵਿੱਚ ਫਸਾਇਆ ਸੀ ।

ਔਰਤ



ਔਰਤ ਦੀ ਹਾਲਤ ਬਹੁਤ ਖਰਾਬ ਸੀ। ਉਹਨਾਂ ਨੂੰ ਮੰਡੀ ਵਿੱਚ ਪਸ਼ੂਆਂ ਤਰ੍ਹਾਂ ਵੇਚਿਆ ਜਾਂਦਾ ਸੀ । ਪੈਰ ਦੀ ਜੁੱਤੀ ਸਮਝ ਕੇ ਬਹੁਤ ਦਬਾਅ ਕੇ ਰੱਖਿਆ ਜਾਂਦਾ ਸੀ । ਉਹਨਾ ਦੇ ਕੋਈ ਅਧਿਕਾਰ ਨਹੀਂ ਸਨ । ਨਾਨਕ ਜੀ ਨੇ ਔਰਤ ਦੀ ਸ਼ਕਤੀ ਦੀ ਵਕਾਲਤ ਕੀਤੀ ਅਤੇ ਆਦਮੀਆਂ ਦੇ ਬਰਾਬਰ ਅਧਿਕਾਰਾਂ 'ਤੇ ਜ਼ੋਰ ਦਿੱਤਾ। ਉਨ੍ਹਾ ਸਮਾਜ ਵਿੱਚ ਔਰਤਾ ਦੇ ਮੁੱਖ ਪਰਦਾ ਨਾ ਕਰਨ ਅਤੇ ਅਜ਼ਾਦ ਹਸਤੀ ਦੀ ਵਕਾਲਤ ਕੀਤੀ। ਉਹਨਾ ਲੋਕਾਂ ਨੂੰ ਸ਼ਾਸਕਾਂ ਦੇ ਮੰਦੇ ਰਾਜ ਦੀਆਂ ਮੰਦੀਆਂ ਨੀਤੀਆਂ ਵਿਰੁੱਧ ਬੋਲਣ ਲਈ ਜ਼ਬਾਨ ਦਿੱਤੀ।

ਉਸ ਵੇਲੇ ਦਾ ਸਮਾਜ ਧਾਰਮਿਕ ਵਿਤਕਰੇ, ਸ਼ਾਸਕਾਂ ਵੱਲੋ ਬੇਇਨਸਾਫੀਆਂ, ਸਮਾਜ ਛੂਆ-ਛੂਤ , ਕਰਮ ਕਾਂਡ, ਪਾਖੰਡਵਾਦ , ਜਾਦੂ-ਟੂਣੇ ਆਦਿ ਨਾਲ ਗ੍ਰਸਤ ਸੀ । ਉਹਨਾ ਨਾ ਕਿਸੇ ਰਾਜੇ ਦਾ ਖੌਫ ਖਾਧਾ, ਨਾ ਕਿਸੇ ਪੰਡਤਾਂ, ਮੌਲਵੀਆਂ ਦਾ। ਉਹਨਾਂ ਬੇਬਾਕ ਗੱਲ ਕਹੀ, ਜੋ ਸਮੇਂ ਦਾ ਸੱਚ ਸੀ ਤੇ ਅੱਜ ਵੀ ਹੈ।

ਗੁਰੂ ਨਾਨਕ ਜੀ ਦੀ ਵਿਰਾਸਤ ਦੁਨੀਆ ਵਿੱਚ ਲੱਖਾਂ ਲੋਕਾਂ ਨੂੰ ਉਤਸ਼ਾਹਤ ਕਰਨ ਲਈ ਜਾਰੀ ਹੈ ।ਉਹਨਾ ਸਿੱਖ ਧਰਮ ਦੀ ਨੀਹ ਰੱਖੀ । ਉਹ ਧਰਮ, ਜੋ ਬਰਾਬਰੀ, ਦਯਾ ਅਤੇ ਨਿਸ਼ਕਾਮ ਸੇਵਾ ਕਰਦਾ ਹੈ । ਦੁਨੀਆ ਉੱਤੇ ਇੱਕ ਹੀ ਧਰਮ ਹੈ, ਜੋ ਹਰ ਸਮੇਂ ਲੜਾਈਆਂ, ਕੁਦਰਤੀ ਆਫਤਾਂ ਵਿੱਚ ਦੇ ਕਸ਼ਟ ਭਰੇ ਸਮੇਂ ਵੀ ਸੇਵਾ ਲਈ ਪਹੁੰਚ ਜਾਂਦਾ ਹੈ । ਅੰਮ੍ਰਿਤਸਰ ਵਿਖੇ ਹਰਿਮੰਦਰ ਹੈ, ਜਿਸ ਦੇ ਚਹੁੰ ਦਿਸ਼ਾਵਾਂ ਵੱਲ ਦਰਵਾਜ਼ੇ ਖੁੱਲ੍ਹਦੇ ਹਨ, ਭਾਵ ਚਾਰੇ ਦਿਸ਼ਾਵਾਂ ਦੇ ਲੋਕਾਂ ਲਈ ਰੂਹਾਨੀਅਤ ਦਾ ਕੇਂਦਰ ਹੈ, ਕੋਈ ਉਚ-ਨੀਚ ਨਹੀ, ਕਿਸੇ ਲਈ ਵਰਜਤ ਨਹੀਂ, ਦੁਨੀਆਂ ਦੇ ਹਰ ਆਦਮੀ ਦਾ ਬਰਾਬਰ ਸਤਿਕਾਰ ਹੁੰਦਾ ਹੈ , ਚਾਹੇ ਪੂਰਬ, ਪੱਛਮ, ਉੱਤਰ-ਦੱਖਣ, ਰੰਗ, ਜਾਤ, ਧਰਮ ਦਾ ਕੋਈ ਰਾਜਾ ਹੈ ਜਾਂ ਰੰਕ ਕੋਈ ਫਰਕ ਨਹੀਂ । ਇਸ ਲਈ ਅਸੀਂ ਜ਼ੋਰਦਾਰ ਅਵਾਜ਼ ਵਿੱਚ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸੰਸਾਰ ਦੇ ਰੂਹਾਨੀਅਤ ਦੇ ਸਭ ਤੋਂ ਉਚਤਾ ਦੇ ਗੁਰੂ ਹਨ ਅਤੇ ਪ੍ਰਭਾਵਤ ਕਰਨ ਵਾਲੇ ਗੁਰੂ ਹਨ। ਦੁਨੀਆਂ ਦੇ ਬਾਕੀ ਸਾਧੂ ਸੰਤ ਰਿਸ਼ੀ-ਮੁਨੀ ਘਰੋਂ ਨਿਕਲੇ, ਘਰ ਨਹੀਂ ਪਰਤੇ, ਪਰ ਗੁਰੂ ਨਾਨਕ ਘਰੋਂ ਹਜ਼ਾਰਾਂ ਮੀਲਾਂ ਦੇ ਸਫਰ ਵਿੱਚ ਸੰਵਾਦ ਰਚਾਉਂਦੇ ਹੋਏ ਘਰ ਪਰਤ ਕੇ ਗ੍ਰਹਿਸਤੀ ਜੀਵਨ ਦੀ ਮਹਾਨਤਾ ਅਤੇ ਹੱਥੀਂ ਕਾਰ ਦਾ ਸਨੇਹਾ ਵੀ ਦਿਤਾ । ਉਹਨਾ ਸਿਰਫ ਲਿਖਿਆ ਹੀ ਨਹੀਂ ਕਰਕੇ ਵਿਖਾਇਆ । ਉਹਨਾ ਦੀ ਵਿਰਾਸਤ ਨੇ ਸਮਾਜ ਨੂੰ ਅਜਿਹਾ ਮੋੜ ਦਿੱਤਾ ਕਿ ਜ਼ੁਲਮ, ਅਨਿਆਂ, ਗੈਰ ਬਰਾਬਰੀ ਵਿਰੁਧ ਹੱਕ-ਸੱਚ ਦੀ ਲੜਾਈ ਲਈ ਲੜਨਾ ਸਿਖਾਇਆ । ਇੱਕ ਨਵਾਂ ਸਮਾਜ ਸਿਰਜ ਦਿੱਤਾ, ਜਿਸ ਦਾ ਕੋਈ ਸਾਨੀ ਨਹੀਂ । ਦੁਨੀਆ ਉਹਨਾ ਦੀ ਨਿਸ਼ਕਾਮ ਸੇਵਾ ਅਤੇ ਸਚਾਈ ਲਈ ਹੌਸਲੇ ਅਤੇ ਦਲੇਰੀ ਨਾਲ ਲੜਣ ਦੀ ਕਾਇਲ ਹੈ। ਫਿਰ ਕਿਉਂ ਨਹੀਂ ਅਸੀ ਕਹਿ ਸਕਦੇ ਕਿ ਗੁਰੂ ਨਾਨਕ ਜੀ ਰੂਹਾਨੀਅਤ ਦੇ ਸਰਵੋਤਮ ਗੁਰੂ ਹਨ ਅਤੇ ਜ਼ੁਲਮ ਦੇ ਵਿਰੁੱਧ ਅਵਾਜ਼ ਉਠਾਉਣ ਵਾਲੇ ਅਧਿਆਤਮਕ ਗੁਰੂ ਹਨ, ਜਿਨ੍ਹਾਂ ਕਿਹਾ ਕਿ ਆਖਰੀ ਸੱਚ ਗਿਆਨ ਤੱਕ ਪਹੁੰਚਣ ਲਈ ਸੰਵਾਦ ਹੀ ਇੱਕ ਰਸਤਾ ਹੈ।



## ਮਿੱਟ ਗਿਆ ਹਨੇਰਾ ਚਾਨਣ ਛਾਇਆ

ਮਿੱਟ ਗਿਆ ਹਨੇਰਾ ਚਾਨਣ ਛਾਇਆ
ਨਾਨਕ ਆਇਆ, ਨਾਨਕ ਆਇਆ

ਹੱਥੀ ਕਿਰਤ ਤੇ ਨਾਮ ਜਪਾ ਕੇ
ਵੰਡ ਛਕਣ ਦਾ ਜਾਗ ਲਗਾਇਆ
13-13 ਤੋਲ ਕੇ ਗੁਰਬਤ ਕੱਟਣ
ਨਾਨਕ ਆਇਆ, ਨਾਨਕ ਆਇਆ

ਸਿੱਖ ਗੁਰਾਂ ਦੀ ਪਹਿਲੀ ਪੀੜ੍ਹੀ
ਬਗਦਾਦੀ ਆਖਣ ਪੀਰ-ਪੈਗੰਬਰ
ਤਿਬਤ ਵਿੱਚ ਲਾਮਾ ਬਣ ਛਾਇਆ
ਨਾਨਕ ਆਇਆ, ਨਾਨਕ ਆਇਆ

ਉਜੜਨ ਵਸਣ ਦਾ ਸਾਰ ਸਿਖਾਉਂਦੇ
ਤੀਹ ਸਾਲਾਂ ਵਿੱਚ ਘੁੰਮ ਗਏ ਦੁਨੀਆ
ਮਰਦਾਨੇ ਨੇ ਸਾਥ ਨਿਭਾਇਆ
ਨਾਨਕ ਆਇਆ, ਨਾਨਕ ਆਇਆ

ਔਰਤ ਦੇ ਹੱਕ ਵਿੱਚ ਨਾਰਾ ਲਾ ਕੇ
ਰਾਜੇ ਜਨਨੀ ਦਾ ਦਰਜਾ ਦਵਾਇਆ
'ਧਾਲੀਵਾਲਾ' ਕਲਯੁਗ ਮਿਟਾਵਣ ਲਈ
ਨਾਨਕ ਆਇਆ-ਨਾਨਕ ਆਇਆ

-ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ
# ਸੰਪਰਕ : 78374-90309

# ਜ਼ੁਲਮ ਖਿਲਾਫ ਬੋਲਣ ਵਾਲੇ ਮਹਾਨ ਚਿੰਤਕ ਗੁਰੂ ਨਾਨਕ ਦੇਵ ਜੀ

ਡਾ. ਸੰਦੀਪ ਘੰਡ



ਜੇਕਰ ਗੁਰੂ ਨਾਨਕ ਜੀ ਦੇ ਬਚਪਨ ਅਤੇ ਜਵਾਨੀ ਅਵਸਥਾ ਨੂੰ ਦੇਖਿਆ ਜਾਵੇ ਤਾਂ ਬਚਪਨ ਵਿੱਚ ਜਿਵੇਂ ਆਮ ਮਾਂ-ਬਾਪ ਚਾਹੁੰਦੇ ਹਨ ਕਿ ਉਨ੍ਹਾਂ ਦਾ ਬੇਟਾ ਪਰਵਾਰ ਦਾ ਨਾਂਅ ਬਣਾਵੇ। ਅਜਿਹੀ ਖਾਹਿਸ਼ ਹੀ ਨਾਨਕ ਦੇ ਮਾਤਾ-ਪਿਤਾ ਦੇ ਮਨ ਵਿੱਚ ਸੀ।ਪਿਤਾ ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਨੇ ਜਦੋਂ ਬਾਬਾ ਨਾਨਕ ਜੀ ਨੂੰ ਸਿੱਖਿਆ ਦੀ ਪ੍ਰਾਪਤੀ ਲਈ ਪਾਠਸ਼ਾਲਾ ਭੇਜਿਆ।ਸਿੱਖਿਆ ਬਾਰੇ ਗੁਰੂਜੀ ਨੇ ਕਿਹਾ ਕਿ ਸਿੱਖਿਆ ਦਾ ਅਸਲ ਮਕਸਦ ਜੀਵਨ ਦੀ ਅਸਲੀਅਤ ਨੂੰ ਸਮਝਣਾ ਹੈ।ਅਧਿਆਪਕ ਵੱਲੋਂ ਜਦੋਂ ਅੱਖਰਾਂ ਦੀ ਜਾਣਕਾਰੀ ਦੇਣ ਹਿੱਤ ਦੱਸਿਆ ਗਿਆ। ਉਹਨਾ ਅੱਖਰ ਦਾ ਅਰਥ ਪੁੱਛਿਆ। ਅਧਿਆਪਕ ਦੇ ਇਹ ਕਹਿਣ 'ਤੇ ਕਿ ਇੱਕ ਅੱਖਰ ਦਾ ਕੋਈ ਅਰਥ ਨਹੀ ਹੁੰਦਾ ਤਾਂ ਗੁਰੂ ਜੀ ਨੇ ਕਿਹਾ ਕਿ ਜਦੋਂ ਕਿਸੇ ਅੱਖਰ ਦਾ ਅਰਥ ਹੀ ਨਹੀ, ਫੇਰ ਇਸ ਨੂੰ ਸਿੱਖਣ ਦਾ ਕੀ ਫਾਇਦਾ, ਜਿਸ ਕਾਰਨ ਉਨ੍ਹਾ ਪੜ੍ਹਨ ਤੋਂ ਇਨਕਾਰ ਕਰ ਦਿੱਤਾ।ਜਦੋਂ ਅਸੀ ਗੁਰੂ ਨਾਨਕ ਦੇ ਜੀਵਨ ਦੀਆਂ ਘਟਨਾਵਾਂ ਨੂੰ ਦੇਖਦੇ ਹਾਂ ਤਾਂ ਉਹਨਾ ਦੇ ਤਰਕਸ਼ੀਲ ਵਿਚਾਰਾਂ ਦਾ ਧਾਰਨੀ ਹੋਣ ਦੀ ਗਵਾਹੀ ਭਰਦੀਆਂ ਹਨ ।ਸਿੱਖਿਆ ਬਾਰੇ ਉਹਨਾ ਕਿਹਾ ਕਿ ਸਾਨੂੰ ਉਹ ਹੀ ਸਿੱਖਣਾ ਚਾਹੀਦਾ ਹੈ, ਜਿਸ ਦਾ ਸਾਡੇ ਜੀਵਨ ਵਿੱਚ ਕੋਈ ਅਰਥ ਹੋਵੇ ਜੋ ਸਾਨੂੰ ਅੱਗੇ ਵਧਣ ਲਈ ਮਾਰਗ-ਦਰਸ਼ਨ ਕਰ ਸਕੇ।

ਉਨ੍ਹਾ ਆਪਣੇ ਤਰਕਸ਼ੀਲ ਵਿਚਾਰਾਂ ਨਾਲ ਪੁਰਾਤਨ ਰਸਮਾਂ-ਰਿਵਾਜਾਂ ਖਿਲਾਫ ਆਪਣੀ ਅਵਾਜ਼ ਉਠਾਈ।ਬਚਪਨ ਤੋਂ ਜਵਾਨੀ ਵਿੱਚ ਜਾਣ ਸਮੇਂ ਜਦੋਂ ਉਨ੍ਹਾ ਨੇ ਧਾਰਮਕ ਰਸਮਾਂ ਵਿੱਚ ਪਹਿਨਣ ਵਾਲਾ ਜਨੇਊ ਪਹਿਨਣ ਲਈ ਕਿਹਾ ਗਿਆ ਤਾਂ ਉਹਨਾ ਸਾਫ ਇੰਨਕਾਰ ਕਰ ਦਿੱਤਾ ਅਤੇ ਕਿਹਾ ਕਿ ਜਦੋਂ ਇਸ ਧਾਗੇ ਦਾ ਕੋਈ ਅਸਲ ਅਰਥ ਨਹੀ ਤਾਂ ਇਸ ਨੂੰ ਪਹਿਨਣ ਦਾ ਕੀ ਫਾਇਦਾ।ਉਸ ਸਮੇਂ ਜਦੋਂ ਵਹਿਮਾਂ-ਭਰਮਾਂ ਦਾ ਬੋਲਬਾਲਾ ਸੀ, ਉਸ ਸਮੇਂ ਪੰਡਤ ਨੂੰ ਕਿਹਾ ਕਿ ਅਸਲ ਜਨੇਊ ਮਨ ਦੇ ਅੰਦਰ ਦੀ ਪਵਿੱਤਰਤਾ, ਸਚਾਈ ਅਤੇ ਨੇਕੀ ਦੇ ਗੁਣ ਹਨ ਜੋ ਮਨੁੱਖ ਨੂੰ ਅੰਦਰੋਂ ਮਜ਼ਬੂਤ ਬਣਾਉਦੇ ਹਨ।ਉਨ੍ਹਾ ਦਾ ਇਹ ਕਹਿਣਾ :

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥

ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਜਾਗਰੂਕ ਕਰਨ ਹਿੱਤ 35 ਹਜ਼ਾਰ ਕਿਲੋਮੀਟਰ ਤੋਂ ਜ਼ਿਆਦਾ ਸਫਰ ਕੀਤਾ, ਜਿਸ ਵਿੱਚ ਭਾਈ ਮਰਦਾਨਾ ਨੇ ਵੀ ਉਹਨਾ ਦਾ ਸਾਥ ਦਿੱਤਾ ।ਇਹਨਾਂ ਯਾਤਰਾਵਾਂ ਨੂੰ ਉਦਾਸੀਆਂ ਦਾ ਨਾਂਅ ਦਿੱਤਾ ਗਿਆ ਹੈ।

1521-1539 ਦਾ ਸਮਾਂ ਉਨ੍ਹਾ ਕਰਤਾਰਪੁਰ ਸਾਹਿਬ ਵਿਖੇ ਖੇਤੀਬਾੜੀ ਕਰਕੇ ਗ੍ਰਹਿਸਥ ਵਿੱਚ ਰਹਿੰਦੇ ਹੋਏ ਆਪਣੇ ਪਰਵਾਰ ਨਾਲ ਬਿਤਾਇਆ।ਇਥੇ ਹੀ ਉਨ੍ਹਾ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਮੁੱਖ ਬਾਣੀ ਜਪੁਜੀ ਸਾਹਿਬ ਦੀ ਰਚਨਾ ਕੀਤੀ।ਜੇਕਰ ਉਹਨਾ ਵੱਲੋਂ ਦਿੱਤੀ ਧਰਮ ਦੀ ਸਿੱਖਿਆ ਨੂੰ ਅਸੀ ਦੇਖਦੇ ਹਾਂ ਤਾਂ ਕੇਵਲ ਜਪੁਜੀ ਸਾਹਿਬ ਦੇ ਅਰਥ ਵੱਖ ਵੱਖ 35-37 ਦੇ ਕਰੀਬ ਵਿਦਵਾਨਾਂ ਵੱਲੋਂ ਕੀਤੇ ਗਏ, ਅਰਥ ਯਾਨਿ ਟੀਕੇ ਵਿੱਚ ਵੱਖੋ-ਵੱਖਰੇ ਅਰਥ ਦਰਸਾਉਂਦੇ ਹਨ ਕਿ ਉਹਨਾ ਦੀ ਬਾਣੀ ਸਰਬ-ਵਿਆਪਕ ਹੈ ।ਗੁਰੂ ਨਾਨਕ ਦੇਵ ਜੀ ਕੁਦਰਤ ਨੂੰ ਬਹੁਤ ਪਿਆਰ ਕਰਨ ਦੇ ਨਾਲ ਲੋਕਾਈ ਨੂੰ ਹਮੇਸ਼ਾ ਇਸ ਦੀ ਤੁਲਨਾ ਪਰਵਾਰਕ ਰਿਸ਼ਤਿਆਂ ਨਾਲ ਕਰਕੇ ਸਾਨੂੰ ਕੁਦਰਤ ਨਾਲ ਪਿਆਰ, ਸਤਿਕਾਰ ਅਤੇ ਉਸ ਦੀ ਰੱਖਿਆ ਕਰਨ ਦਾ ਸੰਦੇਸ਼ ਮਿਲਦਾ ਹੈ।

ਉਨ੍ਹਾ ਧਰਤੀ ਨੂੰ ਮਾਤਾ,ਪਾਣੀ ਨੂੰ ਪਿਤਾ ਅਤੇ ਹਵਾ ਨੂੰ ਗੁਰੂ ਕਹਿ ਕਿ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਕਿ ਸਾਨੂੰ ਜ਼ਿੰਦਗੀ ਵਿੱਚ ਇਨ੍ਹਾਂ ਤਿੰਨਾਂ ਰਿਸ਼ਤਿਆਂ ਅਤੇ ਤਿੰਨੇ ਪਦਾਰਥਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।ਜੇਕਰ ਅਸੀਂ ਇਨ੍ਹਾਂ ਦੀ ਸੰਭਾਲ ਨਹੀ ਕਰਾਂਗੇ ਤਾਂ ਜੀਵਨ ਸੰਭਵ ਨਹੀ।

ਜੇਕਰ ਸਮਾਜ ਨੂੰ ਦਿੱਤੇ ਗਏ ਸੰਦੇਸ਼ ਨੂੰ ਦੇਖਦੇ ਹਾਂ ਤਾਂ ਉਨ੍ਹਾ ਦਾ ਸੰਦੇਸ਼ ਸਿਰਫ ਰੂਹਾਨੀ ਜਾਗਰੂਕਤਾ ਤੱਕ ਸੀਮਿਤ ਨਹੀਂ ਸੀ, ਬਲਕਿ ਉਨ੍ਹਾ ਸਮਾਜ ਦੇ ਹਰ ਪੱਖ ਨੂੰ ਸੁਧਾਰਨ ਲਈ ਕੰਮ ਕੀਤਾ।ਇਸ ਕਾਰਨ ਹੀ ਉਨ੍ਹਾ ਦੀਆਂ ਸਿੱਖਿਆਵਾਂ ਵਿੱਚ ਸੱਚਾਈ, ਸਨਮਾਨ, ਸਮਾਨਤਾ, ਨੈਤਿਕਤਾ ਅਤੇ ਅਨਿਆਂ ਦੇ ਵਿਰੋਧ ਦੀ ਮਹੱਤਵਪੂਰਨ ਭੂਮਿਕਾ ਸੀ ।ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਸਮਾਜ ਵਿੱਚ ਸਥਾਪਤ ਸਮਾਜਿਕ ਬੁਰਾਈਆਂ, ਜਿਵੇਂ ਗਰੀਬਾਂ ਦਾ ਸ਼ੋਸ਼ਣ,ਅੰਧ ਵਿਸ਼ਵਾਸ, ਜਾਤ-ਪਾਤ ਅਤੇ ਔਰਤਾਂ ਦੀ ਤਰਸਯੋਗ ਹਾਲਤ ਸੀ।ਇਸ ਕਾਰਨ ਹੀ ਉਨ੍ਹਾ ਉਸ ਸਮੇਂ ਦੇ ਹਾਕਮਾਂ ਦੇ ਲਾਲਚ, ਅਨੈਤਿਕ ਕਿਰਦਾਰ ਅਤੇ ਜ਼ੁਲਮਾਂ ਬਾਰੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ।

ਗੁਰੂ ਨਾਨਕ ਦੇਵ ਜੀ ਦੇ ਮੁੱਖ ਤਿੰਨ ਸਿਧਾਂਤ-ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਨੂੰ ਅੱਜ ਜੇਕਰ ਅਸੀਂ ਆਪਣੇ ਜੀਵਨ ਵਿੱਚ ਢਾਲ ਲੈਂਦੇ ਹਾਂ ਤਾਂ ਸਾਡੀ ਜ਼ਿੰਦਗੀ ਦੀਆਂ ਸਾਰੀਆਂ ਚਿੰਤਾਵਾਂ, ਦੁੱਖ, ਮਾਨਸਿਕ ਪ੍ਰੇਸ਼ਾਨੀਆਂ ਖਤਮ ਹੋ ਸਕਦੀਆਂ ਹਨ ।ਸਮਾਜਿਕ ਨਾ-ਬਰਾਬਰੀ, ਜਾਤ-ਪਾਤ ਦੇ ਵਖਰੇਵੇਂ ਮਨੁੱਖ ਵਿੱਚ ਨਕਾਰਤਾਮਕ ਸੋਚ ਪੈਦਾ ਕਰਦੇ, ਜਿਸ ਨਾਲ ਮਨ ਵਿੱਚ ਸ਼ੈਤਾਨੀ ਵਿਚਾਰ ਉਪਜਦੇ, ਜਿਸ ਨਾਲ ਮਨੁੱਖ ਗਲਤ ਕੰਮਾਂ ਵੱਲ ਜਾਂਦਾ ਹੈ ।ਸਭ ਤੋਂ ਪਹਿਲਾਂ ਔਰਤਾਂ ਬਾਰੇ ਆਵਾਜ਼ ਉਠਾਉਣ ਵਾਲੇ ਵੀ ਗੁਰੂ ਨਾਨਕ ਦੇਵ ਜੀ ਸਨ, ਜਿਹਨਾ ਉਪਦੇਸ਼ ਦਿੱਤਾ ਕਿ

ਸੋ ਕਿਉ ਮੰਦਾ ਆਖੀਐ ਜਿਤੁ ਜੰਮੇ ਰਾਜਾਨ ॥

ਉਸ ਸਮੇਂ ਇਹ ਅਵਾਜ਼ ਉਠਾਉਣੀ ਆਪਣੇ ਆਪ ਵਿੱਚ ਇੱਕ ਕ੍ਰਾਤੀਕਾਰੀ ਕਦਮ ਸੀ।ਉਹਨਾਂ ਸਦਭਾਵਨਾ ਅਤੇ ਭਾਈਚਾਰਕ ਏਕਤਾ ਦਾ ਸੰਦੇਸ਼ ਦਿੱਤਾ।

ਬਾਬਰ ਦੇ ਹਮਲਿਆਂ ਅਤੇ ਫੌਜੀ ਅੱਤਿਆਚਾਰਾਂ ਬਾਰੇ ਉਨ੍ਹਾ ਆਪਣੀ ਬਾਣੀ ਰਾਹੀਂ ਕਈ ਸਿੱਧੀਆਂ ਟਿੱਪਣੀਆਂ ਕੀਤੀਆਂ। ਗੁਰੂ ਜੀ ਨੇ ਬਾਬਰ ਦੀ ਹਮਲਾਵਰ ਨੀਤੀ ਅਤੇ ਉਸ ਦੀਆਂ ਫੌਜਾਂ ਦੁਆਰਾ ਕੀਤੇ ਜ਼ੁਲਮਾਂ 'ਤੇ ਖੁੱਲ ਕੇ ਲਿਖਿਆ ਅਤੇ ਬੋਲਿਆ ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਬਰ ਵੱਲੋਂ ਕੀਤੇ ਜਾ ਰਹੇ ਜ਼ੁਲਮ ਬਾਰੇ ਮਾਝ ਕੀ ਵਾਰ ਵਿੱਚ ਉਹਨਾ ਨੇ ਕਿਹਾ:

ਪਾਪ ਕੀ ਜੰਞ ਲਾਇ ਕੈ ਦਿਲੀ ਕੂ ਤੋਹਿ ਮੁਗਲ ਪਠਾਣਾ ॥

ਲੰਗਰ ਦੀ ਪ੍ਰਥਾ ਨੂੰ ਸ਼ੁਰੂ ਕਰਨ ਵਾਲੇ ਵੀ ਗੁਰੂ ਨਾਨਕ ਸਨ, ਜਿਨ੍ਹਾ ਉਸ ਸਮੇਂ ਜਾਤ-ਪਾਤ, ਅਮੀਰ-ਗਰੀਬ ਦੇ ਫਰਕ ਨੂੰ ਖਤਮ ਕਰਨ ਵਿੱਚ ਆਪਣਾ ਯੋਗਦਾਨ ਪਾਇਆ।1539 ਵਿੱਚ ਉਨ੍ਹਾ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣੀਆਂ ਸਿੱਖਿਆਵਾਂ ਨੂੰ ਲੋਕਾਂ ਤੱਕ ਪਹਚਾਉਣ ਲਈ ਭਾਈ ਲਹਿਣਾ ਨੂੰ ਆਪਣੇ ਵਾਰਿਸ ਵਜੋਂ ਨਿਯੁਕਤ ਕੀਤਾ, ਜੋ ਬਾਅਦ ਵਿੱਚ ਗੁਰੂ ਅੰਗਦ ਦੇਵ ਜੀ ਦੇ ਨਾਂਅ ਨਾਲ ਜਾਣੇ ਗਏ।

ਅੱਜ ਜਦੋਂ ਸਮਾਜ ਵਿੱਚ ਧਰਮ ਦੇ ਨਾਂਅ 'ਤੇ ਵੰਡੀਆਂ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਸਾਨੂੰ ਉਹਨਾ ਦੀ ਵਿਚਾਰਧਾਰਾ ਅਤੇ ਸੋਚ ਨੂੰ ਆਪਣੀ ਜ਼ਿੰਦਗੀ ਵਿੱਚ ਲਾਗੂ ਕਰਨਾ ਚਾਹੀਦਾ ਹੈ, ਜਿਥੇ ਅਸੀ ਉਹਨਾ ਵੱਲੋਂ ਸ਼ੁਰੂ ਕੀਤੀ ਲੰਗਰ ਪ੍ਰਥਾ ਅਤੇ ਉਹਨਾ ਵੱਲੋਂ ਦਿੱਤੇ ਗਏ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਸੰਦੇਸ਼ ਨੂੰ ਸਮਾਜ ਵਿੱਚ ਲਾਗੂ ਕਰੀਏ ।ਉਹਨਾ ਵੱਲੋਂ ਮਨੁੱਖਤਾ ਦੀ ਸੇਵਾ, ਧਰਮਾਂ ਦੀ ਬਰਾਬਰੀ, ਜਾਤਪਾਤ ਅਤੇ ਔਰਤਾਂ ਨਾਲ ਕੀਤੇ ਜਾ ਰਹੇ ਸ਼ੋਸ਼ਣ ਨੂੰ ਖਤਮ ਕਰਨ ਵਿੱਚ ਆਪਣਾ ਯੋਗਦਾਨ ਪਾਈਏ।

# ਸੰਪਰਕ : 9815139576

## ਗ੍ਰੰਥੀ ਸਿੰਘ ਦੇ ਘਰ 'ਚੋਂ ਗਹਿਣੇ, ਨਕਦੀ ਤੇ ਹੋਰ ਸਾਮਾਨ ਚੋਰੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬੇਟ ਇਲਾਕੇ ਦੇ ਪਿੰਡ ਕਾਉਂਕੇ ਵਿਖੇ ਚੋਰਾਂ ਨੇ ਇੱਕ ਸੁੰਨੇ ਪਏ ਘਰ ਨੂੰ ਨਿਸ਼ਾਨਾ ਬਣਾਉਂਦਿਆਂ ਉਸ 'ਚੋਂ ਹਜ਼ਾਰਾਂ ਰੁਪਏ ਨਕਦੀ, ਸੋਨੇ ਦੇ ਗਹਿਣੇ ਤੇ ਇੱਕ ਐੱਲਈਡੀ ਚੋਰੀ ਕਰ ਲਈ। ਪ੍ਰਾਪਤ ਜਾਣਕਾਰੀ ਅਨੁਸਾਰ ਘਰ ਦਾ ਮਾਲਕ ਨਛੱਤਰ ਸਿੰਘ, ਜੋ ਪੇਸ਼ੇ ਵਜੋਂ ਗ੍ਰੰਥੀ ਸਿੰਘ ਹੈ ਤੇ ਉਹ ਖੰਨਾ ਨੇੜਲੇ ਇੱਕ ਪਿੰਡ ਵਿੱਚ ਆਪਣੇ ਪਰਵਾਰ ਸਮੇਤ ਡਿਊਟੀ ਨਿਭਾ ਰਿਹਾ ਹੈ। ਪਿੰਡ ਕਾਉਂਕੇ ਵਿਖੇ ਉਸ ਦੇ ਘਰ ਨੂੰ ਤਾਲਾ ਲੱਗਾ ਹੋਇਆ ਸੀ ਅਤੇ ਨਾਲ ਲੱਗਦੇ ਘਰ ਵਿੱਚ ਉਸ ਦੇ ਭਰਾ ਤੇ ਮਾਤਾ ਰਹਿੰਦੇ ਹਨ। ਬੁੱਧਵਾਰ ਕਰੀਬ 12 ਵਜੇ ਜਦੋਂ ਉਸ ਦੀ ਮਾਤਾ ਆਪਣੇ ਪੁੱਤਰ ਨਛੱਤਰ ਸਿੰਘ ਦੇ ਘਰ ਗੇੜਾ ਮਾਰਨ ਗਈ ਤਾਂ ਉਸ ਨੇ ਦੇਖਿਆ ਕਿ ਮੇਨ ਦਰਵਾਜ਼ੇ ਦਾ ਤਾਲਾ ਟੁੱਟਾ ਹੋਇਆ ਸੀ। ਘਰ ਅੰਦਰ ਜਾ ਕੇ ਦੇਖਿਆ ਤਾਂ ਕਮਰਿਆਂ ਅੰਦਰ ਸਾਰਾ ਸਾਮਾਨ ਖਿੱਲਰਿਆ ਪਿਆ ਸੀ। ਚੋਰਾਂ ਵੱਲੋਂ ਕਮਰਿਆਂ 'ਚ ਪਏ ਬੈੱਡ, ਅਲਮਾਰੀਆਂ ਤੇ ਹੋਰ ਸਾਮਾਨ ਦੀ ਚੰਗੀ ਤਰ੍ਹਾਂ ਫਰੋਲਾ ਫਰਾਲੀ ਕੀਤੀ ਹੋਈ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਚੋਰ ਘਰ 'ਚ ਪਈ 37 ਹਜ਼ਾਰ ਰੁਪਏ ਦੇ ਕਰੀਬ ਨਕਦੀ, ਕੁਝ ਸੋਨੇ ਦੇ ਗਹਿਣੇ ਤੇ ਕਮਰੇ ਅੰਦਰ ਲੱਗੀ ਐੱਲ.ਈ.ਡੀ. ਵੀ ਚੋਰੀ ਕਰਕੇ ਲੈ ਗਏ। ਪਰਵਾਰ ਵੱਲੋਂ ਇਸ ਚੋਰੀ ਦੀ ਘਟਨਾ ਸਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ। ਬਹਿਲੋਲਪੁਰ ਪੁਲਸ ਚੌਕੀ ਇੰਚਾਰਜ ਬਲਵਿੰਦਰ ਸਿੰਘ ਨੇ ਮੌਕਾ ਦੇਖਿਆ ਤੇ ਆਸਪਾਸ ਇਲਾਕੇ ਦੀ ਜਾਂਚ ਕੀਤੀ ਜਾ ਰਹੀ ਹੈ।

## ਸ਼੍ਰੀਮਦ ਭਾਗਵਤ ਸਪਤਾਹ ਗਿਆਨ ਯੱਗ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ਼੍ਰੀ ਰਾਧੇ ਕ੍ਰਿਸ਼ਨਾ ਧਰਮ ਪ੍ਰਚਾਰ ਕਮੇਟੀ (ਰਜਿ.) ਦੀ ਮੀਟਿੰਗ ਪ੍ਰਧਾਨ ਹਰੀਸ਼ ਅਰੋੜਾ ਤੇ ਸਕੱਤਰ ਬੱਦਰੀ ਨਾਥ ਕੁਲਾਰ ਦੀ ਅਗਵਾਈ ਹੇਠ ਹੋਈ, ਜਿਸ ਦੌਰਾਨ ਪ੍ਰਬੰਧਕ ਕਮੇਟੀ ਤੇ ਮੁਹੱਲਾ ਸੰਕੀਰਤਨ ਵੱਲੋਂ 17 ਤੋਂ 24 ਨਵੰਬਰ ਤੱਕ ਕਰਾਏ ਜਾ ਰਹੇ ਸ਼੍ਰੀਮਦ ਭਾਗਵਤ ਸਪਤਾਹ ਗਿਆਨ ਯੱਗ ਬਾਰੇ ਕਮੇਟੀ ਮੈਂਬਰਾਂ ਨੂੰ ਜਾਣੂ ਕਰਾਇਆ ਅਤੇ ਇਸ ਯੱਗ ਦੀ ਸਫਲਤਾ ਲਈ ਵੱਖ-ਵੱਖ ਕਮੇਟੀ ਮੈਂਬਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ।ਕਮੇਟੀ ਪ੍ਰਧਾਨ ਹਰੀਸ਼ ਅਰੋੜਾ, ਸਕੱਤਰ ਬੱਦਰੀ ਨਾਥ ਕੁਲਾਰ ਨੇ ਦੱਸਿਆ ਕਿ ਇਸ ਗਿਆਨ ਯੱਗ ਨੂੰ ਲੈ ਕੇ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ ਤੇ 17 ਨਵੰਬਰ ਤੋਂ ਸ਼ੁਰੂ ਹੋਣ ਜਾ ਰਹੇ ਇਸ ਯੱਗ ਲਈ ਝੰਡਾ ਰਸਮ ਦੁਪਹਿਰ 3 ਵਜੇ ਅਦਾ ਕੀਤੀ ਜਾਵੇਗੀ ਤੇ ਰੋਜ਼ਾਨਾ ਦੁਪਹਿਰ 3 ਵਜੇ ਤੋਂ 6 ਵਜੇ ਤੱਕ ਕਥਾ ਹੋਵੇਗੀ ਅਤੇ ਰਾਜ ਕੁਮਾਰ ਚੌਧਰੀ ਮੁੱਖ ਯਜਮਾਨ ਵਜੋਂ ਸ਼ਿਰਕਤ ਕਰਨਗੇ।ਉਨ੍ਹਾਂ ਦੱਸਿਆ ਕਿ ਇਸ ਦੌਰਾਨ ਕਥਾ ਵਿਆਸ ਸ਼੍ਰੀ ਸ਼੍ਰੀ 1008 ਸਵਾਮੀ ਅਕਾਮਾਨੰਦ ਜੀ ਮਹਾਰਾਜ (ਹਰਿਦੁਆਰ ਵਾਲੇ) ਰੋਜ਼ਾਨਾ ਕਥਾ ਕਰਦੇ ਹੋਏ ਸ਼ਰਧਾਲੂਆਂ ਨੂੰ ਅੰਮ੍ਰਿਤਮਈ ਭਜਨਾਂ ਨਾਲ ਨਿਹਾਲ ਕਰਨਗੇ।ਉਨ੍ਹਾਂ ਦੱਸਿਆ ਕਿ ਕਥਾ ਨੂੰ ਲੈ ਕੇ ਸ਼ਰਧਾਲੂਆਂ ਵਿੱਚ ਪੂਰਾ ਉਤਸ਼ਾਹ ਹੈ ਤੇ ਉਨ੍ਹਾਂ ਸਮੂਹ ਸ਼ਰਧਾਲੂਆਂ ਨੂੰ ਇਸ ਕਥਾ ਵਿੱਚ ਸ਼ਾਮਲ ਹੋ ਕੇ ਆਪਣਾ ਜੀਵਨ ਸਫਲ ਬਣਾਉਣ ਦੀ ਅਪੀਲ ਕੀਤੀ।

## ਸਰਬੱਤ ਦਾ ਭਲਾ ਟਰੱਸਟ ਨੇ ਲੋੜਵੰਦ ਪਰਵਾਰਾਂ ਨੂੰ ਦਿੱਤੇ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਮਾਜਸੇਵੀ ਤੇ ਦੁਬਈ ਦੇ ਉਘੇ ਕਾਰੋਬਾਰੀ ਡਾ. ਸੁਰਿੰਦਰਪਾਲ ਸਿੰਘ ਓਬਰਾਏ ਵੱਲੋਂ ਚਲਾਈ ਜਾ ਰਹੀ ਸਮਾਜਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ਼ਹੀਦ ਭਗਤ ਸਿੰਘ ਪਾਰਕ ਤਲਵੰਡੀ ਭਾਈ ਵਿੱਚ ਕਰਵਾਏ ਗਏ ਇੱਕ ਸਾਦੇ ਸਮਾਗਮ ਦੌਰਾਨ ਤਲਵੰਡੀ ਭਾਈ ਤੇ ਮੁੱਦਕੀ ਇਲਾਕਿਆਂ ਨਾਲ ਸਬੰਧਤ 15 ਜ਼ਰੂਰਤਮੰਦ, ਵਿਧਵਾਵਾਂ ਤੇ ਅੰਗਹੀਣ ਪਰਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ।ਇਹ ਚੈੱਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ, ਸੀਨੀਅਰ ਮੈਂਬਰ ਜਸਪ੍ਰੀਤ ਕੌਰ ਤੇ ਪਾਲ ਸਿੰਘ ਵੱਲੋਂ ਵੰਡੇ ਗਏ।ਸੰਸਥਾ ਦੇ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ, ਸੀਨੀਅਰ ਮੈਂਬਰ ਜਸਪ੍ਰੀਤ ਕੌਰ ਤੇ ਮੈਂਬਰ ਪਾਲ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਓਬਰਾਏ ਵੱਲੋਂ ਲੋਕ ਭਲਾਈ ਦੇ ਕਈ ਹੋਰ ਕਾਰਜ ਸ਼ੁਰੂ ਕੀਤੇ ਹੋਏ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਜ਼ਿਲ੍ਹੇ ਅੰਦਰ ਹੋਰ ਸੇਵਾਵਾਂ ਵੀ ਸ਼ੁਰੂ ਕਰਨ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਸੀਨੀਅਰ ਮੈਂਬਰ ਜਸਪ੍ਰੀਤ, ਪਾਲ ਸਿੰਘ, ਪ੍ਰੇਮ ਮਨਚੰਦਾ ਹਾਜ਼ਰ ਸਨ।

# ਅਸਲੇ ਤੇ ਕਾਰ ਸਮੇਤ 2 ਭਗੌੜੇ ਗ੍ਰਿਫਤਾਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੀ.ਆਈ.ਏ. ਸਟਾਫ ਮੋਗਾ ਦੀ ਪੁਲਸ ਪਾਰਟੀ ਵੱਲੋਂ ਕਈ ਹੀਨੀਅਸ ਕ੍ਰਾਇਮ ਦੇ ਮੁਕੱਦਮਿਆਂ ਵਿੱਚ ਲੋੜੀਂਦੇ 2 ਭਗੌੜੇ ਕਾਬੂ ਕਰਕੇ ਇਨ੍ਹਾਂ ਪਾਸੋਂ 1 ਦੇਸੀ ਪਿਸਟਲ 32 ਬੋਰ ਸਮੇਤ 04 ਰੌਂਦ ਜ਼ਿੰਦਾ 32 ਬੋਰ ਤੇ ਵਰਨਾ ਕਾਰ ਬਰਾਮਦ ਕੀਤੀ। ਖੁਫੀਆ ਇੰਨਫੋਰਮੇਸ਼ਨ ਤੇ ਏ.ਐੱਸ.ਆਈ. ਬਲਵਿੰਦਰ ਸਿੰਘ ਨੰਬਰ:1304/ਮੋਗਾ ਸੀ.ਆਈ.ਏ. ਸਟਾਫ ਮੋਗਾ ਵੱਲੋਂ ਗੁਰਦੀਪ ਸਿੰਘ ਉਰਫ ਨੀਟਾ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਖੋਸਾ ਪਾਂਡੋ ਜ਼ਿਲ੍ਹਾ ਮੋਗਾ, ਲਵਪ੍ਰੀਤ ਸਿੰਘ ਉਰਫ ਲਵੀ ਪੁੱਤਰ ਬੂਟਾ ਸਿੰਘ ਵਾਸੀ ਖੋਸਾ ਪਾਂਡੋ ਜ਼ਿਲ੍ਹਾ ਮੋਗਾ, ਗੋਬਿੰਦ ਸਿੰਘ ਉਰਫ ਕੁੰਦਨ ਪੁੱਤਰ ਰੇਸ਼ਮ ਸਿੰਘ ਵਾਸੀ ਮਾਨੂਕੇ ਜ਼ਿਲ੍ਹਾ ਮੋਗਾ, ਦਵਿੰਦਰ ਸਿੰਘ ਉਰਫ ਬਾਬਾ ਪੁੱਤਰ ਅਵਤਾਰ ਸਿੰਘ ਵਾਸੀ ਕਾਲੇਕੇ ਜ਼ਿਲ੍ਹਾ ਮੋਗਾ, ਜਸਪ੍ਰੀਤ ਰਾਮ ਉਰਫ ਜੱਸੀ ਪੁੱਤਰ ਤਰਸੇਮ ਲਾਲ ਵਾਸੀ ਰਾਜੇਆਣਾ ਜ਼ਿਲ੍ਹਾ ਮੋਗਾ ਦੇ ਖਿਲਾਫ ਮੁਕੱਦਮਾ ਥਾਣਾ ਮੈਹਿਣਾ ਦਰਜ ਕੀਤਾ ਗਿਆ ਸੀ। ਇਸ ਕੇਸ ਵਿੱਚ ਮੁਲਜ਼ਮ ਗੁਰਦੀਪ ਸਿੰਘ ਉਰਫ ਨੀਟਾ ਨੂੰ ਮਿਤੀ 31.10.2024 ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਕੇਸ ਵਿੱਚ ਮੁਲਜ਼ਮ ਜਸਪ੍ਰੀਤ ਰਾਮ ਉਰਫ ਜੱਸੀ ਪੁੱਤਰ ਤਰਸੇਮ ਲਾਲ ਵਾਸੀ ਰਾਜੇਆਣਾ ਜ਼ਿਲ੍ਹਾ ਮੋਗਾ ਤੇ ਦਵਿੰਦਰ ਸਿੰਘ ਉਰਫ ਬਾਬਾ ਪੁੱਤਰ ਅਵਤਾਰ ਸਿੰਘ ਵਾਸੀ ਕਾਲੇਕੇ ਜ਼ਿਲ੍ਹਾ ਮੋਗਾ ਦੀ ਗ੍ਰਿਫਤਾਰ ਬਾਕੀ ਸੀ, ਜਿਨ੍ਹਾਂ ਨੂੰ ਸੀ ਆਈ ਏ ਸਟਾਫ ਮੋਗਾ ਦੀ ਪੁਲਸ ਪਾਰਟੀ ਵੱਲੋਂ ਮਿਤੀ:14.11.2024 ਨੂੰ ਪੁਲ ਡਰੇਨ ਲਿੰਕ ਰੋਡ ਚੁਗਾਵਾਂ ਨੂੰ ਕਾਰ ਵਰਨਾ ਰੰਗ ਚਿੱਟਾ ਨੰਬਰੀ : ਪੀ ਬੀ 29-17-2680 ਦੇ ਕਾਬੂ ਕਰਕੇ ਇਨ੍ਹਾਂ ਪਾਸੋਂ 1 ਪਿਸਟਲ 32 ਬੋਰ ਸਮੇਤ 4 ਜ਼ਿੰਦਾ ਰੌਂਦ 32 ਬੋਰ ਬਰਾਮਦ ਕੀਤੇ ਗਏ। ਉਕਤ ਮੁਕੱਦਮੇ ਵਿੱਚ ਗ੍ਰਿਫਤਾਰ ਕੀਤੇ ਗਏ ਦੋਸ਼ੀਆਨ ਜਸਪ੍ਰੀਤ ਰਾਮ ਉਰਫ ਜੱਸੀ ਤੇ ਦਵਿੰਦਰ ਸਿੰਘ ਉਰਫ ਬਾਬਾ ਕਈ ਮੁਕੱਦਮਿਆਂ ਵਿੱਚੋਂ ਭਗੌੜੇ ਚੱਲ ਰਹੇ ਸਨ, ਇਨ੍ਹਾਂ ਨੇ ਪਿਛਲੇ 2/3 ਮਹੀਨਿਆਂ ਵਿੱਚ ਕੁੱਟਮਾਰ, ਫਾਇਰਿੰਗ ਤੇ ਕਤਲ ਦੀਆਂ ਕਈ ਵਾਰਦਾਤਾਂ ਕੀਤੀਆਂ ਸਨ, ਇਨ੍ਹਾਂ ਵੱਲੋਂ ਪੰਚਾਇਤੀ ਇਲੈਕਸ਼ਨਾਂ ਦੌਰਾਨ ਪਿੰਡ ਕੋਟਲਾ ਮੇਹਰ ਸਿੰਘ ਵਾਲਾ ਪੋਲਿੰਗ ਬੂਥ ਅੰਦਰ ਫਾਇਰ ਕੀਤੀ ਸੀ, ਜਿੱਥੇ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ।

## ਮੋਟੀਵੇਟਰ ਯੂਨੀਅਨ ਵੱਲੋਂ ਜਲ ਮੰਤਰੀ ਦੀ ਕੋਠੀ ਦਾ ਘਿਰਾਓ 19 ਨੂੰ

**ਬਰੇਟਾ (ਗੋਬਿੰਦ ਸ਼ਰਮਾ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ ਬਤੌਰ ਮੋਟੀਵੇਟਰ ਕੰਮ ਕਰ ਰਹੇ ਵਰਕਰਾਂ ਨੇ ਜਲ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ। ਜਾਣਕਾਰੀ ਦਿੰਦਿਆਂ ਸੂਬਾ ਪ੍ਰਧਾਨ ਰਵਿੰਦਰ ਅਲੀਸ਼ੇਰ ਤੇ ਰਣਜੀਤ ਰਾਣਾ ਨੇ ਦੱਸਿਆ ਕਿ ਉਹ ਜਲ ਸਪਲਾਈ ਵਿਭਾਗ ਵਿੱਚ ਪਿਛਲੇ 7-8 ਸਾਲਾਂ ਤੋਂ ਬਿਨਾਂ ਕਿਸੇ ਮਹੀਨਾਵਾਰ ਤਨਖਾਹ 'ਤੇ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। 7 ਸਾਲਾਂ ਤੋਂ ਵਿਭਾਗ ਉਨ੍ਹਾਂ ਨਾਲ ਮੀਟਿੰਗ-ਮੀਟਿੰਗ ਦੀ ਖੇਡ ਖੇਲ ਰਿਹਾ ਹੈ ਅਤੇ ਹਰ ਮੀਟਿੰਗ ਵਿੱਚ ਪਾਲਿਸੀ ਬਣਾਉਣ ਦਾ ਵਾਅਦਾ ਕਰਕੇ ਆਪਣੇ ਹੀ ਬਿਆਨਾਂ ਤੋਂ ਭੱਜ ਜਾਂਦਾ ਹੈ। ਜਾਣਕਾਰੀ ਦਿੰਦਿਆਂ ਸੂਬਾ ਸਕੱਤਰ ਰਵੀ ਕੁਲਰੀਆ ਤੇ ਸਤਨਾਮ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਕੀਤੇ ਐਲਾਨ ਨੂੰ ਵੀ ਵਿਭਾਗ ਟਿੱਚ ਜਾਣਦਾ ਹੈ। ਯੂਨੀਅਨ ਆਗੂਆਂ ਵੱਲੋਂ ਲਗਾਤਾਰ ਜਲ ਮੰਤਰੀ ਨਾਲ ਕਈ ਵਾਰ ਮੀਟਿੰਗ ਕਰਨ ਲਈ ਸੰਪਰਕ ਕੀਤਾ ਗਿਆ, ਪ੍ਰੰਤੂ ਜਲ ਮੰਤਰੀ ਵੱਲੋਂ ਕੋਈ ਜਵਾਬ ਨਾ ਦਿੱਤਾ ਗਿਆ, ਜਿਸ ਕਾਰਨ ਵਰਕਰਾਂ ਵੱਲੋਂ 19 ਨਵੰਬਰ ਨੂੰ ਜਲ ਸਪਲਾਈ ਮੰਤਰੀ ਦੀ ਵੀਰ ਪੈਲੇਸ ਨੇੜੇ ਰਿਹਾਇਸ਼ 'ਤੇ ਗੁਪਤ ਐਕਸ਼ਨ ਪਲਾਨ ਕਰਨ ਦਾ ਐਲਾਨ ਕੀਤਾ ਹੈ। ਇਸ ਮੌਕੇ ਜਗਸੀਰ ਸੰਗਰੂਰ, ਹੁੰਦਲ ਗੁਰਦਾਸਪੁਰ, ਰਾਜਾ ਮੁਕਤਸਰ, ਜਗਜੀਤ ਬਠਿੰਡਾ, ਰਵਿੰਦਰ ਹਾਜੀਪੁਰ, ਹੈਪੀ ਪਠਾਨਕੋਟ ਤੇ ਗੁਰਿੰਦਰ ਸਮਰਾ ਆਦਿ ਹਾਜ਼ਰ ਸਨ।

# ਭੇਦਭਰੀ ਹਾਲਤ 'ਚ ਲਾਸ਼ ਖਤਾਨਾਂ 'ਚੋਂ ਮਿਲੀ, ਪਤਨੀ ਸਣੇ 3 ਨਾਮਜ਼ਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**



ਮ੍ਰਿਤਕ ਦੀ ਤਸਵੀਰ

ਪਿੰਡ ਹੁਸੈਨਪੁਰਾ ਦੇ ਇੱਕ ਵਿਅਕਤੀ ਦੀ ਭੇਤ ਭਰੇ ਹਾਲਾਤਾਂ 'ਚ ਖ਼ਤਾਨਾਂ ਚੋਂ ਲਾਸ਼ ਮਿਲਣ ਉਪਰੰਤ ਬਸੀ ਪਠਾਣਾਂ ਪੁਲਸ ਵੱਲੋਂ ਮ੍ਰਿਤਕ ਦੀ ਪਤਨੀ ਸਣੇ ਤਿੰਨ ਵਿਅਕਤੀਆਂ ਵਿਰੁੱਧ ਕਤਲ ਦੀਆਂ ਧਾਰਾਵਾਂ ਤਹਿਤ ਮੁੱਕਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਮ੍ਰਿਤਕ ਦੀ ਪਛਾਣ ਇਲੈਕਟ੍ਰੀਸ਼ਨ ਦਾ ਕੰਮ ਕਰਨ ਵਾਲੇ ਸੁਖਦੇਵ ਸਿੰਘ (44) ਵਾਸੀ ਪਿੰਡ ਹੁਸੈਨਪੁਰਾ ਵਜੋਂ ਹੋਈ ਹੈ।ਮ੍ਰਿਤਕ ਦੇ ਭਰਾ ਕੁਲਵਿੰਦਰ ਸਿੰਘ ਵਾਸੀ ਪਿੰਡ ਹੁਸੈਨਪੁਰਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸਦਾ ਵੱਡਾ ਭਰਾ ਸੁਖਦੇਵ ਸਿੰਘ ਆਪਣੀ ਪਤਨੀ ਕੁਲਦੀਪ ਕੌਰ ਅਤੇ ਦੋ ਬੱਚਿਆਂ ਨਾਲ ਪਿੰਡ ਵਿੱਚ ਹੀ ਬਣੇ ਵੱਖਰੇ ਮਕਾਨ ਵਿੱਚ ਰਹਿੰਦਾ ਸੀ।ਸ਼ਿਕਾਇਤਕਰਤਾ ਨੇ ਦੋਸ਼ ਲਾਏ ਕਿ ਉਸਦੇ ਭਰਾ ਸੁਖਦੇਵ ਸਿੰਘ ਦੀ ਪਤਨੀ ਕੁਲਦੀਪ ਕੌਰ ਦੇ ਗੁਰਪ੍ਰੀਤ ਸਿੰਘ ਵਾਸੀ ਪਿੰਡ ਭੋਜੇਮਾਜਰਾ (ਰੂਪਨਗਰ) ਨਾਲ ਨਜਾਇਜ਼ ਸਬੰਧ ਸਨ, ਜਿਸ ਦੇ ਚੱਲਦਿਆਂ ਕੁਲਦੀਪ ਕੌਰ ਕੁਝ ਸਮਾਂ ਪਹਿਲਾਂ ਗੁਰਪ੍ਰੀਤ ਸਿੰਘ ਦੇ ਨਾਲ ਕਿਧਰੇ ਚਲੇ ਗਈ ਸੀ, ਜਿਸ ਤੋਂ ਕੁਝ ਚਿਰ ਬਾਅਦ ਉਹ ਫਿਰ ਪਿੰਡ ਵਾਪਸ ਆ ਕੇ ਆਪਣੇ ਪਤੀ ਸੁਖਦੇਵ ਸਿੰਘ ਦੇ ਘਰ ਰਹਿਣ ਲੱਗ ਪਈ।ਕੁਲਵਿੰਦਰ ਸਿੰਘ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਤੇ ਉਸਦਾ ਭਰਾ ਹਰਜਸਪ੍ਰੀਤ ਸਿੰਘ ਅਕਸਰ ਕੁਲਦੀਪ ਕੌਰ ਨੂੰ ਮਿਲਣ ਉਸਦੇ ਭਰਾ ਸੁਖਦੇਵ ਸਿੰਘ ਦੇ ਘਰ ਆਉਂਦੇ-ਜਾਂਦੇ ਰਹਿੰਦੇ ਸਨ ਤੇ ਸੁਖਦੇਵ ਸਿੰਘ ਨੂੰ ਧਮਕਾਉਂਦੇ ਰਹਿੰਦੇ ਸਨ, ਜਿਸ ਬਾਰੇ ਸੁਖਦੇਵ ਸਿੰਘ ਨੇ ਉਸ ਨੂੰ ਵੀ ਦੱਸਿਆ ਸੀ ਕਿ ਉਹ ਤਾਂ ਸ਼ਰਮ ਦਾ ਮਾਰਾ ਉਕਤ ਵਿਅਕਤੀਆਂ ਦੀ ਸ਼ਿਕਾਇਤ ਲੈ ਕੇ ਪੁਲਸ ਕੋਲ ਨਹੀਂ ਜਾਂਦਾ। ਸੁਖਦੇਵ ਸਿੰਘ ਦੀ ਲਾਸ਼ ਅੱਜ ਸਵੇਰੇ ਕਰੀਬ 8 ਵਜੇ ਪਿੰਡ ਆਲਮਪੁਰ ਦੇ ਸੂਏ ਨਜ਼ਦੀਕ ਖਤਾਨਾਂ 'ਚ ਪਈ ਮਿਲੀ। ਸ਼ਿਕਾਇਤਕਰਕਤਾ ਦੇ ਬਿਆਨਾਂ 'ਤੇ ਗੁਰਪ੍ਰੀਤ ਸਿੰਘ, ਹਰਜਸਪ੍ਰੀਤ ਸਿੰਘ ਵਾਸੀਆਨ ਪਿੰਡ ਭੋਜੇਮਾਜਰਾ (ਰੂਪਨਗਰ) ਤੇ ਕੁਲਦੀਪ ਕੌਰ ਵਾਸੀ ਪਿੰਡ ਹੁਸੈਨਪੁਰਾ ਵਿਰੁੱਧ ਅ/ਧ 103 (1), 3 (5) ਬੀ.ਐਨ.ਐਸ. ਤਹਿਤ ਮੁੱਕਦਮਾ ਦਰਜ ਕਰਕੇ ਥਾਣਾ ਬਸੀ ਪਠਾਣਾਂ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

ਡੀ.ਐਸ.ਪੀ. ਰਾਜ ਕੁਮਾਰ ਨੇ ਦੱਸਿਆ ਕਿ ਸੁਖਦੇਵ ਸਿੰਘ ਵਾਸੀ ਪਿੰਡ ਹੁਸੈਨਪੁਰਾ ਦੀ ਲਾਸ਼ ਪਿੰਡ ਆਲਮਪੁਰ ਦੇ ਸੂਏ ਕੋਲੋਂ ਮਿਲੀ ਹੈ, ਜਿਸ ਨੂੰ ਕਬਜ਼ੇ 'ਚ ਲੈ ਕੇ ਮਾਮਲੇ ਦੀ ਡੂੰਘਾਈ ਨਾਲ ਤਫ਼ਤੀਸ਼ ਕੀਤੀ ਜਾ ਰਹੀ ਹੈ ਤੇ ਦੋਸ਼ੀਆਂ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਹਰਗੋਬਿੰਦ ਕੌਰ ਦਾ ਮਰਨ ਵਰਤ ਤੀਜੇ ਦਿਨ 'ਚ ਦਾਖਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਿਪਟੀ ਕਮਿਸ਼ਨਰ ਦਫਤਰ ਸ੍ਰੀ ਮੁਕਤਸਰ ਸਾਹਿਬ ਵਿਖੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਤੇ ਮਸਲਿਆਂ ਨੂੰ ਲੈ ਕੇ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਵੱਲੋਂ ਰੱਖਿਆ ਗਿਆ ਮਰਨ ਵਰਤ ਤੀਜੇ ਦਿਨ ਵਿੱਚ ਦਾਖਲ ਹੋ ਗਿਆ ਹੈ। ਇਸ ਮੌਕੇ ਵਰਕਰਾਂ ਤੇ ਹੈਲਪਰਾਂ ਨੇ ਪੰਜਾਬ ਸਰਕਾਰ, ਵਿਭਾਗ ਦੀ ਮੰਤਰੀ ਡਾਕਟਰ ਬਲਜੀਤ ਕੌਰ ਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਖਿਲਾਫ ਜ਼ੋਰਦਾਰ ਨਾਹਰੇਬਾਜ਼ੀ ਕੀਤੀ ਤੇ ਮੰਗ ਕੀਤੀ ਕਿ ਯੂਨੀਅਨ ਦੀ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀਆਂ ਮਹਿਕਮੇ ਵੱਲੋਂ ਖਤਮ ਕੀਤੀਆਂ ਗਈਆਂ ਸੇਵਾਵਾਂ ਨੂੰ ਬਹਾਲ ਕੀਤਾ ਜਾਵੇ ਅਤੇ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਮੰਨੀਆਂ ਜਾਣ। ਇਸ ਮੌਕੇ ਗੁਰਮੀਤ ਕੌਰ ਗੋਨੇਆਣਾ, ਸ਼ਿੰਦਰਪਾਲ ਕੌਰ ਥਾਂਦੇਵਾਲਾ, ਅੰਮ੍ਰਿਤਪਾਲ ਕੌਰ ਬੱਲੂਆਣਾ, ਸਨੈਣਾ ਗੋਨੇਆਣਾ, ਰਾਜਵੰਤ ਕੌਰ ਕੋਠੇ ਨਾਥੇਆਣਾ, ਜਸਵੀਰ ਕੌਰ ਲੱਖੀ ਜੰਗਲ, ਕੁਲਦੀਪ ਕੌਰ ਕੋਠੇ, ਕਰਤਾਰ ਸਿੰਘ, ਮਨਪ੍ਰੀਤ ਕੌਰ ਹਰ ਰਾਏਪੁਰ, ਸ਼ਿੰਦਰ ਕੌਰ ਅਬਲੂ, ਦਰਸ਼ਨ ਕੌਰ ਕੋਠੇ ਲਾਲ ਸਿੰਘ, ਰਮਨਦੀਪ ਕੌਰ ਕੋਠੇ ਕੋਹਰ ਸਿੰਘ ਵਾਲਾ, ਜਸਵਿੰਦਰ ਕੌਰ ਹਰੀ ਨੌਂ, ਵੀਰਪਾਲ ਕੌਰ ਭਾਗਸਰ, ਗੁਰਦੀਪ ਕੌਰ ਝਬੇਲਵਾਲੀ, ਹਰਪ੍ਰੀਤ ਕੌਰ ਸੰਗੂਧੌਣ ਤੇ ਸੰਦੀਪ ਕੌਰ ਚੜੇਵਾਨ ਆਦਿ ਆਗੂ ਮੌਜੂਦ ਸਨ।

## ਗੁਰਮਤਿ ਸਮਾਗਮ ਭਲਕੇ

ਚੌਕੀਮਾਨ (ਬਲਬੀਰ ਮਾਨ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਤ ਗੁਰਮਤਿ ਸਮਾਗਮ 16 ਨਵੰਬਰ ਸ਼ਾਮ 6 ਵਜੇ ਤੋਂ ਲੈ ਕੇ ਰਾਤੀਂ ਅੱਠ ਵਜੇ ਤੱਕ ਗੁਰਦਵਾਰਾ ਬੁਰਜ ਸਾਹਿਬ ਪਿੰਡ ਚੌਕੀਮਾਨ ਵਿਖੇ ਕਰਵਾਇਆ ਜਾ ਰਿਹਾ ਹੈ। ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ ਦਿੰਦਿਆਂ ਭਾਈ ਗੁਰਦੀਪ ਸਿੰਘ ਨੇ ਦੱਸਿਆ ਕਿ ਸ਼ਾਮ 6 ਵਜੇ ਤੋਂ ਲੈ ਕੇ 7 ਵਜੇ ਤੱਕ ਹਜ਼ੂਰੀ ਰਾਗੀ ਭਾਈ ਰਾਜਿੰਦਰ ਸਿੰਘ ਚੌਕੀਮਾਨ ਤੇ ਸਾਥੀ ਕੀਰਤਨ ਦੀ ਹਾਜ਼ਰੀ ਭਰਨਗੇ। 7 ਵਜੇ ਤੋਂ ਰਾਤੀਂ ਅੱਠ ਵਜੇ ਤੱਕ ਕਥਾਵਾਚਕ ਭਾਈ ਜਸਵਿੰਦਰ ਸਿੰਘ ਲੁਧਿਆਣੇ ਵਾਲੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਸਾਖੀਆਂ ਦੀ ਵਿਆਖਿਆ ਕਰਦੇ ਹੋਏ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਗੁਰੂ ਦਾ ਲੰਗਰ ਵੀ ਅਤੁੱਟ ਵਰਤਾਇਆ ਜਾਵੇਗਾ।

## ਝੋਨੇ ਦੀ ਖਰੀਦ ਤੇ ਚੁਕਾਈ ਦੀ ਢਿੱਲੀ ਰ.ਫ਼ਤਾਰ ਖਿਲਾ.ਫ਼ ਨਾਅਰੇਬਾਜ਼ੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਦਾਣਾ ਮੰਡੀਆਂ ਵਿੱਚ ਝੋਨੇ ਖਰੀਦ ਤੇ ਚੁਕਾਈ ਦੇ ਸਹੀ ਪ੍ਰਬੰਧ ਨਾ ਹੋਣ ਖਿਲਾ.ਫ਼ ਭਾਕਿਯੂ ਡਕੌਂਦਾ (ਧਨੇਰ) ਬਲਾਕ ਮਹਿਲ ਕਲਾਂ ਵੱਲੋਂ ਸੂਬਾ ਕਮੇਟੀ ਦੇ ਸੱਦੇ ਉੱਪਰ ਕੇਂਦਰ ਤੇ ਰਾਜ ਸਰਕਾਰ ਖਿਲਾ.ਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਵੱਲੋਂ ਕਿਸਾਨ ਆਗੂਆਂ ਵਿਰੁੱਧ ਕੀਤੀ ਬੇਤੁਕੀ ਬਿਆਨਬਾਜ਼ੀ ਦੇ ਵਿਰੁੱਧ ਬਜ਼ਾਰਾਂ 'ਚ ਰੋਸ ਮਾਰਚ ਕਰਨ ਉਪਰੰਤ ਦਾਣਾ ਮੰਡੀ ਮਹਿਲ ਕਲਾਂ ਦੇ ਗੇਟ ਮੂਹਰੇ ਰਵਨੀਤ ਬਿੱਟੂ ਦਾ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ।ਜ਼ਿਲ੍ਹਾ ਆਗੂ ਜਗਰਾਜ ਸਿੰਘ ਹਰਦਾਸਪੁਰਾ, ਗੁਰਦੇਵ ਸਿੰਘ ਮਾਂਗੇਵਾਲ ਨੇ ਦਾਣਾ ਮੰਡੀਆਂ ਚ ਕਿਸਾਨਾਂ ਦੀ ਹੋ ਰਹੀ ਦੁਰਦਸ਼ਾ ਦੀ ਤਿੱਖੀ ਅਲੋਚਨਾ ਕਰਦਿਆ ਕਿਹਾ ਕਿ ਖਰੀਦ ਏਜੰਸੀਆਂ ਵੱਲੋਂ ਨਮੀ ਦਾ ਬਹਾਨਾ ਬਣਾ ਕੇ ਕਿਸਾਨਾਂ ਦੇ ਝੋਨੇ ਨੂੰ ਮੰਡੀਆਂ ਵਿੱਚ ਰੋਲ ਕੇ ਅੰਨ੍ਹਦਾਤੇ ਨੂੰ ਖੱਜਲ ਕੀਤਾ ਜਾ ਰਿਹਾ ਹੈ।ਖਰੀਦ ਇੰਸਪੈਕਟਰ ਹੁਣ 17 ਫ਼ੀਸਦੀ ਨਮੀਂ ਵਾਲਾ ਝੋਨਾ ਖਰੀਦ ਰਹੇ ਹਨ, ਜਦ ਕਿ ਅਚਾਨਕ ਹੋਈ ਮੌਸਮ ਦੀ ਤਬਦੀਲੀ ਕਾਰਨ ਝੋਨੇ 'ਚ ਹਰ ਰੋਜ਼ ਨਮੀ ਦੀ ਮਾਤਰਾ ਵਧਣ ਲੱਗ ਪਈ ਹੈ।ਹੁਣ ਸਰਕਾਰ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਮੁੱਖ ਰੱਖਦੇ ਹੋਏ 20 ਫ਼ੀਸਦੀ ਨਮੀ ਵਾਲਾ ਝੋਨਾ ਖਰੀਦਣ ਦੀਆਂ ਹਦਾਇਤਾਂ ਜਾਰੀ ਕਰੇ।ਨਾਲ ਹੀ ਖਰੀਦ ਤੇ ਚੁਕਾਈ ਤੇਜ਼ ਕਰਕੇ ਕਿਸਾਨਾਂ ਨੂੰ ਤੁਰੰਤ ਵਿਹਲੇ ਕੀਤਾ ਜਾਵੇ, ਤਾਂ ਜੁ ਉਹ ਅਗਲੀ ਫ਼ਸਲ ਕਣਕ ਦੀ ਬਿਜਾਈ ਸਮੇਂ ਸਿਰ ਮੁਕੰਮਲ ਕਰ ਸਕਣ।ਆਗੂਆਂ ਨੇ ਰਵਨੀਤ ਬਿੱਟੂ ਵੱਲੋਂ ਕਿਸਾਨ ਆਗੂਆਂ ਦੀ ਜਾਇਦਾਦਾਂ ਦੀ ਪੜਤਾਲ ਕਰਾਉਣ ਬਾਰੇ ਦਿੱਤੇ ਬਿਆਨ ਦੀ ਕਰੜੀ ਨਿੰਦਾ ਕਰਦਿਆਂ ਸਪੱਸ਼ਟ ਕਿਹਾ ਕਿ ਕਿਸਾਨ ਆਗੂਆਂ ਦੀਆਂ ਜਾਇਦਾਦਾਂ ਦੀ ਜਾਂਚ ਤਾਂ ਕਰ ਲਵੋ, ਪ੍ਰੰਤੂ ਪਹਿਲਾਂ ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਦੀਆਂ ਜਾਇਦਾਦਾਂ ਦੀਆਂ ਪੜਤਾਲ ਜ਼ਰੂਰ ਹੋਣੀ ਚਾਹੀਦੀ ਹੈ। ਜਿਨ੍ਹਾਂ ਸੱਤ ਦਹਾਕਿਆਂ ਤੱਕ ਆਪਣੀਆਂ ਜਾਇਦਾਦਾਂ ਬਣਾਉਣ ਲਈ ਲੋਕਾਂ ਦਾ ਖ਼ੂਨ ਚੂਸਿਆ ਹੈ।ਬਲਾਕ ਪ੍ਰਧਾਨ ਨਾਨਕ ਸਿੰਘ ਅਮਲਾ ਸਿੰਘ ਵਾਲਾ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਨਾਂਅ ਇਕ ਮੰਗ ਪੱਤਰ ਮਾਰਕੀਟ ਕਮੇਟੀ ਮਹਿਲ ਕਲਾਂ ਦੇ ਅਧਿਕਾਰੀਆਂ ਨੂੰ ਸੌਂਪਿਆ ਗਿਆ।

## ਮਾਊਂਟ ਲਿਟਰਾ ਜੀ ਸਕੂਲ 'ਚ ਗੁਰਪੁਰਬ ਧੂਮਧਾਮ ਨਾਲ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਸੀ.ਬੀ.ਐੱਸ.ਈ. ਬੋਰਡ ਦਿੱਲੀ ਤੋਂ ਐਫੀਲਿਏਟਡ ਮਾਊਂਟ ਲਿਟਰਾ ਜੀ ਸਕੂਲ, ਰਾਮਪੁਰਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਅੱਠਵੀਂ ਸੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਸਮਾਗਮ ਦੀ ਸ਼ਬਦ ਗਾਇਨ ਨਾਲ ਸ਼ੁਰੂਆਤ ਕੀਤੀ ਗਈ। ਉਪਰੰਤ ਸਮਾਗਮ ਨਾਲ ਸਬੰਧਤ ਕਵਿਤਾ ਤੇ ਨਾਟਕ ਪੇਸ਼ ਕੀਤਾ ਗਿਆ, ਜਿਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਨਾਟਕੀ ਢੰਗ ਨਾਲ ਪੇਸ਼ ਕੀਤਾ ਗਿਆ ਅਤੇ ਉਨ੍ਹਾਂ ਦੇ ਜੀਵਨ ਨਾਲ ਸਬੰਧਤ ਭਾਸ਼ਣ ਵੀ ਪੇਸ਼ ਕੀਤਾ ਗਿਆ।

ਇਸ ਭਾਸ਼ਣ ਰਾਹੀਂ ਬੱਚਿਆਂ ਨੂੰ ਗੁਰੂ ਜੀ ਵੱਲੋਂ ਦਿੱਤੀਆਂ ਸਿੱਖਿਆਵਾਂ ਤੇ ਸੰਦੇਸ਼ਾਂ ਬਾਰੇ ਅਤੇ ਉਨ੍ਹਾਂ ਦੇ ਸੰਘਰਸ਼ਾਂ ਬਾਰੇ ਦੱਸਿਆ ਗਿਆ। ਇਸ ਤੋਂ ਬਾਅਦ ਕਿੰਡਰਗਾਰਟਨ, ਪਹਿਲੀ ਤੇ ਦੂਜੀ ਜਮਾਤ ਦੇ ਬੱਚਿਆਂ ਨੂੰ ਉਨ੍ਹਾਂ ਦੇ ਅਧਿਆਪਕਾਂ ਨਾਲ ਗੁਰਪੁਰਬ ਦੇ ਸ਼ੁਭ ਮੌਕੇ ਗੁਰਦੁਆਰਾ ਸਾਹਿਬ ਗੁਰੂਸਰ ਵਿਖੇ ਦਰਸ਼ਨਾਂ ਲਈ ਲਿਜਾਇਆ ਗਿਆ, ਜਿੱਥੇ ਬੱਚਿਆਂ ਨੇ ਬੜੀ ਸ਼ਰਧਾ ਭਾਵਨਾ ਨਾਲ ਪਾਠ ਸੁਣਿਆ।

ਉਪਰੰਤ ਬੱਚਿਆਂ ਨੇ ਲੰਗਰ ਛਕਿਆ। ਇਸ ਪਵਿੱਤਰ ਦਿਹਾੜੇ ਮੌਕੇ ਸਕੂਲ ਪ੍ਰਧਾਨ ਸ੍ਰੀ ਗਗਨ ਬਾਂਸਲ, ਜਨਰਲ ਸਕੱਤਰ ਸ੍ਰੀਮਤੀ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਸ੍ਰੀਮਤੀ ਗੀਤਾ ਪਿੱਲੇ ਨੇ ਕਿਹਾ ਕਿ ਬੱਚਿਆਂ ਨੂੰ ਹਰ ਧਰਮ ਦੀ ਜਾਣਕਾਰੀ ਦੇਣ ਲਈ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੇ ਧਾਰਮਿਕ ਸਮਾਗਮ ਕਰਵਾਏ ਜਾਣਗੇ ਤਾਂ ਜੋ ਹਰ ਧਰਮ ਬਾਰੇ ਬੱਚਿਆਂ ਵਿੱਚ ਜਾਗਰੂਕਤਾ ਆ ਸਕੇ ਅਤੇ ਹਰ ਧਰਮ ਦਾ ਸਤਿਕਾਰ ਕਰਨ ਸਿੱਖਣ ਦੇ ਨਾਲ-ਨਾਲ ਉਨ੍ਹਾਂ ਵਿੱਚ ਦਿੱਤੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾ ਸਕਣ।




# ਡਿਪਟੀ ਕਮਿਸ਼ਨਰ ਨੇ ਪ੍ਰਕਾਸ਼ ਪੁਰਬ ਮੌਕੇ ਸਜਾਏ ਨਗਰ ਕੀਰਤਨ 'ਚ ਕੀਤੀ ਸ਼ਿਰਕਤ



ਸੁਲਤਾਨਪੁਰ ਲੋਧੀ, (ਨਵਕਿਰਨ)- ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਵਲੋਂ ਵੀਰਵਾਰ ਸੁਲਤਾਨਪੁਰ ਲੋਧੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸਜਾਏ ਗਏ ਨਗਰ ਕੀਰਤਨ ਵਿਚ ਸ਼ਿਰਕਤ ਕਰਦਿਆਂ ਜਿੱਥੇ ਸੰਗਤ ਨੂੰ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਮੁਬਾਰਕਬਾਦ ਦਿੱਤੀ ਉਥੇ ਹੀ ਜ਼ਿਲ੍ਹਾ ਵਾਸੀਆਂ ਦੀ ਚੜ੍ਹਦੀ ਕਲਾ ਲਈ ਅਰਦਾਸ ਵੀ ਕੀਤੀ।ਇਸ ਮੌਕੇ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸੰਗਤ ਲਈ ਕੀਤੇ ਗਏ ਆਵਾਜਾਈ, ਸੁਰੱਖਿਆ, ਪਾਰਕਿੰਗ, ਪੀਣ ਵਾਲੇ ਪਾਣੀ ਅਤੇ ਸਿਹਤ ਸਬੰਧੀ ਸਹੂਲਤਾਂ ਦਾ ਜਾਇਜ਼ਾ ਲੈਣ ਦੇ ਨਾਲ-ਨਾਲ ਸਥਾਪਿਤ ਕੀਤੇ ਗਏ ਕੰਟਰੋਲ ਰੂਮ ਦਾ ਵੀ ਦੌਰਾ ਕੀਤਾ। ਉਨ੍ਹਾਂ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਵਿਸ਼ੇਸ਼ ਤੌਰ 'ਤੇ ਹਦਾਇਤ ਕੀਤੀ ਉਹ ਸ਼ਹਿਰ ਵਿਚ ਅਤੇ ਲੰਗਰ ਵਾਲੇ ਸਥਾਨਾਂ ਦੇ ਨੇੜੇ ਲਗਾਤਾਰ ਸਾਫ ਸਫਾਈ ਨੂੰ ਯਕੀਨੀ ਬਣਾਉਣ। ਡਿਪਟੀ ਕਮਿਸ਼ਨਰ ਵਲੋਂ ਨਗਰ ਕੀਰਤਨ ਦੌਰਾਨ ਜਿੱਥੇ ਮੱਥਾ ਟੇਕਿਆ ਗਿਆ ਉਥੇ ਹੀ ਪ੍ਰਬੰਧਕਾਂ ਵਲੋਂ ਉਨਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਐਸ. ਡੀ. ਐਮ. ਅਪਰਨਾ, ਐਸ. ਪੀ ਜਾਂਚ ਸਰਬਜੀਤ ਰਾਏ, ਐਸ. ਪੀ. ਹੈੱਡਕੁਆਰਟਰ ਗੁਰਪ੍ਰੀਤ ਸਿੰਘ ਤੋਂ ਇਲਾਵਾ ਹੋਰ ਅਧਿਕਾਰ ਵੀ ਮੌਜੂਦ ਸਨ।

# ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਦਾ ਪ੍ਰੋਗਰਾਮ ਜਾਰੀ



ਮਾਨਸਾ, (ਆਤਮਾ ਸਿੰਘ ਪਮਾਰ) ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਜ਼ਿਲ੍ਹਾ ਮਾਨਸਾ ਦੀਆਂ ਨਗਰ ਪੰਚਾਇਤ ਭੀਖੀ ਤੇ ਸਰਦੂਲਗੜ੍ਹ ਦੀਆਂ ਆਮ ਚੋਣਾਂ ਜਲਦੀ ਕਰਾਈਆਂ ਜਾ ਰਹੀਆਂ ਹਨ।1 ਨਵੰਬਰ ਨੂੰ ਵੋਟਰਾਂ ਦੀ ਯੋਗਤਾ ਆਧਾਰ ਮਿਤੀ ਮੰਨਦੇ ਹੋਏ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਦਾ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਲਈ 18 ਨਵੰਬਰ ਤੋਂ 25 ਨਵੰਬਰ ਤੱਕ ਦਾਅਵੇ ਤੇ ਇਤਰਾਜ਼ ਦਰਜ ਕਰਾਏ ਜਾ ਸਕਣਗੇ, ਜਦੋਂਕਿ ਦਾਅਵੇ ਤੇ ਇਤਰਾਜ਼ਾਂ ਦਾ ਨਿਪਟਾਰਾ 03 ਦਸੰਬਰ ਤੱਕ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ 7 ਦਸੰਬਰ ਨੂੰ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਕੀਤੀ ਜਾਵੇਗੀ।ਉਨ੍ਹਾਂ ਨਗਰ ਪੰਚਾਇਤਾਂ ਦੀਆਂ ਚੋਣਾਂ ਲਈ ਨਵੀਂਆਂ ਵੋਟਾਂ ਬਣਾਉਣ ਜਾਂ ਵੋਟਾਂ ਕਟਵਾਉਣ ਸਬੰਧੀ 20 ਤੇ 21 ਨਵੰਬਰ ਨੂੰ ਵਿਸ਼ੇਸ਼ ਮੁਹਿੰਮ ਨਗਰ ਪੰਚਾਇਤ ਭੀਖੀ ਤੇ ਸਰਦੂਲਗੜ੍ਹ ਦੇ ਦਫ਼ਤਰ ਵਿਖੇ ਚਲਾਈ ਜਾਵੇਗੀ।

## COURT NOTICE

(U/o 5 Rule 20 CPC)
(Succession Case)
In the Court of
**Ms. Radhika Puri**
Additional Civil Judge (Senior Division), Ludhiana
CNR No. PBLD02-004876-2024
Next Date :- 18-12-2024
Amritpal Singh aged 47 years S/o Late S. Jarnail Singh R/o H. No. 11215, Gali No. 5, Partap Nagar Ludhiana
Vs
General Public
Notice To :
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 18.12.2024 at 10:00 A.M.

For details logon to https://highcourtchd.gov.in/?trs=district_notice&district=Ludhiana

Additional Civil Judge (Senior Division), Ludhiana
Dated this day of 13-11-2024

## PUBLIC NOTICE

Sanjeev Soni S/o Shashi Raman Soni R/o House B-18/26, Maharaja Ranjit Singh Nagar, Hoshiarpur informed that I had lost my original sale deeds bearing document no. 3318 dated 19/07/2010, document no. 63 dated 05/04/2006 and document no. 1021 dated 15/05/2000 near bus stand on dated 22-10-2024. If anyone found please contact 9056589791.

## COURT NOTICE

(U/o 5 Rule 20 CPC)
(Under Guardian and Ward Act)
In the Court of Jagjeet Singh
Additional Civil Judge (Senior Division), Patti
CNR No. PBTTA0-000533-2024
Next Date :- 28-11-2024
GW-3-2024
Navjot Kaur Vs General Public
Notice To :
Navjot Kaur minor D/o Lovepreet Singh S/o Tarlok Singh R/o Village Kot Data, Tehsil Patti, Distt. Tarn Taran minor through her real mother and natural guardian namely Rajwinder Kaur Widow of Lovepreet Singh R/o Village Kot Data, Tehsil Patti, Distt. Tarn Taran.
Vs General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 28.11.2024 at 10:00 A.M.

For details logon to https://highcourtchd.gov.in/?mod=district_notice&district=Tarn Taran

Additional Civil Judge (Senior Division), Patti
Dated this day of 26-09-2024

## COURT NOTICE

(U/o 5 Rule 20 CPC)
(Succession Case)
In the Court of
**Ms. Radhika Puri**
Additional Civil Judge (Senior Division), Ludhiana
CNR No. PBLD02-007966-2024
Next Date :- 18-12-2024
Iqbal Singh S/o Surjit Singh R/o Flat No. 703 A, SKymark Garden, Ranjit Avenue, Phase 1, Ludhiana & ors.
Vs
General Public
Notice To :
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 18.12.2024 at 10:00 A.M.

For details logon to https://highcourtchd.gov.in/?trs=district_notice&district=Ludhiana

Additional Civil Judge (Senior Division), Ludhiana
Dated this day of 13-11-2024

## COURT NOTICE

(U/o 5 Rule 20 CPC)
In the Court of
**Ms. Rajni Chhokra**
Principal Judge, Family Court, Patti
HMA-55/2024
CNR No. PBTTF2-000084-2024
Next Date :- 11-12-2024
Lakhwinder Singh
Vs
Ranjeet Kaur
Publication Issued To.
Ranjeet Kaur
:- Dilbagh Singh, House No. 274, Ward No. 15 Vishavkarma Colony, Patti,Tehsil Patt.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 11.12.2024 at 10:00 A.M.

For details logon to https://highcourtchd.gov.in/?mod=district_notice&district=TarnTaran

Principal Judge, Family Court, Patti-
Dated this day of 23-10-2024

## COURT NOTICE

(U/o 5 Rule 20 CPC)
(Succession Case)
In the Court of
**Jagjeet Singh**
Additional Civil Judge (Senior Division), Patti
CNR No. PBTTA0-000867-2024
Next Date :- 28-11-2024
Succ/9/2024
Surjit Singh
Vs
General Public
Notice To :
Surjit Singh aged 51 S/0 Gurdev Singh Village Mahneke, Tehsil Patti,Tarn Taran, Punjab
Vs
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 28.11.2024 at 10:00 A.M.

For details logon to https://highcourtchd.gov.in/?mod=district_notice&district=TarnTaran

Additional Civil Judge (Senior Division), Patti
Dated this day of 04-09-2024


## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 {2002 ਦਾ 54} ਤਹਿਤ ਅਤੇ ਸਕਿਉਰਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਸ੍ਰੀ ਪ੍ਰਗਟ ਸਿੰਘ ਪੁੱਤਰ ਸ੍ਰੀ ਹਰਦੀਪ ਸਿੰਘ ਵਾਸੀ ਡਾਕਖਾਨਾ ਫਤਹਿਗੜ੍ਹ ਪੰਜਤੂਰ, ਸ਼ਰਾਫ ਅਲੀ, ਸ਼ਾਹਵਾਲਾ, ਫਿਰੋਜ਼ਪੁਰ, ਕੋਟ ਈਸੇ ਖਾਨ, ਪੰਜਾਬ-142043, 2. ਸ੍ਰੀ ਹਰਦੀਪ ਸਿੰਘ ਪੁੱਤਰ ਸ੍ਰੀ ਬਾਜ ਸਿੰਘ ਵਾਸੀ ਡਾਕਖਾਨਾ ਫਤਿਹਗੜ੍ਹ ਪੰਜਤੂਰ, ਸ਼ਰਾਫ ਅਲੀ, ਸ਼ਾਹਵਾਲਾ, ਫਿਰੋਜ਼ਪੁਰ, ਪੰਜਾਬ-142043, (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ 3. ਸ੍ਰੀ ਗੁਰਜਿੰਦਰ ਸਿੰਘ ਪੁੱਤਰ ਸ੍ਰੀ ਸੁੱਚਾ ਸਿੰਘ ਵਾਸੀ ਪਿੰਡ ਮੁੰਡੀ ਛੁਰੀ ਮਾਰਾਂ, ਤਹਿ. ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, 4. ਸ੍ਰੀਮਤੀ ਬਲਜਿੰਦਰ ਕੌਰ ਪਤਨੀ ਹਰਦੀਪ ਸਿੰਘ ਵਾਸੀ ਡਾਕਖਾਨਾ ਫਤਹਿਗੜ੍ਹ ਪੰਜਤੂਰ, ਸ਼ਰਾਫ ਅਲੀ, ਸ਼ਾਹਵਾਲਾ, ਫਿਰੋਜ਼ਪੁਰ, ਪੰਜਾਬ-142043 (ਬਾਅਦ ਵਿੱਚ ਗਰੰਟਰਾਂ ਵਜੋਂ ਹਵਾਲਾ ਦਿੱਤਾ ਗਿਆ) ਨੂੰ ਮਿਤੀ 24.05.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਦਰਸਾਏ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਡਿਮਾਂਡ ਨੋਟਿਸ ਦੀ ਮਿਤੀ ਨੂੰ ਐੱਚ ਐੱਲ/05461100042 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 25,81,846.90 ਦਾ ਭੁਗਤਾਨ ਕਰਨ ਲਈ ਕਿਹਾ ਗਿਆ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਚ ਐੱਲ/05461100042 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 25,81,846.90 ਮਿਤੀ 01.05.2024 ਤੋਂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਓਰਿਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਤਬਾਦਲਾ ਬੈਨਾਮਾ ਦਸਤਾਵੇਜ਼ ਨੰ. 2022-23/119/1/52 ਮਿਤੀ 12.04.2022 ਤਹਿਤ ਪ੍ਰਗਟ ਸਿੰਘ ਪੁੱਤਰ ਹਰਦੀਪ ਸਿੰਘ ਦੀ ਮਾਲਕੀ ਹੇਠ ਸ਼ਰਾਫ ਅਲੀ ਸ਼ਾਹ ਜ਼ਦੀਦ, ਹਦਬਸਤ ਨੰ. 100, ਤਹਿ. ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਥਿਤ ਜਾਇਦਾਦ ਰਕਬਾ 1 ਕਨਾਲ 2 ਮਰਲੇ ਦੇ ਸਾਰੇ ਹਿੱਸੇ।

ਮਿਤੀ : 13.11.2024, ਸਥਾਨ : ਫਿਰੋਜ਼ਪੁਰ (ਅਧਿਕਾਰਤ ਅਫਸਰ)

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਜਾਇਦਾਦ ਵਿਕਰੀ ਨੋਟਿਸ

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈ ਜਾਇਦਾਦ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਕਬਜ਼ਾ ਲੈ ਲਿਆ ਹੈ।
ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐੱਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਖੜੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਬੈਂਕ ਵੱਲੋਂ 05-12-2024 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | ਸ੍ਰੀ ਰਾਜੇਸ਼ ਪੁਰੀ ਪੁੱਤਰ ਸ੍ਰੀ ਰਮੇਸ਼ ਕੁਮਾਰ ਪੁਰੀ ਵਾਸੀ 7/95, ਸ਼ਕਤੀ ਨਗਰ, ਪਿੰਡ ਭੋਗਪੁਰ, ਜ਼ਿਲ੍ਹਾ ਜਲੰਧਰ। ਸੋਨੀਆ ਪੁਰੀ ਪਤਨੀ ਸ੍ਰੀ ਰਾਜੇਸ਼ ਪੁਰੀ ਵਾਸੀ 7/95, ਸ਼ਕਤੀ ਨਗਰ, ਭੋਗਪੁਰ, ਜ਼ਿਲ੍ਹਾ ਜਲੰਧਰ। ਸ੍ਰੀਮਤੀ ਜੀਵਨ ਪੁਰੀ ਪਤਨੀ ਰਮੇਸ਼ ਕੁਮਾਰ ਪੁਰੀ ਵਾਸੀ 7/95 ਸ਼ਕਤੀ ਨਗਰ, ਭੋਗਪੁਰ, ਜਲੰਧਰ (ਕਰਜ਼ਦਾਰ) ਰਾਜੇਸ਼ ਸੂਰੀ ਪੁੱਤਰ ਸ੍ਰੀ ਗਿਆਨ ਚੰਦ ਵਾਸੀ ਪਿੰਡ ਤੇ ਡਾਕਖਾਨਾ ਪਚਰੰਗਾ ਜ਼ਿਲ੍ਹਾ ਜਲੰਧਰ-144201 (ਗਰੰਟਰ) |
| ਬਕਾਇਆ ਰਾਸ਼ੀ HL/025611000031 | ਰੁਪਏ 67,59,597.59 (ਅਤੇ ਮਿਤੀ 01.11.2024 ਤੋਂ ਲਾਗੂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਵਿਕਰੀ ਬੈਨਾਮਾ ਨੰ. 800 ਮਿਤੀ 12.09.2016 ਤਹਿਤ ਸ੍ਰੀਮਤੀ ਜੀਵਨ ਪੁਰੀ ਪਤਨੀ ਰਮੇਸ਼ ਕੁਮਾਰ ਪੁਰੀ ਦੀ ਮਾਲਕੀ ਹੇਠ ਪਿੰਡ ਲੜੋਈ, ਤਹਿਸੀਲ ਜਲੰਧਰ-2 (ਭੋਗਪੁਰ), ਜ਼ਿਲ੍ਹਾ ਜਲੰਧਰ ਵਿਖੇ ਸਥਿਤ ਅਚੱਲ ਜਾਇਦਾਦ ਰਕਬਾ 1 ਕਨਾਲ 06 ਮਰਲੇ |
| ਰਾਖਵੀਂ ਕੀਮਤ | ਰੁ. 50 ਲੱਖ (ਪੰਜਾਹ ਲੱਖ ਰੁਪਏ ਕੇਵਲ) |
| ਈ ਐੱਮ ਡੀ (ਬਿਆਨਾ ਰਕਮ) | ਕੁੱਲ ਈ ਐੱਮ ਡੀ (ਬਿਆਨਾ ਰਕਮ) ਰਾਖਵੀਂ ਕੀਮਤ ਦਾ 25 ਫੀਸਦੀ ਹੈ, ਜੋ ਸਫਲ ਬੋਲੀਕਾਰ ਵੱਲੋਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਮਿਤੀ 05-12-2024 ਨੂੰ ਅਦਾ ਕੀਤਾ ਜਾਵੇਗਾ। ਟੈਂਡਰ ਫਾਰਮ ਅਤੇ ਈ ਐੱਮ ਡੀ, ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ : ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

**ਬੈਂਕ ਦੀ ਜਾਣਕਾਰੀ 'ਚ ਜੋਖਮ** : ਕੋਈ ਨਹੀਂ। ਜਾਇਦਾਦ ਦੀ ਵਿਕਰੀ ''ਜਿਵੇਂ ਹੈ ਜਿੱਥੇ ਹੈ ਅਧਾਰ'' 'ਤੇ ਕੀਤੀ ਜਾਵੇਗੀ। ਟੈਂਡਰ ਸਮੇਤ ਰਾਖਵੀਂ ਕੀਮਤ ਦੀ ਕੁੱਲ 25 ਫੀਸਦੀ ਈ ਐੱਮ ਡੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ/ਸਮਾਂ 05.12.2024 ਸਵੇਰੇ 11.00 ਵਜੇ ਤੱਕ ਹੈ। ਟੈਂਡਰ ਉਕਤ ਮਿਤੀ ਤੋਂ ਸਵੇਰੇ 11.00 ਵਜੇ ਤੋਂ ਬਾਅਦ ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ ਜਲੰਧਰ ਵਿਖੇ ਸਾਰੇ ਪੇਸ਼ਕਰਤਾਵਾਂ/ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਖੋਲ੍ਹੇ ਜਾਣਗੇ ਅਤੇ ਵਿਚਾਰੇ ਜਾਣਗੇ। ਟੈਂਡਰ ਫਾਰਮ ਸਮੇਤ ਵਿਕਰੀ ਦੀਆਂ ਸ਼ਰਤਾਂ ਦੇ ਵੇਰਵੇ ਅਤੇ ਜਾਇਦਾਦ ਦੇ ਨਿਰੀਖਣ ਲਈ ਕਿਰਪਾ ਕਰਕੇ ਸ਼ਾਖਾ ਦਫਤਰ ਵਿਜੇ ਨਗਰ, ਜਲੰਧਰ ਨਾਲ ਸੰਪਰਕ ਕੀਤਾ ਜਾਵੇ। ਵਿਕਰੀ, ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਰੂਲਜ਼/ਸ਼ਰਤਾਂ ਤਹਿਤ ਕੀਤੀ ਜਾਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਤੋਂ ਪਹਿਲਾਂ ਸ਼ਰਤਾਂ ਅਤੇ ਨਿਯਮ ਕਿਸੇ ਸਮੇਂ ਵੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ/ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਮਿਤੀ : 14.11.2024 ਅਧਿਕਾਰਤ ਅਫਸਰ

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਜਾਇਦਾਦ ਵਿਕਰੀ ਨੋਟਿਸ

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਕਬਜ਼ਾ ਲੈ ਲਿਆ ਹੈ।
ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐੱਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਖੜੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਬੈਂਕ ਵੱਲੋਂ 05.12.2024 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | 1. ਸ੍ਰੀ ਅਵਿਨਾਸ਼ ਕੁਮਾਰ ਪੁੱਤਰ ਸ੍ਰੀ ਗੋਬਿੰਦ ਰਾਏ ਵਾਸੀ ਮਕਾਨ ਨੰ. 680-ਏ, ਗਲੀ ਨੰ. 6, ਮੰਡੀ ਮੁੱਲਾਂਪੁਰ, ਦਸਮੇਸ਼ ਨਗਰ, ਮੁੱਲਾਂਪੁਰ, ਲੁਧਿਆਣਾ-141101, ਨਾਲ ਹੀ : ਮਕਾਨ ਨੰ. 808/4, ਗਊਸ਼ਾਲਾ ਰੋਡ, ਮੁੱਲਾਂਪੁਰ, ਜ਼ਿਲ੍ਹਾ ਲੁਧਿਆਣਾ। 2. ਸ੍ਰੀਮਤੀ ਪੂਨਮ ਰਾਣੀ ਪਤਨੀ ਸ੍ਰੀ ਅਵਿਨਾਸ਼ ਕੁਮਾਰ ਵਾਸੀ ਮਕਾਨ ਨੰ. 326, ਨਿਊ ਗ੍ਰੇਨ ਮਾਰਕਿਟ, ਨਵੀਂ ਮੰਡੀ, ਪਿੰਡ ਦਾਖਾ, ਤਹਿਸੀਲ ਲੁਧਿਆਣਾ ਵੈੱਸਟ, ਜ਼ਿਲ੍ਹਾ ਲੁਧਿਆਣਾ। ਨਾਲ ਹੀ : ਮਕਾਨ ਨੰ. 808/4 ਗਊਸ਼ਾਲਾ ਰੋਡ, ਮੁੱਲਾਂਪੁਰ, ਜ਼ਿਲ੍ਹਾ ਲੁਧਿਆਣਾ। 3. ਸ੍ਰੀ ਗੋਬਿੰਦ ਰਾਏ ਪੁੱਤਰ ਸ੍ਰੀ ਰਾਮ ਰਤਨ ਵਾਸੀ ਮਕਾਨ ਨੰ. 808/4, ਵਾਰਡ ਨੰ. 4, ਗਊਸ਼ਾਲਾ ਰੋਡ, ਮੰਡੀ ਮੁੱਲਾਂਪੁਰ, ਲੁਧਿਆਣਾ-141101 4. ਸ੍ਰੀ ਜਸਵੀਰ ਸਿੰਘ ਸੇਖੋਂ ਪੁੱਤਰ ਸ੍ਰੀ ਹਰਬੰਤ ਸਿੰਘ ਵਾਸੀ 2/55, ਕੈਲਪੁਰ ਰੋਡ, ਦਸਮੇਸ਼ ਨਗਰ, ਮੰਡੀ ਮੁੱਲਾਂਪੁਰ ਦਾਖਾ, ਤਹਿਸੀਲ ਲੁਧਿਆਣਾ ਵੈੱਸਟ, ਲੁਧਿਆਣਾ। |
| ਬਕਾਇਆ ਰਕਮ HL/0346110000096 HL/034611000010 LAP/034602000028 | 1. ਰੁਪਏ 26,91,217.20 2. ਰੁਪਏ 7,00,750.55 3. ਰੁਪਏ 5,83,676.23 (ਅਤੇ 01.11.2024 ਤੋਂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਬੈਨਾਮਾ ਵਸੀਕਾ ਨੰ. 608, ਮਿਤੀ 19.08.2015 ਅਨੁਸਾਰ ਸ੍ਰੀਮਤੀ ਪੂਨਮ ਰਾਣੀ ਪਤਨੀ ਸ੍ਰੀ ਅਵਿਨਾਸ਼ ਕੁਮਾਰ ਪੁੱਤਰ ਸ੍ਰੀ ਗੋਬਿੰਦ ਰਾਏ ਦੀ ਮਲਕੀਅਤ ਅਚੱਲ ਜਾਇਦਾਦ ਰਕਬਾ 175 ਵਰਗ ਗਜ਼ ਪਿੰਡ ਦਾਖਾ-1, ਹਦਬਸਤ ਨੰ. 142, ਅਬਾਦੀ ਦਸਮੇਸ਼ ਨਗਰ, ਪਿੰਡ ਦਾਖਾ-1, ਜ਼ਿਲ੍ਹਾ ਲੁਧਿਆਣਾ। |
| ਰਾਖਵੀਂ ਕੀਮਤ | ਰੁਪਏ 30 ਲੱਖ (ਰੁਪਏ ਤੀਹ ਲੱਖ ਕੇਵਲ) |
| ਈ ਐੱਮ ਡੀ (ਬਿਆਨਾ ਰਕਮ) | ਕੁੱਲ ਈ ਐੱਮ ਡੀ (ਬਿਆਨਾ ਰਕਮ) ਰਾਖਵੀਂ ਕੀਮਤ ਦਾ 25 ਫੀਸਦੀ ਹੈ, ਜੋ ਸਫਲ ਬੋਲੀਕਾਰ ਵੱਲੋਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਮਿਤੀ 05.12.2024 ਨੂੰ ਅਦਾ ਕੀਤਾ ਜਾਵੇਗਾ। ਟੈਂਡਰ ਫਾਰਮ ਅਤੇ ਈ ਐੱਮ ਡੀ, ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ : ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਦੀ ਜਾਣਕਾਰੀ 'ਚ ਜੋਖਮ : ਕੋਈ ਨਹੀਂ। ਜਾਇਦਾਦ ਦੀ ਵਿਕਰੀ ''ਜਿਵੇਂ ਹੈ ਜਿੱਥੇ ਹੈ ਅਧਾਰ'' 'ਤੇ ਕੀਤੀ ਜਾਵੇਗੀ। ਟੈਂਡਰ ਸਮੇਤ ਰਾਖਵੀਂ ਕੀਮਤ ਦੀ ਕੁੱਲ 25 ਫੀਸਦੀ ਈ ਐੱਮ ਡੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ/ਸਮਾਂ 05.12.2024 ਸਵੇਰੇ 11.00 ਵਜੇ ਤੱਕ ਹੈ। ਟੈਂਡਰ ਉਕਤ ਮਿਤੀ ਤੋਂ ਸਵੇਰੇ 11.00 ਵਜੇ ਤੋਂ ਬਾਅਦ ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ ਜਲੰਧਰ ਵਿਖੇ ਸਾਰੇ ਪੇਸ਼ਕਰਤਾਵਾਂ/ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਖੋਲ੍ਹੇ ਜਾਣਗੇ ਅਤੇ ਵਿਚਾਰੇ ਜਾਣਗੇ। ਟੈਂਡਰ ਫਾਰਮ ਸਮੇਤ ਵਿਕਰੀ ਦੀਆਂ ਸ਼ਰਤਾਂ ਦੇ ਵੇਰਵੇ ਅਤੇ ਜਾਇਦਾਦ ਦੇ ਨਿਰੀਖਣ ਲਈ ਕਿਰਪਾ ਕਰਕੇ ਸ਼ਾਖਾ ਦਫਤਰ ਦਾਖਾ, ਜ਼ਿਲ੍ਹਾ ਲੁਧਿਆਣਾ ਨਾਲ ਸੰਪਰਕ ਕੀਤਾ ਜਾਵੇ। ਵਿਕਰੀ, ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਰੂਲਜ਼/ਸ਼ਰਤਾਂ ਤਹਿਤ ਕੀਤੀ ਜਾਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਤੋਂ ਪਹਿਲਾਂ ਸ਼ਰਤਾਂ ਅਤੇ ਨਿਯਮ ਕਿਸੇ ਸਮੇਂ ਵੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ/ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਮਿਤੀ : 14.11.2024 ਅਧਿਕਾਰਤ ਅਫਸਰ


## ਉੱਤਰ ਰੇਲਵੇ

**ਫ਼ਿਰੋਜ਼ਪੁਰ ਮੰਡਲ ਦੇ ਸਬ ਡਵੀਜਨਲ ਹਸਪਤਾਲ, ਅੰਮ੍ਰਿਤਸਰ ਵਿਚ ਪਾਰਟ ਟਾਇਮ ਦੰਤ ਚਿਕਤਸਕਾਂ ਦੇ 01 ਪਦ ਲਈ ਪ੍ਰਤਖੱਸ਼ ਇੰਟਰਵਿਊ**

ਸਬ ਡਵੀਜਨਲ ਹਾਸਪੀਟਲ, ਅੰਮ੍ਰਿਤਸਰ ਵਿਚ ਅਨੁਬੰਧ ਆਧਾਰ ਉਤੇ ਪੋਸਟਿੰਗ ਦੇ ਲਈ ਪਾਰਟ ਟਾਇਮ ਡੇਂਟਲ ਸਰਜਨ 01 ਪਦ ਦੇ ਲਈ ਵਾਕ-ਇਨ-ਇੰਟਰਵਿਊ 02.12.2024 ਨੂੰ ਡਵੀਜਨਲ ਰੇਲਵੇ ਮੈਨੇਜਰ, ਫ਼ਿਰੋਜ਼ਪੁਰ ਦੇ ਦਫਤਰ ਵਿਚ ਨਿਰਧਾਰਿਤ ਹੈ। ਉਮੀਦਵਾਰ ਉਪਰ ਦਿਤੀ ਗਈ ਵੇਬਸਾਈਟ ਤੋਂ ਫਾਰਮ ਅਤੇ ਸਾਰ ਸਬੰਧਿਤ ਨਿਯਮ ਅਤੇ ਸ਼ਰਤਾਂ ਡਾਊਨਲੋਡ ਕਰ ਸਕਦੇ ਹਨ। ਜ਼ਿਆਦਾ ਜਾਣਕਾਰੀ ਜਾਂ ਕਿਸੀ ਪ੍ਰਸ਼ਨ ਦੇ ਲਈ 9779232631, 9540096053 ਉਤੇ ਸੰਪਕਰ ਕਰੋ ਜਾਂ srdpofzr@gmail.com ਉਤੇ ਈਮੇਲ ਕਰ ਸਕਦੇ ਹੋ।

Website:- www.nr.indianrailways.gov.in
(>News&recruitment.info> Recruitment.info)

ਵਾਸਤੇ ਸੀਨੀਅਰ ਮੰਡਲ ਕਾਰਮਿਕ ਅਧਿਕਾਰੀ
ਉੱਤਰ ਰੇਲਵੇ, ਫ਼ਿਰੋਜ਼ਪੁਰ

3533/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

**ਈ-ਟੈਂਡਰ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ - ਟ੍ਰੈਕ, ਫ਼ਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ 04.12.2024 & 03.12.2024 ਵਕਤ 15.00 ਵਜੇ ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫ੍ਰਪੱਤਰ ਦੀ ਬਿਆਨਾ ਰਾਸ਼ੀ ਦੀ ਜਗ੍ਹਾਂ ''ਟੈਂਡਰ ਸੁਰੱਖਿਆ ਘੋਸ਼ਣਾ ਪੱਤਰ'' ਨਿਰਧਾਰਿਤ ਪ੍ਰਾਰੂਪ ਵਿਚ ਟੈਂਡਰ ਦੇ ਨਾਲ ਈ-ਪੋਰਟਲ ਉਤੇ ਨਥੀ ਕਰੇਗਾ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲੀ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਟੈਂਡਰ ਸ਼ੁਰੂ ਦੀ ਮਿਤੀ | ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ |
| 12.11.2024 | 20.11.2024 & 19.11.2024 | 04.12.2024 & / 15:00 Hrs. 03.12.2024 |

| ਲ. ਨੰ: | ਟੈਂਡਰ ਨੰਬਰ | ਟੈਂਡਰ ਦਾ ਵੇਰਵਾ | | |
|---|---|---|---|---|
| 1. | 236-2024-25-DEN-Track-FZR | ਫ਼ਿਰੋਜ਼ਪੁਰ ਡਵੀਜਨ ਵਿਚ 52 ਕਿਲੋ ਸੀਸੀ+ 8+ 2 ਟੀ ਮਾਰਗਾਂ ਉਤੇ ਏਰੇ ਅਲਟ੍ਰਾਸੋਨਿਕ ਪਰੀਖਸ਼ਣ (ਪੀਏਯੂਟੀ) ਦੁਵਾਰਾ ਫਲੈਸ਼ ਬਟ ਵੇਲਡਿੰਗ ਜੋੜਾ ਦਾ ਪਰੀਖਸ਼ਣ ਕੰਮ। | | |
| | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | 4,45,43,147.40/- | 3,72,700/- | 60 ਦਿਨ | 12 ਮਹੀਨੇ |
| | ਸਮਾਨ ਪ੍ਰਕ੍ਰਿਤੀ ਦਾ ਕੰਮ:- ''ਕੋਈ ਵੀ ਨਹੀਂ'' | | | |
| 2. | 237-2024-25-DEN-Track-FZR | ਫ਼ਿਰੋਜ਼ਪੁਰ ਮੰਡਲ ਵਿਚ ਬੀਸੀਐਮ ਦੇ ਨਾਲ ਟ੍ਰੈਕ ਦੀ ਗਹਨ ਸਕਰੀਨਿੰਗ ਦੇ ਸਬੰਧ ਵਿਚ ਵਿਵਿਧ ਕੰਮ। | | |
| | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | 3,75,42,514.60/- | 3,37,700/- | 60 ਦਿਨ | 12 ਮਹੀਨੇ |
| | ਸਮਾਨ ਪ੍ਰਕ੍ਰਿਤੀ ਦਾ ਕੰਮ:- ''ਪੂਰੀ ਟ੍ਰੈਕ ਨਵੀਨੀਕਰਣ/ਪੂਰੀ ਰੇਲਵੇ ਨਵੀਨੀਕਰਣ/ਪੂਰੀ ਫਿਟਿੰਗ ਨਵੀਨੀਕਰਣ/ਪੂਰੀ ਟਰਨ ਆਊਟ ਨਵੀਨੀਕਰਣ, ਦੀ ਗਹਰੀ ਜਾਂਚ, ਟ੍ਰੈਕ ਦੇ ਉਠਾਨ/ਛਨਾਈ, ਡਿਸਟ੍ਰੇਸਿੰਗ, ਟ੍ਰੈਕ ਮੇਂਟੇਨੇਂਸ ਮਸ਼ੀਨ ਦੇ ਪੂਰਵ ਅਤੇ ਬਾਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਣ ਦਾ ਕੰਮ।'' | | | |

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ। 2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਨੰ: 236 & 237-2024-25-DEN-TRACK-FZR ਮਿਤੀ : 12.11.2024    3529/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## COURT NOTICE

**IN THE COURT OF SH. SUMER SINGH GURJAR, IAS, FINANCIAL COMMISSIONER (APPEALS), PUNJAB AT CHANDIGAR**
**IN CASE ROR No. 718 of 2023**

The above mentioned case as per the given title is pending before this court which relates to mutation.

TITLE:- Jarnail Singh ......Petitioner
Versus
Jaswant Singh and others. .....Respondents

Public Notice is issued to the following respondents :-

1. Respondent No. 1 (iii)
1. Jaswant Singh son of Gian Singh resident of R/o 75/7, Phaophanit Road, Bangkok, Thailand since deceased through his LRs:- iii. Sh. Udhom Srikukreja son of Sh. Jaswant Singh R/o 7 SOI RAMKHAMHEANG, BANGKAPI, Bangkok, Thailand-10240.
2. Respondent No. 2 (i)
2. Jagjit Singh son of Sh. Gian Singh since expired through legal heirs namely:
i. Lertchai Srikukreja (son) resident of 75/7, Phaophanit Road, Bangkok, Thailand.
3. Respondent No. 2 (ii)
2. Jagjit Singh son of Sh. Gian Singh since expired through legal heirs namely:
ii. Presert Srikukreja (son) resident of 75/7, Phaophanit Road, Bangkok, Thailand.
4. Respondent No. 2 (iii)
2. Jagjit Singh son of Sh. Gian Singh since expired through legal heirs namely:
iii. Charsonchai Srikukreja (son) resident of 75/7, Phaophanit Road, Bangkok, Thailand
5. Respondent No. 2 (iv)
2. Jagjit Singh son of Sh. Gian Singh since expired through legal heirs namely:
iv. Rewat Srikukreja (son) resident of 75/7, Phaophanit Road, Bangkok, Thailand.
6. Respondent No. 2 (v)
2. Jagjit Singh son of Sh. Gian Singh since expired through legal heirs namely:
V. Harin Srikukreja (son) resident of 75/7, Phaophanit Road, Bangkok, Thailand.
7. Respondent No. 2 (vi)
2. Jagjit Singh son of Sh. Gian Singh since expired through legal heirs namely:
vi. Supreeja Srikukreja w/o Surjit Singh Gulati daughter of Jagjit Singh resident of 75/7, Phaophanit Road, Bangkok, Thailand.
8. Respondent No. 3
3. Sampuran Singh son of Gian Singh Through his legal heir Sukhwant Srikukreja widow of late Sampuran Singh resident of 75/7 Phaophanit Road, Bangkok, Thailand.

Whereas Sh. Jarnail Singh son of Sh. Chanan Singh resident of village Mange ke Tehsil and District Jalandhar. has filed a revision petition under section 16 of the Punjab Land Revenue Act 1887 in this Court against the impugned order dated 19.09.2022 passed by the Ld. SDM Cum Collector, Jalandhar-2, Jalandhar whereby the Ld. Collector has dismissed the appeal filed against order dated 22.10.2019 passed by the court of Naib Tehsildar, Kartarpur-cum-Assistant Collector, Grade-1, Jalandhar sanctioning mutation in favour of the respondents. That in the said revision petition, above named persons are impleaded as respondent No 1 (iii), 2(i), 2(ii), 2(iii), 2(iv), 2(v), 2(vi) and 3.

And whereas it has been proved to the satisfaction of the Court that the aforesaid respondents cannot be served by ordinary way of service and the petitioner is not aware of any other address of the aforesaid respondents other than the address mentioned above. The case is fixed for hearing on 20/11/2024 at 2:30 pm. and if they want to defend their case, they need to appear personally or through their representative on.

Take notice that, in default of her appearance on the day as mentioned, the above-said case will be heard and decided in their absence and will be proceeded ex-parte against them.

Given under my hand and the seal of the court
(Sh. Sumer Singh Gurjar) Financial Commissioner (Appeals) Punjab

## ਉੱਤਰ ਰੇਲਵੇ

**ਈ-ਟੈਂਡਰ ਸੂਚਨਾ**

ਸੀਨੀ.ਮੰਡਲ ਵਿਯੁਤ ਇੰਜੀਨੀਅਰ/ਟੀ.ਆਰ./ਉੱਤਰ ਰੇਲਵੇ/ਜੰਮੂ ਤਵੀ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ ਟੈਂਡਰਾ www.ireps.gov.in ਮੰਗ ਕੀਤੀ ਜਾਂਦੀ ਹੈ। ਟੈਂਡਰਕਾਰ ਅਪਣੇ ਮੂਲ/ਸੰਸ਼ੋਧਿਤ ਟੈਂਡਰਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (ਰੁ:) | ਬਿਆਨਾ ਰਾਸ਼ੀ (ਰੁ:) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੇਬਸਾਈਟ |
|---|---|---|---|---|---|---|
| 251J-ਵਿਯੁਤ/ਟੀ-12-2024-25 | ਜਾਟ-ਐਸਵੀਡੀਕੇ (JAT-SVDK) ਖੰਡ ਉਤੇ ਉਧਮਪੁਰ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਵਿਚ ਪਲੇਟਫਾਰਮ ਸ਼ੇਲਟਰ ਦੇ ਵਿਸਤਾਰ ਅਤੇ ਪ੍ਰੀਕਾਸਟ ਪਲੇਟਫਾਰਮ ਕੋਪਿੰਗ ਪੱਥਰਾਂ ਨੂੰ ਬਦਲਣ ਦੇ ਸਬੰਧ ਵਿਚ ਵਿਯੁਤ ਕੰਮ। | 13,39,938.05 | 26800.00 | 06 ਮਹੀਨੇ | 09.12.2024 15:00 ਵਜੇ ਦੇ ਬਾਦ | www.ireps.gov.in |

ਨੰਬਰ 251J-ਵਿਯੁਤ/ਵਿਯੁਤ ਟੈਂਡਰ ਨੋਟਿਸ ਨੰ: 12/2024-25 ਮਿਤੀ : 14.11.2024    3531/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ




## Change of Name

I Kavita W/O Ram Chand R/O Hno. 4845/18 Gali No 4 Daim Ganj Amritsar Have Changed My Name From Kavita To Kavita Rani . All Concerned Please Note.

I, Ravinder Kumar S/o Raj Kumar Resident of Vill. Nangal Shama. Distt. Jalandhar have changed my name Ravinder Kumar to Ravi Kumar. All concerned note please. (10973)

I, Sudhir Bajaj S/O Joginder Pal Bajaj R/O 5-B,Nivi Abadi,Sewa Nagar West, Amritsar, Punjab have changed my name from Sudhir Bajaj to Sudhir Kumar. Concerned note.

I, Parem Singh S/O Ram Singh R/O Matte Nangal Tehsil Ajnala Distt. Amritsar, Punjab have changed my name from Parem Singh to Prem Singh. Concerned note.

I, Paras S/o Sh. Manohar Lal R/o 70, K.P. Nagar, Jalandhar (Pb.), have changed my name from Paras to Paras Rattu. All concerned please note.

I Rajjo W/o Mauja Masih R/o. Vill. Dhupsari, Po.Batala,Teh Batala, Distt Gurdaspur. Have Changed my name from Neelam Alias Rajjo to Rajjo. Concerned Note.

I, Rupali Takiar W/o Rajeev Lohia R/o H. No. 613, Near Ajanta Public School, Basant Avenue, Amritsar, Punjab have changed my name from Rupali Takiar to Rupali Lohia. Concerned note.

I Gagandeep Singh S/o Mohan Singh R/o VPO Sarih, Patti Veepa Tehsil Nakodar Distt. Jalandhar. 144043 Punjab India have changed my name from Gagandeep Singh To Singh Gagandeep . Gagandeep is a given name and Singh is a surname.

I, Subhash S/o Sarabjit R/o H.No.386, Gali No.4, Plot Lakha Singh Sultanwind Pind Amritsar have changed my name from Subhash to Subash.

I, Baljinder Singh Sangotra S/o Jagmal Singh R/o Village Mallowal PO Bhakna Kalan Amritsar have changed my name to Baljinder Singh.

I, Sajan Kumar S/o Jasbir Singh R/o H.No.3082 Chiman Da Chabara Sajan Suniara Near Jaura Phatak Guru Teg Bahadur Nagar District Amritsar have changed my name from Sajan Kumar to Sajan Singh.

I, Prabhjot Kaur W/o Rajan Mehta R/o 11F, R.B. Rattan Chand Marg Near Step by Step School, Mall Road, Amritsar have changed my name from Prabhjot Kaur to Poonam Mehta After Marriage

I, Kajal Taneja W/o Sunil Kumar Taneja R/o A-280, Near Hartej Hospital, Ranjit Avenue, Amritsar have changed my name from Kajal Taneja Alias DeepikaVermani to Kajal Taneja

I, Pooja Verma D/o Bhim Sain W/o Rajiv Saraf R/o H.No.35, Smile Enclave Fatehgarh Churian Road, Amritsar have changed my name from Pooja Verma to Pooja Saraf

I, Rajeev Saraf S/o Ram Dass R/o H.No. 35, Smile Enclave Fatehgarh Churian Road, Amritsar have changed my name from Rajeev Saraf to Rajiv Saraf

I, Paramjit Kaur W/o Manpreet Singh R/o Vill. Mandiala, PO Bohru District Amritsar have changed my name from Paramjit Kaur to Parmjit Kaur.

I, Manpreet Singh S/o Major Singh R/o Vill. Mandiala, PO Bohru Amritsar have changed my son's Dilshan Singh name. Dilshan is his Given name and Singh is his Surname

I, Lovepreet Singh S/o Darshan Singh R/o Vill. Hansawala PO. Pindian Tehsil Khadur Sahib, Tarn Taran have changed my name from Lovepreet Singh to given name Lovepreet surname Singh

I, Gurmukh Singh S/o Gurcharan Singh R/o H.No.88, Bua Nangali Adiwala, Amritsar have changed my name from Gurmukh Singh to Gurmukhjeet Singh.

I, Manish Kumar Sharma S/o Surinder Kumar R/o 2275 E, Gali Aawe Wali, Gate Bhagtan Wala, Amritsar have changed my name from Manish Kumar Sharma to Manish Kumar.

I, Meenu W/o Suresh Kumar R/o H.No.5, Lakshami Avenue, Near State Bank of India, outside Gate Bhagtan Wala, Amritsar have changed my name from Meenu to Meenu Chhabra.

I, Manpreet Singh S/o Pardeep Kumar R/o H.No.152, New Janak Puri, Salem Tabri, Ludhiana-141008, Punjab. I Have Change My Name Manpreet to Manpreet Singh.

I, Mandeep Singh S/o Harbhajan Singh R/o VPO Masir Palkot, Distt. Hoshiarpur, Punjab have changed my name from Mandeep Singh to Singh Mandeep (Singh as my Surname). All concerned please note.

I, Shanni S/O Jai Karan, R/o House No 258, Mahinder Garh Road, Ward No 8, Teh Dadri, Behind Gas Godam, Bihwani, Haryana- 127306, have changed my name and shall hereafter be Known as Sanee.

I, Rama Devi, W/O Ranveer R/o Ward No-07, Kumharon Ka Mohalla, Taranagar, Churu, Rajasthan- 331304. have changed my name and shall hereafter be Known as Manju.

I, Sumit Kumar S/o Ravi Kumar R/o H.No. ES 236, Makhdoompura, Jalandhar, Punjab-144001 have changed my name from Sumit Kumar to Given Name as Sumit & Surname as Kumar. All concerned please note.

I, Inderpreet Kaur D/O Gurdial Singh R/O H.No. 7/1 New Adarsh Nagar, Jalandhar -144002, Punjab Have Changed My Name From Inderpreet Kaur To Sandal Singh. (Both Names Belongs To One And Same Person). All concerned please note.

I, Dharma s/o Thakur Dass r/o H.No.33, Village Kot Rani, Phagwara, Kapurthala, Punjab-144401 have changed my name to Dharam Pal. All Please Note.

I, Veerpal d/o Karnail Chand w/o Mohan Lal r/o 33, Vill. Kot Rani, Phagwara, Kapurthala, Punjab changed my name to Veerpal Kaur. All Please Note.

I, Santosh Devi w/o Bhagwan Das Swami r/o H.No. 325, Ward No. 18, Nakodar Road, Eldeco Green, Po. Khurla, Jalandhar-144003 have name changed to Santosh Swami. All Please Note.

## Change of Name

I, Sunil Mohammed s/o Bir Din r/o Tarkhana di Gali Khalwara Gate Phagwara, Distt. Kapurthala have changed my name from Sunil Mohammed to Sunil Mohammad. All Please Note.

I, Krishana w/o Krishan Lal r/o H.No. 411, Rishi Nagar, Ward No. 15, Hoshiarpur-146001, Punjab have changed my name to Krishana Devi. All Please Note.

I, Renu Rana D/o Jang Bhadur R/o VPO. Possi, Tehsil Garhshankar, Hoshiarpur, Punjab-144531 have changed my name from Renu Rana to Renu Bala. All Please Note.

I, Simmi D/o Gian Singh W/o Amandeep Singh R/o 34-A, Near Verka Milk Plant, Baba Mohan Dass Nagar, Saleampur Musalmana, Jalandhar changed my name to Manpreet Kaur (Kaur as Surname) after marriage. All Please Note.

I, Suhani Kaur D/o Boota Ram R/o Vill. Balalon, Po. Pandori, Teh. Phagwara, Distt. Kapurthala, Punjab have changed my name from Suhani Kaur to Kaur Suhani. (Surname as Kaur) All Please Note.

I, Ravleen Kaur D/o Ravinder Singh W/o Mohit Trikha R/o H.No.58, New Dilbagh Nagar, Jalandhar-144002 have changed my name from Ravleen Kaur to Ravleen Trikha. All Please Note.

I, Ravinderjit Singh S/o Kartar Singh R/o H.No. 492, Mohan Vihar, Ladhewali, Jalandhar, Punjab have changed my name from Ravinderjit Singh to Rudrapartap Singh Bains. All Please Note.

I, Raj Rani alias Rajwinder w/o Darshan Lal Duggal, R/O Nakodar Road, Dharampura Abadi, Khambra, Jalandhar- 144026 have changed my name from Raj Rani alias Rajwinder to Raj Rani .All concerned to note please.

I, Darshan Lal S/o Sant Ram, R/O Nakodar Road, Dharampura Abadi, Khambra, Jalandhar-144026, Punjab have changed my name from Darshan Lal to Darshan Lal Duggal in which given name is Darshan Lal and Duggal is my surname.All concerned to note please.

I Manjit Singh W/O .parvinder Pal V.p.o. Garh Padhana ,Teh. Nawanshahr ,Distt. S.b.s Nagar 144518 Punjab. I Have Changed My Name Manjit Singh To Manjit Kaur.

I hitherto known as Sarda Ram s/o Karam Chand, resident of VPO Lakhanpal, Tehsil Phillaur, Distt. Jalandhar, Punjab-144633, have changed my name and shall hereafter be known as Sardha Ram. All concerned note please.

I, Lovejeet S/O Joga, Resident Of Vill. Fateh Jalal Po. Pattar Kalan Jalandhar Punjab India, Have Changed My Name From Lovejeet To Singh Lovejeet (Surname As Singh) All Please Note.

I, Harbans Singh Bahel S/o Surjit Singh R/o VPO Babehali, Distt. Gurdaspur, Pin code -143530 Punjab, Have changed my name from Harbans Singh Bahal to Harbans Singh.

## ਨਾਂਅ ਦੀ ਬਦਲੀ

ਮੈਂ ਕੁਲਬੀਰ ਸਿੰਘ ਪੁੱਤਰ ਸ. ਆਸਾ ਰਾਮ ਵਾਸੀ ਪਿੰਡ ਤੇ ਡਾਕ. ਕਲਿਆਣਪੁਰ, ਤਹਿ. ਅਤੇ ਜ਼ਿਲ੍ਹਾ ਜਲੰਧਰ, ਪੰਜਾਬ, ਭਾਰਤ-144026। ਮੇਰੀ ਲੜਕੀ ਅਮਨਪ੍ਰੀਤ ਮੈਂਡਲੇ ਉਰਫ ਅਮਨਪ੍ਰੀਤ ਤੋਂ ਬਦਲ ਕੇ ਅਮਨਪ੍ਰੀਤ ਕੌਰ ਰੱਖ ਲਿਆ ਹੈ।

## Public Notice

I, Gulshan Kumar S/o Tara Chand resident of H. No. 208, Sodal Road, Sodal Nagar, Jalandhar-1, P.O. Industrial Town, Distt. Jalandhar declare that my father name Sai Dass is mentioned in my some documents and by mistake. Tara Chand is mentioned in some others documents that Tara chand and Sai Dass is one and the same person. please note. (10971)

The Public at large is hereby informed that, I, Daler Singh S/O Pritam Singh resident of village Mataur tehsil Anandpur Sahib District Rupnagar (Punjab) do hereby disown and disinherit my son Gurminder Singh, daughter in law Rajwinder Kaur and their daughter Mansirat Kaur for their misconduct. That they shall not inherit any of my properties nor be entitled to any share in the movable/immovable properties or any other my assets and they shall further not be entitled to the probate of my any will. Now I would have no concern with my son Gurminder Singh, daughter in law Rajwinder Kaur. Any person dealing or transacting with aforesaid Son, Daughter in Law and my granddaughter in any respect of me shall be doing that at their own risks. (B)

## ਬੇਦਖਲੀ ਨੋਟਿਸ

ਮੈਂ, ਕਿਰਪਾਲ ਕੌਰ ਪਤਨੀ ਲੇਟ ਕੁਲਦੀਪ ਸਿੰਘ ਵਾਸੀ ਮਕਾਨ ਨੰ. ਬੀ. ਐਕਸ-590, ਹੁਸ਼ਿਆਰਪੁਰ ਰੋਡ, ਕਿਸ਼ਨਪੁਰਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅੰਮ੍ਰਿਤਪਾਲ ਸਿੰਘ ਅਤੇ ਉਸਦੀ ਜੋਆਨ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਹਰਕਿਸ਼ਨ ਸਿੰਘ ਪੁੱਤਰ ਸ. ਬੰਤਾ ਸਿੰਘ ਵਾਸੀ ਮਕਾਨ ਨੰ. 1060, ਰਾਮਾ ਮੰਡੀ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਨਦੀਪ ਸਿੰਘ ਅਤੇ ਉਸਦੇ ਵਾਰਸ ਪਤਨੀ ਅਤੇ ਬੱਚੇ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ ਸਤਨਾਮ ਕੌਰ ਪਤਨੀ ਭੁਪਿੰਦਰ ਸਿੰਘ ਅਤੇ ਭੁਪਿੰਦਰ ਸਿੰਘ ਪੁੱਤਰ ਮੇਹਰ ਸਿੰਘ ਵਾਸੀ ਮਕਾਨ ਨੰ: 208-8/8, ਗਲੀ ਨੰਬਰ 3, ਨੇੜੇ ਉਬਰਾਏ ਹਸਪਤਾਲ ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਆਪਣੇ ਪੁੱਤਰ ਇੰਦਰਜੀਤ ਸਿੰਘ ਅਤੇ ਉਸ ਦੀ ਪਤਨੀ ਮਨਜਿੰਦਰ ਕੌਰ ਨੂੰ ਸਾਡੇ ਅਤੇ ਸਾਡੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ ਖੁਦ ਜ਼ਿੰਮੇਵਾਰ ਹੋਵੇਗਾ।

# ਨਾਕੇਬੰਦੀ ਦੌਰਾਨ 11 ਪਿਸਟਲ ਤੇ 7 ਮੈਗਜ਼ੀਨ ਬਰਾਮਦ

ਫਿਰੋਜ਼ਪੁਰ, (ਅਸ਼ੋਕ ਸ਼ਰਮਾ) : ਫਿਰੋਜ਼ਪੁਰ ਜ਼ਿਲ੍ਹੇ ਦੇ ਤਲਵੰਡੀ ਭਾਈ ਇਲਾਕੇ ਵਿੱਚ ਨਾਕੇਬੰਦੀ ਦੌਰਾਨ ਥਾਣਾ ਤਲਵੰਡੀ ਭਾਈ ਦੀ ਪੁਲਸ ਨੇ ਇਕ ਮੋਟਰਸਾਈਕਲ 'ਤੇ ਸਵਾਰ ਦੋ ਨੌਜਵਾਨਾਂ ਨੂੰ ਰੋਕਿਆ, ਜਿਨ੍ਹਾਂ ਕੋਲ ਮੌਜੂਦ ਬੈਗ ਦੀ ਤਲਾਸ਼ੀ ਲੈਣ 'ਤੇ 11 ਪਿਸਟਲ 32 ਬੋਰ ਤੇ 7 ਮੈਗਜ਼ੀਨ ਬਰਾਮਦ ਕੀਤੇ।ਸਹਾਇਕ ਥਾਣੇਦਾਰ ਸੁਦੇਸ਼ ਕੁਮਾਰ ਨੇ ਦੱਸਿਆ ਕਿ ਇਹ ਕਾਰਵਾਈ ਫਿਰੋਜ਼ਪੁਰ ਇੰਚਾਰਜ ਸਹਾਇਕ ਥਾਣੇਦਾਰ ਗੁਰਦਿਆਲ ਸਿੰਘ ਦੀ ਅਗਵਾਈ ਹੇਠ ਕੀਤੀ ਗਈ ਸੀ, ਜਦ ਬੈਗ ਦੀ ਜਾਂਚ ਕੀਤੀ ਗਈ ਤਾਂ ਬੈਗ ਵਿੱਚੋਂ 11 ਪਿਸਟਲਾਂ ਤੇ 7 ਮੈਗਜ਼ੀਨਾਂ ਮਿਲੀਆਂ।ਦੋਵੇਂ ਨੌਜਵਾਨ ਮੋਟਰਸਾਈਕਲ ਨੰਬਰ ਪੀ ਬੀ 4 ਏ ਐੱਫ 6733 'ਤੇ ਸਵਾਰ ਸਨ, ਪਰ ਪੁਲਸ ਦੇ ਰੋਕਣ 'ਤੇ ਉਹ ਮੋਟਰਸਾਈਕਲ ਅਤੇ ਬੈਗ ਛੱਡ ਕੇ ਮੌਕੇ ਤੋਂ ਫਰਾਰ ਹੋ ਗਏ।ਥਾਣਾ ਤਲਵੰਡੀ ਭਾਈ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਬੇਦਖਲੀ ਨੋਟਿਸ

ਮੈਂ ਹਰਭਜਨ ਲਾਲ ਪੁੱਤਰ ਦਲੀਪਾ ਵਾਸੀ ਪਿੰਡ ਤੱਗੜ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਉਰਫ਼ ਗੋਪੀ ਜੋ ਮੈਂ ਗੋਦ ਲਿਆ ਸੀ। ਹੁਣ ਮੇਰੇ ਕਹਿਣ ਤੋਂ ਬਾਹਰ ਹੈ। ਮੈਂ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਇਸ ਨੂੰ ਬੇਦਖ਼ਲ ਕਰਦਾ ਹਾਂ। ਕੋਈ ਵੀ ਵਿਅਕਤੀ ਇਸ ਨਾਲ ਲੈਣ ਦੇਣ ਕਰੇਗਾ। ਉਹ ਖੁੱਦ ਜੁਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਦਰਸ਼ਨ ਸਿੰਘ ਪੁੱਤਰ ਮੋਹਣ ਸਿੰਘ, ਵਾਸੀ ਵਡਾਲਾ ਕਲਾਂ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਲੜਕੇ ਰੇਸ਼ਮ ਸਿੰਘ, ਨੂੰਹ ਦਲਬੀਰ ਕੌਰ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਣ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਤਰਸੇਮ ਸਿੰਘ ਪੁੱਤਰ ਰਤਨ ਚੰਦ ਪਿੰਡ ਮੁਕਾਰੀ ਤਹਿਸੀਲ ਅਨੰਦਪੁਰ ਸਾਹਿਬ (ਰੂਪਨਗਰ) ਨੇ ਆਪਣੇ ਪੁੱਤਰ ਕਰਨਦੀਪ ਸਿੰਘ ਅਤੇ ਇਸ ਦੀ ਪਤਨੀ ਪੂਜਾ ਮੇਰੇ ਕਹਿਣ ਤੋ ਬਾਹਰ ਹੈ ਮੈਂ ਉਪਰੋਕਤ ਦੋਵਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਅਤੇ ਹਰ ਕਿਸਮ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਅੱਜ ਤੋਂ ਬਾਅਦ ਮੇਰੇ ਪਰਿਵਾਰ ਦਾ ਕੋਈ ਸਬੰਧ ਨਹੀ ਇਸ ਨਾਲ ਲੈਣਦੇਣ, ਲੜਾਈ ਝਗੜਾ ਕਰਨ ਵਾਲਾ ਅਤੇ ਰਿਸ਼ਤਾ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਦਲੀਪ ਸਿੰਘ ਪੁੱਤਰ ਸ਼੍ਰੀ ਸੰਤ ਰਾਮ ਵਾਸੀ ਮਕਾਨ ਨੰ.1, ਲਿੰਕ ਰੋਡ,ਵੇਰਕਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਨੂੰਹ ਨਰੇਸ਼ ਕੁਮਾਰੀ ਪੋਤਰੇ ਗੁਰਵੀਰ ਸਿੰਘ ਅਤੇ ਗੁਰਜਾਪ ਸਿੰਘ ਜੋ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ ਅਤੇ ਮੇਰੇ ਕਹਿਣੇ ਅਨੁਸਾਰ ਨਹੀਂ ਚਲਦੇ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਸਭ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕਿਸੇ ਕਿਸਮ ਦਾ ਕੋਈ ਤਲਕਵਾਸਤਾ ਨਹੀਂ ਰਿਹਾ।

ਮੈ ਬੂਟਾ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ 856 ਗਲੀ ਨੰ.2, ਆਦਰਸ਼ ਨਗਰ, ਇਸਲਾਮਾਬਾਦ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵੀਰ ਸਿੰਘ ਉਰਫ ਵਿਸ਼ੂ ਮੇਰੇ ਕਹਿਣੇ ਤੋ ਬਾਹਰ ਹੈ ਇਸ ਲਈ ਮੈਂ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ, ਮੇਰਾ ਇਸ ਨਾਲ ਖੂਨੀ ਰਿਸ਼ਤਾ ਖਤਮ ਹੋ ਗਿਆ ਹੈ।

ਮੈਂ, ਸੁਖਵਿੰਦਰ ਕੌਰ ਪਤਨੀ ਸ. ਲਖਵਿੰਦਰ ਸਿੰਘ ਵਾਸੀ ਪੱਤੀ 6 ਵਾਰਡ ਪੰਡੋਰਾ, ਸੁਲਤਾਨਵਿੰਡ ਪਿੰਡ ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਬਾਦਲਪ੍ਰੀਤ ਸਿੰਘ (ਕੁਆਰਾ) ਆਪਣੀ ਮਨਮਰਜ਼ੀ ਕਰਦਾ ਹੈ ਮੇਰੇ ਕਹਿਣੇਕਾਰ ਨਹੀਂ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਾਜਵਿੰਦਰ ਕੌਰ ਪਤਨੀ ਵਰਿਆਮ ਸਿੰਘ ਵਾਸੀ ਪਿੰਡ ਖੈਰਾਬਾਦ, ਅਜਨਾਲ ਰੋਡ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਮਲਕੀਤ ਕੌਰ ਆਪਣੇ ਪਤੀ ਦੀ ਮੌਤ ਤੋਂ ਬਾਅਦ ਮੇਰੇ ਕੋਲ ਆ ਗਈ। ਜੋ ਕਿ ਮੇਰੇ ਕਹਿਣੇਕਾਰ ਨਹੀਂ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵਗਾ।

ਮੈਂ, ਸਿੰਦਰ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਮੱਲੇਆਣਾ ਤਹਿਸੀਲ ਮੋਗਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਦੀਪ ਸਿੰਘ ਮੇਰੇ ਕਹਿਣੇਕਾਰ ਨਹੀਂ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਜੋਗਿੰਦਰ ਪਾਲ ਪੁੱਤਰ ਰਤਨ ਚੰਦ ਵਾ ਨਿਰਮਲ ਕੌਰ ਪਤਨੀ ਜੋਗਿੰਦਰ ਪਾਲ ਵਾਸੀਆਨ ਪਿੰਡ ਗੜ੍ਹੀ ਬਖਸ਼ਾ, ਡਾਕਖਾਨਾ ਪਚਰੰਗਾ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਪਰਮਿੰਦਰ ਸਿੰਘ ਕਲਸੀ (ਸ਼ਾਦੀਸ਼ੁਦਾ) ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਕਿਉਂਕਿ ਸਾਡਾ ਇਸ ਨਾਲ ਕੋਈ ਸੰਬੰਧ ਵਾਸਤਾ ਨਹੀਂ ਰਿਹਾ ਹੈ। ਸੰਬੰਧਿਤ ਨੋਟ ਕਰਨ।

ਮੈਂ, ਦੇਸ ਰਾਜ ਪੁੱਤਰ ਪ੍ਰਕਾਸ਼ ਰਾਮ ਵਾਸੀ ਪਿੰਡ ਨੂਰਪੁਰ ਕਲੋਨੀ, ਡਾਕ: ਰੇਰੂ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਪਲਵਿੰਦਰ ਕੁਮਾਰ ਵਾ ਉਸਦੀ ਪਤਨੀ ਰੇਨੂ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸੁਰਿੰਦਰ ਪਾਲ ਪੁੱਤਰ ਸਾਧੂ ਰਾਮ ਅਤੇ ਕੁਲਵਿੰਦਰ ਕੌਰ ਪਤਨੀ ਸੁਰਿੰਦਰ ਪਾਲ ਵਾਸੀਆਨ ਪਿੰਡ ਸੱਤੋਵਾਲੀ, ਡਾਕ: ਰੋਹਜੜੀ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸੌਂਧੀ ਵਾ ਨੂੰਹ ਨੀਲਮ ਰਾਣੀ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਨਿਸ਼ਾਨ ਸਿੰਘ ਪੁੱਤਰ ਸੁਲੱਖਣ ਸਿੰਘ ਵਾਸੀ ਪਿੰਡ ਪੁਰੀਆਂ ਕਲਾਂ, ਡਾਕਖਾਨਾ ਬੱਲ ਪਰੀਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵਪ੍ਰੀਤ ਸਿੰਘ ਵਾ ਮੇਰੀ ਨੂੰਹ ਮਨਿੰਦਰਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲੁਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਗੁਲਜਾਰ ਮਸੀਹ ਪੁੱਤਰ ਇਨਾਇਤ ਮਸੀਹ ਵਾਸੀ ਮਕਾਨ ਨੰਬਰ 177, ਵਾਰਡ ਨੰਬਰ 1, ਡੇਰਾ ਬਾਬਾ ਨਾਨਕ ਰੋਡ, ਪਿੰਡ ਖਤੀਬ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਰੋਸ਼ਨ ਮਸੀਹ ਵਾ ਨੂੰਹ ਪੂਜਾ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਰਣਜੀਤ ਸਿੰਘ ਪੁੱਤਰ ਅਲੋਕ ਸਿੰਘ ਵਾਸੀ ਪਿੰਡ ਸੁਚਾਨੀਆਂ ਡਾਕਖਾਨਾ ਨੌਸ਼ਹਿਰਾ ਮੱਝਾ ਸਿੰਘ ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਨੇ ਆਪਣੇ ਲੜਕੇ ਗੱਬਰ ਅਤੇ ਉਸ ਦੀ ਪਤਨੀ ਪ੍ਰੀਆ ਨੂੰ ਕਹਿਣੇ ਵਿਚ ਨਾ ਹੋਣ ਕਰਕੇ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਨ੍ਹਾਂ ਦੇ ਚੰਗੇ/ਮਾੜੇ ਕੰਮ ਜਾਂ ਲੈਣ-ਦੇਣ ਲਈ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵੇਗਾ।

## ਆਮ ਸੂਚਨਾ

ਮੈਂ ਦਲੀਪ ਸਿੰਘ ਪੁੱਤਰ ਸ਼੍ਰੀ ਸੰਤ ਰਾਮ ਵਾਸੀ ਮਕਾਨ ਨੰ.1, ਲਿੰਕ ਰੋਡ, ਵੇਰਕਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਕਿਰਪਾਲ ਸਿੰਘ ਅਤੇ ਉਸਦੀ ਪਤਨੀ ਨਰੇਸ਼ ਕੁਮਾਰੀ ਪੋਤਰੇ ਗੁਰਵੀਰ ਸਿੰਘ ਅਤੇ ਗੁਰਜਾਪ ਸਿੰਘ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਖ਼ਬਾਰ ਰਾਹੀਂ 23.09 2024 ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ । ਹੁਣ ਕੇਵਲ ਮੇਰਾ ਲੜਕਾ ਕਿਰਪਾਲ ਸਿੰਘ ਮੇਰੇ ਕਹਿਣੇ ਵਿਚ ਹੈ ਤੇ ਮੇਰੀ ਸੇਵਾ ਸੰਭਾਲ ਕਰਦਾ ਹੈ ਅਤੇ ਹਰ ਗੱਲ ਮੰਨਦਾ ਹੈ। ਮੈਂ ਕੇਵਲ ਉਸਨੂੰ ਦਿੱਤੀ ਹੋਈ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਉਹ ਮੇਰੀ ਜਾਇਦਾਦ ਦਾ ਹਿੱਸੇਦਾਰ ਹੋਵੇਗਾ।

ਮੈਂ, ਰਮੇਸ਼ ਲਾਲ ਪੁੱਤਰ ਗੁਰਦਾਸ ਰਾਮ ਵਾਸੀ ਮਕਾਨ ਨੰ: 541, ਗਲੀ ਨੰ: 7, ਨਿਊ ਮਾਡਲ ਹਾਊਸ, ਪੁਲਿਸ ਥਾਣਾ ਭਾਰਗੋ ਕੈਂਪ, ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਸੁਨੀਲ ਕੁਮਾਰ, ਨੂੰਹ ਸੁਨੀਤਾ ਉਰਫ ਕ੍ਰਿਤਕਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਮੇਰੇ ਕਹਿਣੇਕਾਰ ਨਾ ਹੋਣ ਕਰਕੇ ਅਖ਼ਬਾਰ ਵਿਚ ਇਸ਼ਤਿਹਾਰ ਦੇ ਕੇ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਸੁਨੀਲ ਕੁਮਾਰ, ਨੂੰਹ ਸੁਨੀਤਾ ਉਰਫ ਕ੍ਰਿਤਕਾਂ ਅਤੇ ਉਨ੍ਹਾਂ ਦੇ ਬੱਚੇ ਮੇਰੇ ਕਹਿਣੇ ਵਿਚ ਹਨ ਤੇ ਮੇਰੀ ਦੇਖ-ਭਾਲ ਕਰਦੇ ਹਨ। ਮੈਂ ਇਸ ਇਸ਼ਤਿਹਾਰ ਰਾਹੀਂ ਆਪਣੀ ਬੇਦਖਲੀ ਵਾਪਸ ਲੈਂਦਾ ਹਾਂ। ਸੰਬੰਧਿਤ ਨੋਟ ਕਰਨ।


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਰਵਨੀਤ ਵੀ ਕੰਗਨਾ ਦਾ ਹੀ ਭਰਾ : ਨਿਰਮਲ ਮਾਣੂੰਕੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਾਣੂੰਕੇ ਨੇ ਕਿਹਾ ਕਿ ਕੇਂਦਰੀ ਮੰਤਰੀ ਰਵਨੀਤ ਬਿੱਟੂ ਵੱਲੋਂ ਕਿਸਾਨਾਂ ਨੂੰ ਬੋਲੀ ਗਈ ਮਾੜੀ ਸ਼ਬਦਾਵਲੀ ਦੀ ਅਸੀਂ ਘੋਰ ਨਿੰਦਿਆ ਕਰਦੇ ਹੋਏ ਰਵਨੀਤ ਬਿੱਟੂ ਨੂੰ ਦੱਸਣਾ ਚਾਹੁੰਦੇ ਹਾਂ ਕਿ ਰਵਨੀਤ ਵੀ ਕੰਗਨਾ ਦਾ ਹੀ ਭਰਾ ਹੈ, ਜੋ ਦੋਨੋਂ ਰਲ ਕੇ ਕਦੇ ਪੰਜਾਬੀਆਂ ਵਿਰੁੱਧ, ਕਦੇ ਕਿਸਾਨਾਂ ਵਿਰੁੱਧ ਬਿਆਨਬਾਜ਼ੀ ਕਰਦੇ ਹੋਏ ਕਿਸਾਨਾਂ ਨੂੰ ਤਾਲਬਾਨੀ ਕਹਿ ਰਹੇ ਹਨ।ਨਿਰਮਲ ਮਾਣੂੰਕੇ ਨੇ ਕਿਹਾ ਕਿ ਕਿਸਾਨ ਸਾਡੇ ਦੇਸ਼ ਨੂੰ ਅਨਾਜ ਪੈਦਾ ਕਰ ਕੇ ਦਿੰਦੇ ਹਨ।ਰਵਨੀਤ ਬਿੱਟੂ ਆਪਣੇ ਵੱਲ ਦੇਖੇ, ਇਹ ਕਿਸੇ ਦਾ ਸਕਾ ਨਹੀਂ ਬਣ ਸਕਿਆ।ਗਦਾਰੀਆਂ ਪਹਿਲਾਂ ਵੀ ਬਹੁਤ ਕੀਤੀਆਂ, ਕੌਮ ਨਾਲ ਵੀ ਤੇ ਪੰਜਾਬੀਆਂ ਨਾਲ ਵੀ।ਉਨ੍ਹਾਂ ਕਿਹਾ ਕਿ ਰਵਨੀਤ ਬਿੱਟੂ ਅਮਨ ਸ਼ਾਂਤੀ ਭੰਗ ਕਰੇਗਾ ਤੇ ਇਸ ਕੋਲੋਂ ਸਭ ਵਰਗ ਦੁਖੀ ਹੈ ਅਤੇ ਪੰਜਾਬ ਦਾ ਹਰ ਵਸਨੀਕ ਸਮਾਂ ਆਉਣ 'ਤੇ ਜ਼ਰੂਰ ਜਵਾਬ ਦੇਵੇਗਾ, ਜਿਸ ਤਰ੍ਹਾਂ ਇਸ ਨੂੰ ਪਹਿਲਾਂ ਲੁਧਿਆਣਾ ਵਾਸੀਆਂ ਨੇ ਹਰਾ ਕੇ ਦਿੱਤਾ ਸੀ।

## ਭਾਕਿਯੂ ਉਗਰਾਹਾਂ ਵੱਲੋਂ ਝੋਨੇ ਦੀ ਢਿੱਲੀ ਖਰੀਦ ਨੂੰ ਲੈ ਕੇ ਰੋਸ ਪ੍ਰਦਰਸ਼ਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਦਾਣਾ ਮੰਡੀ ਵਜੀਦਕੇ ਕਲਾਂ ਵਿਖੇ ਭਾਕਿਯੂ ਉਗਰਾਹਾਂ ਮਹਿਲ ਕਲਾਂ ਬਲਾਕ ਕਮੇਟੀ ਦੀ ਅਗਵਾਈ ਹੇਠ ਝੋਨੇ ਦੀ ਖਰੀਦ ਤੇ ਚੁਕਾਈ ਨਾ ਕੀਤੇ ਜਾਣ ਨੂੰ ਲੈ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਜਥੇਬੰਦੀ ਦੇ ਆਗੂਆਂ ਰਾਮ ਸਿੰਘ, ਕੁਲਜੀਤ ਸਿੰਘ, ਨਾਹਰ ਸਿੰਘ, ਪ੍ਰੇਮ ਸਿੰਘ, ਕੁਲਦੀਪ ਸਿੰਘ, ਗੁਰਬਚਨ ਸਿੰਘ, ਮਾਨ ਸਿੰਘ ਆਦਿ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਖਰੀਦ ਸਬੰਧੀ ਦਾਅਵੇ ਉਦੋਂ ਥੋਥੇ ਸਾਬਿਤ ਹੋਏ, ਜਦੋਂ ਖਰੀਦ ਏਜੰਸੀਆਂ ਵੱਲੋਂ 17 ਫੀਸਦੀ ਨਮੀਂ ਵਾਲਾ ਝੋਨਾ ਖ੍ਰੀਦਣ ਦਾ ਬਹਾਨਾ ਬਣਾ ਕੇ ਪਿਛਲੇ ਇੱਕ ਮਹੀਨੇ ਤੋਂ ਦਾਨਾ ਮੰਡੀਆਂ ਵਿੱਚ ਕਿਸਾਨਾਂ ਦਾ ਝੋਨਾ ਰੋਲਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਕਿਸਾਨ ਪਹਿਲਾਂ ਹੀ ਜਿਣਸਾਂ ਦੇ ਪੂਰੇ ਲਾਹੇਵੰਦ ਭਾਅ ਨਾ ਮਿਲਣ ਕਰਕੇ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਹੇ ਹਨ, ਉਪਰੋਂ ਸਰਕਾਰਾਂ ਦੀ ਬੇਰੁੱਖੀ ਨੇ ਅੰਨਦਾਤੇ ਦਾ ਲੱਕ ਤੋੜ ਦਿੱਤਾ ਹੈ।ਕਿਸਾਨ ਆਗੂਆਂ ਨੇ ਅਨਾਜ ਮੰਡੀ 'ਚ ਝੋਨੇ ਦੀ ਖਰੀਦ ਤੇ ਚੁਕਾਈ ਦਾ ਕੰਮ ਛੇਤੀ ਮੁਕੰਮਲ ਕਰਨ ਦੀ ਮੰਗ ਕੀਤੀ।ਖਰੀਦ ਅਧਿਕਾਰੀ ਜਰਨੈਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ 17 ਫੀਸਦੀ ਨਮੀਂ ਵਾਲੇ ਝੋਨੇ ਦੀ ਖਰੀਦ ਪਹਿਲ ਦੇ ਅਧਾਰ 'ਤੇ ਕੀਤੀ ਜਾ ਰਹੀ ਹੈ।

## ਸਾਬਕਾ ਸਿਵਲ ਸਰਜਨ ਰੰਧਾਵਾ ਦੀ ਕਿਤਾਬ ਪੀ ਪੀ ਐਸ ਨਾਭਾ ਵਿਖੇ ਰਿਲੀਜ਼




**ਬਠਿੰਡਾ (ਰਾਜੀਵ ਗੋਇਲ)**-ਸਾਬਕਾ ਸਿਵਲ ਸਰਜਨ ਬਠਿੰਡਾ ਡਾ. ਰਘੁਬੀਰ ਸਿੰਘ ਰੰਧਾਵਾ ਦੁਆਰਾ ਯਾਦਾਂ ਦੇ ਸੰਗ੍ਰਹਿ ਦੀ ਇੱਕ ਕਿਤਾਬ ਪੰਜਾਬ ਪਬਲਿਕ ਸਕੂਲ ਨਾਭਾ ਵਿਖੇ 1974 ਬੈਚ ਦੇ ਗੋਲਡਨ ਜੁਬਲੀ ਸਮਾਰੋਹ ਵਿੱਚ ਰਿਲੀਜ਼ ਕੀਤੀ ਗਈ।ਪੀ.ਪੀ.ਐੱਸ. ਨਾਭਾ ਦੇ ਹੈੱਡ ਮਾਸਟਰ, ਡਾ. ਡੀ. ਸੀ. ਸ਼ਰਮਾ ਨੇ ਪ੍ਰਮੁੱਖ ਸੰਸਥਾ ਦੇ ਵਿਦਿਆਰਥੀ ਵਜੋਂ ਡਾ. ਰੰਧਾਵਾ ਦੇ ਸਕੂਲੀ ਜੀਵਨ ਨੂੰ ਬਿਆਨ ਕਰਦੀ ਕਿਤਾਬ ਰਿਲੀਜ਼ ਕੀਤੀ।ਪੁਸਤਕ ਰਿਲੀਜ਼ ਕਰਦਿਆਂ ਡਾ: ਸ਼ਰਮਾ ਨੇ ਡਾ: ਰੰਧਾਵਾ ਨੂੰ ਲੇਖਕ ਵਜੋਂ ਉਨ੍ਹਾਂ ਦੀ ਪਹਿਲੀ ਯਾਤਰਾ 'ਤੇ ਵਧਾਈ ਦਿੱਤੀ। ਇਹ ਕਿਤਾਬ ਉਨ੍ਹਾਂ ਦੀਆਂ ਯਾਦਾਂ ਦਾ ਪਹਿਲਾ ਹਿੱਸਾ ਹੈ, ਜਿੱਥੇ ਉਨ੍ਹਾਂ 50 ਸਾਲ ਪਹਿਲਾਂ ਬੋਰਡਿੰਗ ਸਕੂਲ ਵਿੱਚ ਜੀਵਨ ਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ ਹਨ।ਡਾ: ਰੰਧਾਵਾ ਨੇ ਦੱਸਿਆ ਕਿ ਪੁਸਤਕ ਦਾ ਪਹਿਲਾ ਐਡੀਸ਼ਨ ਵਿਕ ਚੁੱਕਾ ਹੈ ਤੇ ਹੁਣ ਦੂਸਰਾ ਐਡੀਸ਼ਨ ਜਲਦੀ ਹੀ ਪ੍ਰਕਾਸ਼ਤ ਕੀਤਾ ਜਾਵੇਗਾ।ਪੁਸਤਕ ਨੂੰ ਮਿਲੇ ਹੁੰਗਾਰੇ ਤੋਂ ਉਹ ਬਹੁਤ ਪ੍ਰਭਾਵਿਤ ਹੋਏ।ਉਨ੍ਹਾਂ ਕਿਹਾ ਕਿ ਪ੍ਰੰਪਰਾਗਤ ਤੌਰ 'ਤੇ ਸਵੈ-ਜੀਵਨੀ ਵਿਧਾ ਦੀ ਕੋਈ ਪੁਸਤਕ ਤਾਂ ਹੀ ਖਿੱਚ ਇਕੱਠੀ ਕਰਦੀ ਹੈ, ਜੇਕਰ ਇਹ ਕਿਸੇ ਪ੍ਰਸਿੱਧ ਚਿਹਰੇ ਦੁਆਰਾ ਲਿਖੀ ਗਈ ਹੋਵੇ।ਇਹ ਪੁਸਤਕ ਨਿਸ਼ਾ ਪ੍ਰਕਾਸ਼ਨ, ਨਵੀਂ ਦਿੱਲੀ ਵੱਲੋਂ ਪ੍ਰਕਾਸ਼ਤ ਕੀਤੀ ਗਈ ਹੈ।ਪੁਸਤਕ ਰਿਲੀਜ਼ ਸਮਾਰੋਹ ਵਿੱਚ ਡਾ: ਰੰਧਾਵਾ ਦੇ 1974 ਬੈਚ ਦੇ ਸਾਥੀ ਵੀ ਹਾਜ਼ਰ ਸਨ।

## ਸਰਬੱਤ ਦਾ ਭਲਾ ਐੱਨ ਜੀ ਓ ਸਫ਼ਾਈ ਕਾਰਜਾਂ ਵੱਲ ਦੇਵੇਗਾ ਉਚੇਚਾ ਧਿਆਨ : ਐਡਵੋਕੇਟ ਅਮਿਤ ਅਗਰਵਾਲ

### *ਆਰਥਿਕ ਥੁੜਾਂ ਵਾਲੇ ਮਰੀਜ਼ਾਂ ਤੇ ਵਿਦਿਆਰਥੀਆਂ ਦੀ ਵੀ ਕਰਾਂਗੇ ਮਦਦ*



**ਬਾਘਾ ਪੁਰਾਣਾ (ਮਨੀ ਸਿੰਗਲਾ)**-'ਸਰਬੱਤ ਦਾ ਭਲਾ ਐੱਨ ਜੀ ਓ' ਦੀ ਸਥਾਨਕ ਇਕਾਈ ਦੇ ਮੁੱਖ ਸੇਵਾਦਾਰ ਐਡਵੋਕੇਟ ਅਮਿਤ ਅੱਗਰਵਾਲ (ਪੈਟਰੋਲ ਪੰਪ ਵਾਲੇ) ਵੱਲੋਂ ਆਪਣੀ ਟੀਮ ਦੇ ਸਹਿਯੋਗ ਨਾਲ ਲੋਕ ਭਲਾਈ ਕੰਮਾਂ ਦੀਆਂ ਗਤੀਵਿਧੀਆਂ ਤੇਜ਼ ਕੀਤੀਆਂ ਜਾ ਰਹੀਆਂ ਹਨ।ਟਰੱਸਟ ਦੇ ਕਮਾਂਡਰ ਐਡਵੋਕੇਟ ਅਮਿਤ ਅੱਗਰਵਾਲ ਨੇ ਦੱਸਿਆ ਕਿ ਭਾਵੇਂ ਉਨ੍ਹਾਂ ਦੀ ਟੀਮ ਪਿਛਲੇ ਇੱਕ ਅਰਸੇ ਤੋਂ ਆਰਥਿਕ ਤੌਰ 'ਤੇ ਕਮਜ਼ੋਰ ਮਰੀਜ਼ਾਂ ਦੇ ਇਲਾਜ, ਵਿੱਤੀ ਥੁੜਾਂ ਕਾਰਨ ਪੜ੍ਹਾਈ ਅੱਧ ਵਿਚਕਾਰ ਛੱਡਣ ਲਈ ਮਜਬੂਰ ਵਿਦਿਆਰਥੀਆਂ ਨੂੰ ਪੜ੍ਹਾਈ ਜਾਰੀ ਰੱਖਣ ਤੇ ਰਸੋਈ ਖਰਚਿਆਂ ਦੀ ਪੂਰਤੀ ਲਈ ਅਸਲ ਲੋੜਵੰਦ ਲੋਕਾਂ ਦੀ ਮਦਦ ਦੇ ਕਾਰਜ ਕਰਦੀ ਆ ਰਹੀ ਹੈ, ਪ੍ਰੰਤੂ ਹੁਣ ਡੇਂਗੂ ਦੇ ਪ੍ਰਕੋਪ ਤੇ ਮਲੇਰੀਏ ਦੇ ਮੱਦੇ ਨਜ਼ਰ ਹੁਣ ਉਨ੍ਹਾਂ ਦਾ ਧਿਆਨ ਸ਼ਹਿਰ ਦੀ ਸਫ਼ਾਈ ਵੱਲ ਕੇਂਦਰਤ ਹੈ।ਦੱਸਣ ਯੋਗ ਹੈ ਕਿ ਗੁਰਪੁਰਬ ਦੇ ਮੌਕੇ ਨਗਰ ਕੀਰਤਨ ਦੇ ਲੰਘਣ ਵਾਲੇ ਮੁੱਖ ਰਸਤਿਆਂ ਤੇ ਪੁਰਾਣਾ ਪੱਤੀ ਗੁਰਦੁਆਰਾ ਦੇ ਚੌਗਿਰਦੇ ਦੀ ਸਫ਼ਾਈ ਲਈ ਟਰੱਸਟ ਨੇ ਵਿਸ਼ੇਸ਼ ਉੱਦਮ ਕਰਦਿਆਂ ਕੌਂਸਲ ਦੇ ਸਫ਼ਾਈ ਕਾਮਿਆਂ ਦੀ ਵੱਡੀ ਟੀਮ ਨੂੰ ਨਾਲ ਲੈ ਕੇ ਟਰੱਸਟ ਵੱਲੋਂ ਆਪਣੀ ਦੇਖ-ਰੇਖ ਹੇਠ ਮੁਕੰਮਲ ਸਫ਼ਾਈ ਕਰਵਾਈ।ਐੱਨ ਜੀ ਓ ਚੇਅਰਮੈਨ ਤੋਂ ਇਲਾਵਾ ਟਰੱਸਟ ਦੇ ਮੈਂਬਰਾਂ ਗੁਰਪ੍ਰੀਤ ਸਿੰਘ, ਬੱਬੂ ਚੱਢਾ, ਗੁਰਪ੍ਰੀਤ ਗੋਪੀ, ਦੀਪੂ, ਹੈਪੀ, ਸੁਖਮਨ, ਸੌਰਵ ਤੇ ਮਨਦੀਪ ਨੇ ਸਫ਼ਾਈ ਕਰਵਾ ਕੇ ਸ਼ਹਿਰ ਦੀਆਂ ਜਨਤਕ ਥਾਵਾਂ 'ਤੇ ਡੀ.ਡੀ.ਟੀ. ਤੇ ਕਲੀ ਚੂਨੇ ਦਾ ਛਿੜਕਾਅ ਕੀਤਾ।ਅਮਿਤ ਅੱਗਰਵਾਲ ਨੇ ਦੱਸਿਆ ਕਿ ਭਾਵੇਂ ਕੌਂਸਲ ਵੱਲੋਂ ਸਫ਼ਾਈ ਕੰਮਾਂ ਵਿੱਚ ਆਪਣੇ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ, ਪਰ ਫਿਰ ਵੀ 'ਸਰਬੱਤ ਦਾ ਭਲਾ ਐੱਨ ਜੀ ਓ' ਵੱਲੋਂ ਕੌਂਸਲ ਦਾ ਸਹਿਯੋਗ ਨਿਰੰਤਰ ਜਾਰੀ ਹੈ ਤੇ ਰਹੇਗਾ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਨੂੰ ਸਮਰਪਤ ਧਾਰਮਿਕ ਦੀਵਾਨ ਸਜਾਏ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਤ 5 ਰੋਜ਼ਾ ਧਾਰਮਿਕ ਦੀਵਾਨ ਗੁਰੂ ਨਾਨਕ ਕਾਲਜ ਦੀ ਗਰਾਊਂਡ ਵਿੱਚ ਸਜਾਏ ਗਏ, ਜਿਸ ਵਿੱਚ ਅਨੰਦ ਈਸ਼ਵਰ ਦਰਬਾਰ ਠਾਠ ਬੱਧਨੀ ਕਲਾਂ ਵਾਲੇ ਬਾਬਾ ਜੀ ਵੱਲੋਂ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ।ਉਨ੍ਹਾਂ ਕਿਹਾ ਕਿ ਸਿੱਖ ਦਾ ਮੁੱਢਲਾ ਫ਼ਰਜ਼ ਹੈ ਕਿ ਉਹ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਬਖਸ਼ੇ ਅੰਮ੍ਰਿਤ ਦੀ ਦਾਤ ਨੂੰ ਪ੍ਰਾਪਤ ਕਰੇ ਤੇ ਰੋਜ਼ਾਨਾ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਭਰੇ। ਇਸ ਸਮੇਂ ਬਾਬਾ ਗੁਰਬਖਸ਼ ਸਿੰਘ ਤੇ ਬਾਬਾ ਜਗਤਾਰ ਸਿੰਘ ਜੀ ਨੇ ਸੰਗਤਾ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ। ਇਸ ਸਮੇਂ ਭਾਈ ਸੱਤਪਾਲ ਸਿੰਘ ਨੇ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ।

## ਬੇਸਹਾਰਾ, ਆਵਾਰਾ ਪਸ਼ੂਆਂ ਤੋਂ ਨਿਜਾਤ ਦਿਵਾਉਣ ਦੀ ਮੰਗ



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਅਫ਼ਸਰ ਕਲੋਨੀ ਦੇ ਵਸ਼ਿੰਦੇ, ਤਰਕਸ਼ੀਲ ਆਗੂ ਮਾਸਟਰ ਪਰਮਵੇਦ, ਸਾਬਕਾ ਸਰਪੰਚ ਸੁਰਿੰਦਰ ਸਿੰਘ ਭਿੰਡਰ, ਕ੍ਰਿਸ਼ਨ ਸਿੰਘ, ਐਡਵੋਕੇਟ ਖੇਮ ਚੰਦ ਰਾਓ, ਦਰਸ਼ਨ ਸਿੰਘ, ਰਮੇਸ਼ ਕੁਮਾਰ, ਰਣਦੀਪ ਸਿੰਘ, ਇੰਦਰਜੀਤ ਸਿੰਘ ਨੇ ਇੱਕ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਅਫ਼ਸਰ ਕਲੋਨੀ ਸਮੇਤ ਸੰਗਰੂਰ ਸ਼ਹਿਰ ਦੀਆਂ ਗਲੀਆਂ, ਮੁਹੱਲਿਆਂ ਵਿੱਚ ਅਵਾਰਾ, ਬੇਸਹਾਰਾ ਪਸ਼ੂ ਆਮ ਘੁੰਮਦੇ ਦੇਖੇ ਜਾ ਸਕਦੇ।ਇਸ ਤਰ੍ਹਾਂ ਘੁੰਮਦੇ, ਲੜਦੇ ਪਸ਼ੂ ਦੁਰਘਟਨਾਵਾਂ ਦਾ ਕਾਰਨ ਬਣਦੇ ਹਨ। ਇਨ੍ਹਾਂ ਆਵਾਰਾ ਬੇਸਹਾਰਾ ਪਸ਼ੂਆਂ ਕਰਕੇ ਬੱਚੇ, ਜਵਾਨ, ਬਜ਼ੁਰਗ ਆਦਮੀ, ਔਰਤਾਂ ਹਰ ਸਮੇਂ ਸਹਿਮੇ ਰਹਿੰਦੇ ਹਨ।ਹੁਣ ਤਾਂ ਸੰਗਰੂਰ ਵਿੱਚ ਕੈਟਲ ਕੈਚਰ ਵੀ ਆ ਗਿਆ ਹੈ ਪਰ ਇਨ੍ਹਾਂ ਦੀ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੋਈ ਹੈ।ਇਨ੍ਹਾਂ ਆਵਾਰਾ, ਬੇਸਹਾਰਾ ਪਸ਼ੂਆਂ ਤੋਂ ਨਿਜਾਤ ਦਿਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਬਹੁਤ ਵਾਰੀ ਮਿਲਿਆ ਜਾ ਚੁੱਕਿਆ ਹੈ,ਪਰ ਪਰਨਾਲਾ ਉਥੇ ਦਾ ਉਥੇ। ਸਾਡੀ ਪੰਜਾਬ ਸਰਕਾਰ, ਸਥਾਨਕ ਜ਼ਿਲ੍ਹਾ ਪ੍ਰਸ਼ਾਸਨ ਨੂੰ ਬੇਨਤੀ ਹੈ ਕਿ ਸਾਡੀ ਆਵਾਜਾਈ ਸੁਰੱਖਿਅਤ ਬਣਾਈ ਜਾਵੇ, ਤਾਂ ਜੋ ਇਨ੍ਹਾਂ ਆਵਾਰਾ, ਬੇਸਹਾਰਾ ਪਸ਼ੂਆਂ ਦੀ ਲਪੇਟ ਵਿੱਚ ਆ ਕੇ ਕਿਸੇ ਵਿਅਕਤੀ ਦੀ ਕੀਮਤੀ ਜਾਨ ਅਜਾਈਂ ਨਾ ਜਾਵੇ।

## ਜ਼ਿਮਨੀ ਚੋਣਾਂ 'ਚ ਸਰਕਾਰ ਦੇ ਝੂਠ ਦਾ ਪਰਦਾ ਫਾਸ਼ ਕਰਾਂਗੇ : ਪੈਨਸ਼ਨਰਜ਼



**ਸਮਰਾਲਾ (ਸੁਰਜੀਤ ਸਿੰਘ)**-'ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਜਿੱਥੇ ਮੁਲਾਜ਼ਮ ਤੇ ਪੈਨਸ਼ਨਰਜ਼ ਪ੍ਰੇਸ਼ਾਨ ਹਨ, ਉੱਥੇ ਆਮ ਲੋਕ ਵੀ ਸਰਕਾਰ ਦੀ ਅਸਲੀਅਤ ਤੋਂ ਜਾਣੂੰ ਹੋਣ ਉਪਰੰਤ ਸਰਕਾਰ ਵਿਰੁੱਧ ਸੜਕਾਂ 'ਤੇ ਉੱਤਰ ਆਏ ਹਨ।' ਇਹ ਵਿਚਾਰ ਇੱਥੇ ਪੈਨਸ਼ਨ ਐਸੋਸੀਏਸ਼ਨ ਦੀ ਜਨਰਲ ਬਾਡੀ ਦੀ ਮੀਟਿੰਗ ਉਪਰੰਤ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਪ੍ਰਗਟ ਕੀਤੇ।ਉਨ੍ਹਾ ਕਿਹਾ ਕਿ ਪਾਵਰਕਾਮ ਦੀ ਮੈਨੇਜਮੈਂਟ ਤੇ ਸਰਕਾਰ ਉਨ੍ਹਾਂ ਦੀਆਂ ਚਿਰੋਕਣੀ ਮੰਗਾਂ 'ਤੇ ਵਿਚਾਰ ਕਰਨ ਲਈ ਵੀ ਸਮਾਂ ਨਹੀਂ ਦੇ ਰਹੀ।ਰਵਾਇਤੀ ਸਿਆਸੀ ਪਾਰਟੀਆਂ ਨੂੰ ਹਰਾ ਕੇ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂ ਮੁਲਾਜ਼ਮਾਂ ਨੂੰ ਇਹ ਆਸ ਬੱਝੀ ਸੀ ਕਿ ਹੁਣ ਉਨ੍ਹਾਂ ਦੇ ਸਾਰੇ ਮਸਲੇ ਹੱਲ ਹੋ ਜਾਣਗੇ, ਪਰ ਇਹ ਸਰਕਾਰ ਰਵਾਇਤੀ ਪਾਰਟੀਆਂ ਤੋਂ ਵੀ ਅੱਗੇ ਲੰਘ ਚੁੱਕੀ ਹੈ।ਸਰਕਾਰ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿਰੁੱਧ ਰਵੱਈਏ ਨੂੰ ਲੈ ਕੇ ਪੈਨਸ਼ਨਰਾਂ ਦੀ ਇੱਕ ਅਹਿਮ ਮੀਟਿੰਗ ਵਰਿਆਮ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਗੁਰਸੇਵਕ ਸਿੰਘ ਮੋਹੀ ਤੇ ਮੋਹਨ ਸਿੰਘ ਸ਼ੰਭੂ ਨੇ ਦੱਸਿਆ ਕਿ ਮੁਲਾਜ਼ਮ ਤੇ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਵਾਰ ਵਾਰ ਸਮਾਂ ਦੇ ਕੇ ਮੀਟਿੰਗ ਨਾ ਕਰਨਾ ਤੇ ਉਨ੍ਹਾਂ ਨਾਲ 4% ਡੀ. ਏ. ਦਾ ਐਲਾਨ ਅਤੇ ਬਕਾਇਆ ਨਾ ਦੇਣਾ ਇੱਕ ਕੋਝਾ ਮਜ਼ਾਕ ਹੈ।ਮੀਟਿੰਗ ਵਿੱਚ ਇਹ ਫੈਸਲਾ ਕੀਤਾ ਕਿ ਜੇਕਰ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ, ਜਿਨ੍ਹਾਂ ਵਿੱਚ 200 ਰੁਪਏ ਡਵੈਲਪਮੈਂਟ ਟੈਕਸ ਬੰਦ ਕਰਨਾ, ਕੈਸ਼ਲੈੱਸ ਸਕੀਮ ਮੁੜ ਚਾਲੂ ਕਰਨਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, 1.1.16 ਤੋਂ ਪਹਿਲਾਂ ਰਿਟਾਇਰ ਹੋਏ ਕਰਮਚਾਰੀਆਂ ਨੂੰ 2.59 ਦਾ ਗੁਣਾਂਕ ਲਗਾ ਕੇ ਪੈਨਸ਼ਨ ਸੋਧ ਕਰਨੀ ਅਤੇ ਉਸ ਦੇ ਬਕਾਏ ਦੀ ਅਦਾਇਗੀ, ਪੈਨਸ਼ਨਰਾਂ ਨੂੰ ਬਿਜਲੀ ਯੂਨਿਟਾਂ ਵਿੱਚ ਰਿਆਇਤ, 15% ਡੀ ਏ ਤੇ ਉਸ ਦਾ ਏਰੀਅਰ ਆਦਿ ਮੰਗਾਂ ਨਾ ਮੰਨੀਆਂ ਤਾਂ ਉਹ ਜ਼ਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਹਰਾਉਣ ਲਈ ਜ਼ੋਰਦਾਰ ਪ੍ਰਚਾਰ ਕਰਨਗੇ ਅਤੇ 17 ਨੂੰ ਗਿੱਦੜਬਾਹਾ ਤੇ ਡੇਰਾ ਬਾਬਾ ਨਾਨਕ ਵਿਖੇ ਹੋਣ ਵਾਲੇ ਰੋਸ ਮੁਜ਼ਾਹਰਿਆਂ ਵਿੱਚ ਸ਼ਾਮਲ ਹੋਣਗੇ।ਇਸ ਤੋਂ ਪਹਿਲਾਂ ਮੀਟਿੰਗ ਵਿੱਚ ਵਿੱਛੜੇ ਪੈਨਸ਼ਨਰ ਸਾਥੀਆਂ ਦੇ ਸਦੀਵੀ ਵਿਛੋੜੇ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਦੋ ਮਿੰਟ ਦਾ ਮੌਨ ਧਾਰਨ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਵਿਧੀ ਚੰਦ, ਰਾਜ ਕੁਮਾਰ, ਸਰਿੰਦਰ ਕੌਸ਼ਲ, ਹਰਜਿੰਦਰ ਸਿੰਘ ਜੇ ਈ, ਨਿਰਮਲ ਸਿੰਘ ਜੇ ਈ-1 ਅਤੇ ਮੋਹਨ ਲਾਲ ਤੋਂ ਇਲਾਵਾ ਸਰਕਲ ਕਮੇਟੀ ਦੇ ਆਗੂ ਇੰਦਰਜੀਤ ਸਿੰਘ ਅਕਾਲ, ਜਗਦੇਵ ਸਿੰਘ, ਲਾਭ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

## ਪ੍ਰੈੱਸ ਕਲੱਬ ਦੀ ਮੀਟਿੰਗ 'ਚ ਨਗਰ ਕੌਂਸਲ ਅੰਦਰ ਪੱਤਰਕਾਰਾਂ ਨਾਲ ਬਦਸਲੂਕੀ ਦੀ ਨਿੰਦਾ



**ਜਗਰਾਉਂ (ਅਮਿਤ ਖੰਨਾ)**-ਪ੍ਰੈੱਸ ਕਲੱਬ ਰਜਿਸਟਡ ਜਗਰਾਉਂ ਦੀ ਇੱਕ ਅਹਿਮ ਮੀਟਿੰਗ ਸਥਾਨਕ ਡਿਸਪੋਜ਼ਲ ਰੋਡ 'ਤੇ ਹੋਟਲ ਡਾਇਨਿੰਗ ਦਿ ਲਾਈਟ ਦੇ ਮੀਟਿੰਗ ਹਾਲ ਅੰਦਰ ਪ੍ਰੈੱਸ ਕਲੱਬ ਜਗਰਾਉਂ ਦੇ ਪ੍ਰਧਾਨ ਦੀਪਕ ਜੈਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਬੀਤੇ ਸੋਮਵਾਰ ਨਗਰ ਕੌਂਸਲ ਦੀ ਮੀਟਿੰਗ ਅੰਦਰ ਪੱਤਰਕਾਰ ਚਰਨਜੀਤ ਸਿੰਘ ਚੰਨ ਨਾਲ ਨਗਰ ਕੌਂਸਲ ਦੇ ਪ੍ਰਧਾਨ ਜਤਿੰਦਰ ਪਾਲ ਸਿੰਘ ਰਾਣਾ ਵੱਲੋਂ ਕੀਤੀ ਗਈ ਬਦਸਲੂਕੀ ਤੇ ਪੱਤਰਕਾਰ ਦਾ ਮੋਬਾਈਲ ਖੋਹਣ ਦੀ ਘਟਨਾ ਬਾਰੇ ਚਰਚਾ ਕੀਤੀ ਗਈ। ਇਸ ਮੌਕੇ ਬੋਲਦਿਆਂ ਕਲੱਬ ਦੇ ਪ੍ਰਧਾਨ ਦੀਪਕ ਜੈਨ ਨੇ ਕਿਹਾ ਕਿ ਕਿਸੇ ਵੀ ਲੀਡਰ ਵੱਲੋਂ ਪੱਤਰਕਾਰ ਨਾਲ ਕੀਤੀ ਗਈ ਬਦਸਲੂਕੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਸ ਸਾਰੇ ਘਟਨਾਕ੍ਰਮ ਦੀ ਸ਼ਿਕਾਇਤ ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐੱਸ ਐੱਸ ਪੀ ਨੂੰ ਕਰ ਦਿੱਤੀ ਗਈ ਹੈ ਅਤੇ ਐੱਸ ਐੱਸ ਪੀ ਵੱਲੋਂ ਕਿਸੇ ਵੀ ਸਰਕਾਰੀ ਅਧਿਕਾਰੀ ਜਾਂ ਨੁਮਾਇੰਦੇ ਵੱਲੋਂ ਪੱਤਰਕਾਰਾਂ ਦੀ ਇੱਜ਼ਤ ਨੂੰ ਠੇਸ ਨਹੀਂ ਪਹੁੰਚਾਏ ਜਾਏਗੀ ਅਤੇ ਪੱਤਰਕਾਰਾਂ ਦੀ ਸੁਰੱਖਿਆ ਦਾ ਪੂਰਾ ਧਿਆਨ ਰੱਖਿਆ ਜਾਇਆ ਕਰੇਗਾ।

ਇਸ ਮੌਕੇ ਪ੍ਰੈੱਸ ਕਲੱਬ ਦੇ ਉਪ ਪ੍ਰਧਾਨ ਪੱਤਰਕਾਰ ਪ੍ਰਦੀਪ ਜੈਨ ਨੇ ਕਿਹਾ ਕਿ ਪ੍ਰੈੱਸ ਲੋਕਤੰਤਰ ਦਾ ਚੌਥਾ ਥੰਮ੍ਹ ਹੈ ਤੇ ਕਿਸੇ ਵੀ ਜਨਤਾ ਦੁਆਰਾ ਚੁਣੇ ਗਏ ਨੁਮਾਇੰਦੇ ਵੱਲੋਂ ਅਜਿਹੀ ਬਦ ਸਲੂਕੀ ਲੋਕਤੰਤਰ ਦੇ ਚੌਥੇ ਥੰਮ੍ਹ ਨੂੰ ਢਾਹ ਲਾਉਣ ਵਾਲੀ ਕਾਰਵਾਈ ਬਿਲਕੁਲ ਹੀ ਨਿੰਦਣ ਯੋਗ ਹੈ। ਇਸ ਮੌਕੇ ਕਲੱਬ ਦੇ ਚੇਅਰਮੈਨ ਅਮਰਜੀਤ ਸਿੰਘ ਮਾਲਵਾ ਨੇ ਕਿਹਾ ਕਿ ਉਹ ਪੱਤਰਕਾਰਾਂ ਦੀ ਆਜ਼ਾਦੀ ਦੀ ਹਮਾਇਤ ਕਰਦੇ ਹਨ ਅਤੇ ਨਗਰ ਕੌਂਸਲ ਪ੍ਰਧਾਨ ਵੱਲੋਂ ਕੀਤੀ ਗਈ ਪੱਤਰਕਾਰਾਂ ਦੀ ਬਦਸਲੂਕੀ ਕਿਸੇ ਪੱਖੋਂ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਸੁਖਦੀਪ ਨਾਹਰ ਨੇ ਕਿਹਾ ਕਿ ਨਗਰ ਕੌਂਸਲ ਅੰਦਰ ਹੋਈ ਪੱਤਰਕਾਰਾਂ ਨਾਲ ਬਦਸਲੂਕੀ ਬਾਰੇ ਪ੍ਰੈੱਸ ਕਲੱਬ ਲੁਧਿਆਣਾ ਨਾਲ ਵਿਚਾਰ ਵਟਾਂਦਰਾ ਕਰਕੇ ਪੱਤਰਕਾਰਾਂ ਨਾਲ ਹੋ ਰਹੀਆਂ ਵਧੀਕੀਆਂ ਤੇ ਨੇਤਾਵਾਂ ਵੱਲੋਂ ਕੀਤੀਆਂ ਜਾ ਰਹੀਆਂ ਬਦ-ਸਲੂਕੀਆਂ ਬਾਰੇ ਮਿਲ ਕੇ ਸੰਘਰਸ਼ ਵਿੱਢਣਗੇ। ਇਸ ਬਾਰੇ ਪ੍ਰੈੱਸ ਕਲੱਬ ਲੁਧਿਆਣਾ ਦੇ ਗੌਰਵ ਅਰੋੜਾ ਨਾਲ ਸੰਪਰਕ ਕੀਤਾ ਗਿਆ ਹੈ, ਜਿਨ੍ਹਾਂ ਵੱਲੋਂ ਪੱਤਰਕਾਰ ਨੂੰ ਇਨਸਾਫ ਦਿਵਾਉਣ ਦਾ ਭਰੋਸਾ ਦਿਵਾਇਆ ਗਿਆ ਹੈ। ਇਸ ਮੌਕੇ ਪੱਤਰਕਾਰ ਅਮਰਜੀਤ ਸਿੰਘ ਮਾਲਵਾ, ਦੀਪਕ ਜੈਨ, ਚਰਨਜੀਤ ਸਿੰਘ ਚੰਨ, ਪ੍ਰਦੀਪ ਜੈਨ, ਸੁਖਦੀਪ ਨਾਹਰ, ਅਮਿਤ ਖੰਨਾ, ਕ੍ਰਿਸ਼ਨ ਵਰਮਾ, ਜਸਵਿੰਦਰ ਡਾਂਗੀਆ, ਪ੍ਰਦੀਪ ਪਾਲ ਤੇ ਪ੍ਰਵੀਨ ਧਵਨ ਆਦਿ ਹਾਜ਼ਰ ਸਨ।

## ਮਾਤਾ ਸੁੰਦਰੀ ਗਰਲਜ਼ ਕਾਲਜ ਦੀਆਂ ਵਿਦਿਆਰਥਣਾਂ ਨੇ ਇੰਟਰ ਜ਼ੋਨਲ ਯੂਥ ਫੈਸਟੀਵਲ 'ਚ ਮਾਰੀਆਂ ਮੱਲਾਂ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਮਾਲਵੇ ਇਲਾਕੇ ਦੀ ਹਰ ਖੇਤਰ ਵਿੱਚ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਣ ਵਾਲੀ ਲੜਕੀਆਂ ਦੀ ਸਿੱਖਿਆ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਦੇ ਅਦਾਰੇ ਮਾਤਾ ਸੁੰਦਰੀ ਗਰਲਜ਼ ਕਾਲਜ ਢੱਡੇ ਦੀਆਂ ਵਿਦਿਆਰਥਣਾਂ ਨੇ ਇੰਟਰ ਜ਼ੋਨਲ ਯੂਥ ਫੈਸਟੀਵਲ, ਪਟਿਆਲਾ ਵਿਖੇ ਵੱਖ-ਵੱਖ ਵੰਨਗੀਆਂ ਵਿੱਚ ਪੁਜ਼ੀਸ਼ਨਾਂ ਹਾਸਲ ਕੀਤੀਆਂ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਤੇਗ ਬਹਾਦਰ ਹਾਲ ਦੀ ਸਟੇਜ ਉੱਪਰ ਆਪਣੀ ਪ੍ਰਤਿਭਾ ਵਿਖਾਉਣ ਦਾ ਮੌਕਾ ਪ੍ਰਾਪਤ ਕਰਨਾ ਹਰੇਕ ਵਿਦਿਆਰਥੀ ਦਾ ਸੁਪਨਾ ਹੁੰਦਾ ਹੈ। ਇੰਟਰ ਜ਼ੋਨਲ ਯੂਥ ਫੈਸਟੀਵਲ 'ਚ ਮਾਤਾ ਸੁੰਦਰੀ ਗਰਲਜ਼ ਕਾਲਜ ਢੱਡੇ ਦੀਆਂ ਵਿਦਿਆਰਥਣਾਂ ਨੇ ਆਪਣੀ ਪ੍ਰਤਿਭਾ ਦਾ ਲੋਹਾ ਮਨਾਉਂਦੇ ਹੋਏ 2 ਵੰਨਗੀਆਂ ਇਕਾਂਗੀ ਨਾਟਕ ਤੇ ਮਾਇਮ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਇਸ ਤੋਂ ਇਲਾਵਾ ਵਿਦਿਆਰਥਣਾਂ ਨੇ ਸਕਿੱਟ ਤੇ ਮਮਿਕਰੀ ਦੇ ਮੁਕਾਬਲਿਆਂ ਵਿੱਚ ਵੀ ਆਪਣੀ ਕਲਾ ਦੇ ਜ਼ੌਹਰ ਵਿਖਾਏ। ਕਾਲਜ ਦੇ ਚੇਅਰਮੈਨ ਸ੍ਰ. ਕੁਲਵੰਤ ਸਿੰਘ ਸਿੱਧੂ ਤੇ ਮੈਨੇਜਿੰਗ ਡਾਇਰੈਕਟਰ ਸ੍ਰ. ਗੁਰਬਿੰਦਰ ਸਿੰਘ ਨੇ ਕਾਲਜ ਵਿਦਿਆਰਥਣਾਂ ਦੀਆਂ ਇਨ੍ਹਾਂ ਸਫਲਤਾਵਾਂ ਲਈ ਪ੍ਰਿੰਸੀਪਲ ਤੇ ਸਮੂਹ ਸਟਾਫ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ ਵਿਦਿਆਰਥਣਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ। ਡਾਇਰੈਕਟਰ ਐਡਮਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਕਾਲਜ ਦਾ ਸਮੁੱਚਾ ਪ੍ਰਸ਼ਾਸਨ ਹਮੇਸ਼ਾ ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਲਈ ਵੱਖ ਵੱਖ ਗਤੀਵਿਧੀਆਂ ਤੇ ਮੁਕਾਬਲਿਆਂ ਲਈ ਵਿਦਿਆਰਥੀਆਂ ਨੂੰ ਸਿੱਖਿਅਤ ਕਰਦਾ ਰਹਿੰਦਾ ਹੈ। ਇਸ ਮੌਕੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਦੱਸਿਆ ਕਿ ਨਿਰਦੇਸ਼ਕ ਅਕਸ ਮਹਿਰਾਜ ਤੇ ਸੁਖਦੀਪ ਢਿੱਲੋਂ ਦੀ ਯੋਗ ਸਿਖਲਾਈ ਅਧੀਨ ਕਾਲਜ ਵਿਦਿਆਰਥਣਾਂ ਨੇ ਉਪਰੋਕਤ ਪ੍ਰਾਪਤੀਆਂ ਸਖਤ ਮਿਹਨਤ ਨਾਲ ਕਾਲਜ ਦੀ ਝੋਲੀ ਪਾਈਆਂ ਹਨ। ਅਸੀਂ ਭਵਿੱਖ ਵਿੱਚ ਵੀ ਵਿਦਿਆਰਥੀਆਂ ਨੂੰ ਸਿੱਖਿਅਤ ਕਰਦੇ ਰਹਾਂਗੇ। ਕਾਲਜ ਯੂਥ ਕੋਆਰਡੀਨੇਟਰ ਪ੍ਰੋ. ਰਣਜੀਤ ਕੌਰ ਮੈਡਮ ਦੀ ਸਖਤ ਮਿਹਨਤ ਤੇ ਮਾਣਯੋਗ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਰੀ ਟੀਮ ਨਾਲ ਤਾਲਮੇਲ ਰੱਖ ਕੇ ਇਸ ਸਫ਼ਲਤਾ ਦੇ ਸਿਖਰ ਨੂੰ ਛੋਹਿਆ ਹੈ। ਅਸੀਂ ਹਮੇਸ਼ਾ ਪੂਰੇ ਸਟਾਫ ਸਮੇਤ ਵਿਦਿਆਰਥਣਾਂ ਤੇ ਉਨ੍ਹਾਂ ਦੇ ਮਾਪਿਆਂ ਨਾਲ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਕੀਤੇ ਵਾਅਦਿਆਂ ਉੱਪਰ ਖਰੇ ਉਤਰਾਂਗੇ। ਇਸ ਮੌਕੇ ਸੰਸਥਾ ਦੇ ਖਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ ਤੇ ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਵੀ ਹਾਜ਼ਰ ਸਨ। ਇਸ ਮੌਕੇ ਪ੍ਰੋ. ਹਰਸ਼ ਰਾਣੀ (ਮੁਖੀ ਕਮਰਸ ਵਿਭਾਗ), ਪ੍ਰੋ. ਜਸਵਿੰਦਰ ਸਿੰਘ (ਮੁਖੀ ਫਿਜ਼ੀਕਲ ਵਿਭਾਗ), ਪ੍ਰੋ. ਰਵਿੰਦਰ ਕੁਮਾਰ (ਮੁਖੀ ਹਿੰਦੀ ਵਿਭਾਗ), ਪ੍ਰੋ. ਰਾਜਵਿੰਦਰ ਕੌਰ (ਮੁਖੀ ਸਮਾਜ ਸਾਸਤਰ ਵਿਭਾਗ), ਪ੍ਰੋ. ਗਗਨਦੀਪ ਕੌਰ (ਸਾਇੰਸ ਵਿਭਾਗ), ਪ੍ਰੋ. ਹਰਮਨਦੀਪ ਕੌਰ (ਪੰਜਾਬੀ ਵਿਭਾਗ), ਪ੍ਰੋ. ਮਨਿੰਦਰਪ੍ਰੀਤ ਕੌਰ (ਸਾਇੰਸ ਵਿਭਾਗ), ਪ੍ਰੋ. ਰੁਪਿੰਦਰ ਕੌਰ (ਸਾਇੰਸ ਵਿਭਾਗ), ਪ੍ਰੋ. ਮਨਪ੍ਰੀਤ ਕੌਰ (ਕੰਪਿਊਟਰ ਵਿਭਾਗ) ਤੇ ਪ੍ਰੋ. ਮਨਪ੍ਰੀਤ ਕੌਰ (ਬੀ. ਐੱਡ ਵਿਭਾਗ) ਨੇ ਇਸ ਪ੍ਰਾਪਤੀ ਦੀ ਵਿਦਿਆਰਥਣਾਂ ਨਾਲ ਖੁਸ਼ੀ ਸਾਂਝੀ ਕੀਤੀ।

## ਸੁਪੀਰੀਅਰ ਵਰਲਡ ਸਕੂਲ 'ਚ ਐਡ-ਮੈਡ ਸ਼ੋਅ ਕਰਵਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸੁਪੀਰੀਅਰ ਵਰਲਡ ਸਕੂਲ ਆਡੀਟੋਰੀਅਮ ਵਿੱਚ 'ਐਡ-ਮੈਡ ਸ਼ੋਅ' ਤਹਿਤ ਇੱਕ ਅੰਤਰ-ਸਕੂਲ ਵਿਗਿਆਪਨ ਮੁਕਾਬਲਾ ਕਰਵਾਇਆ ਗਿਆ। ਇਸ ਸ਼ੋਅ ਵਿੱਚ ਸੁਪੀਰੀਅਰ ਵਰਲਡ ਸਕੂਲ ਤੇ ਰਾਧਾ ਵਾਟਿਕਾ ਸਕੂਲ ਖੰਨਾ ਦੇ ਵਿਦਿਆਰਥੀਆਂ ਨੇ ਆਪਣੀ ਸਿਰਜਣਾਤਮਕਤਾ, ਨਵੀਨਤਾ ਤੇ ਵਿਗਿਆਪਨ ਦੇ ਹੁਨਰ ਪੇਸ਼ ਕੀਤੇ। ਦਾ ਸੁਪੀਰੀਅਰ ਵਰਲਡ ਸਕੂਲ ਦੇ ਸੱਤਵੀ, ਅੱਠਵੀਂ ਜਮਾਤ ਦੇ ਵਿਦਿਆਰਥੀਆਂ ਅਨੀਕੇਤ ਕਪਿਲ, ਯੋਗੇਸ਼ ਜੈਨ, ਅਰਨਵ ਸਿੰਘ ਤੇ ਜਸਨੂਰ ਸਿੰਘ ਪੂਨੀਆ ਨੇ ਐਕਟ ਐਂਡ ਡਰਾਮਾ ਸ਼ੋਅ ਦੌਰਾਨ ਬਾਖੂਬੀ ਪੇਸ਼ਕਾਰੀ ਦਿੱਤੀ। ਸ਼ੋਅ ਦੌਰਾਨ ਵਿਦਿਆਰਥੀਆਂ ਵੱਲੋਂ ਸੋਸ਼ਲ ਮੀਡੀਆ ਦੀ ਜ਼ਿਆਦਾ ਵਰਤੋਂ ਦੇ ਨੁਕਸਾਨ ਦੱਸਦਿਆਂ ਇੱਕ ਖੂਬਸੂਰਤ ਸੁਨੇਹਾ ਦਿੱਤਾ। ਸਕੂਲ ਦੀ ਪ੍ਰਿੰਸੀਪਲ ਰਸ਼ਮੀ ਸ਼ਰਮਾ ਨੇ ਸਮਾਗਮ ਨੂੰ ਯਾਦਗਾਰ ਬਣਾਉਣ ਲਈ ਸਾਰੇ ਭਾਗੀਦਾਰਾਂ, ਜੱਜਾਂ ਤੇ ਪ੍ਰਬੰਧਕਾਂ, ਉੱਤਮ ਵਿਸ਼ਵ ਸਕੂਲ ਦੇ ਪ੍ਰਬੰਧਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਔਰਤ ਦੀਆਂ ਵਾਲੀਆਂ ਲਾਹੁਣ ਵਾਲਾ ਚੋਰ ਕਾਬੂ

**ਸਮਰਾਲਾ (ਸੁਰਜੀਤ ਸਿੰਘ)**-ਬੀਤੇ ਦਿਨ ਇਥੋਂ ਦੇ ਇੱਕ ਮੁਹੱਲੇ ਵਿੱਚ ਇੱਕ ਨੌਜਵਾਨ ਘਰ 'ਚ ਦਾਖਲ ਹੋ ਕੇ ਬਿਰਧ ਔਰਤ ਦੀਆਂ ਵਾਲੀਆਂ ਲਾਹ ਕੇ ਫਰਾਰ ਹੋ ਗਿਆ ਸੀ, ਨੂੰ ਪੁਲਸ ਨੇ ਫੁਰਤੀ ਦਿਖਾਉਂਦਿਆਂ ਰਿਕਾਰਡ ਸਮੇਂ ਵਿੱਚ ਕਾਬੂ ਕਰ ਸੀਖਾਂ ਪਿੱਛੇ ਪਹੁੰਚਾ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ ਐੱਸ ਪੀ ਸਮਰਾਲਾ ਤਰਲੋਚਨ ਸਿੰਘ ਨੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਜਦੋਂ ਪੁਲਸ ਨੂੰ ਇਸ ਸਬੰਧੀ ਜਾਣਕਾਰੀ ਹਾਸਲ ਹੋਈ ਤਾਂ ਉਨ੍ਹਾਂ ਤੁਰੰਤ ਕਾਰਵਾਈ ਕਰਦਿਆਂ ਮੁਜਰਮ ਨੂੰ ਕਾਬੂ ਕਰ ਲਿਆ ਅਤੇ ਚੋਰੀ ਹੋਇਆ ਸਾਮਾਨ ਵਾਲੀਆਂ ਵੀ ਬਰਾਮਦ ਕਰ ਲਈਆਂ। ਉਨ੍ਹਾਂ ਦੱਸਿਆ ਕਿ ਆਰੋਪੀ ਦੀ ਪੁੱਛ-ਗਿੱਛ ਜਾਰੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਜਾਣ-ਪਛਾਣ ਤੋਂ ਕਿਸੇ ਵੀ ਬੰਦੇ ਨੂੰ ਆਪਣੇ ਘਰ ਅੰਦਰ ਨਾ ਆਉਣ ਦੇਣ। ਉਨ੍ਹਾਂ ਕਿਹਾ ਕਿ ਪੁਲਸ ਲੋਕਾਂ ਦੀ ਰਾਖੀ ਲਈ ਵਚਨਬੱਧ ਹੈ ਤੇ ਕੋਈ ਵੀ ਆਪਣੀ ਸਮੱਸਿਆ ਲੈ ਕੇ ਪੁਲਸ ਸਟੇਸ਼ਨ ਆ ਸਕਦਾ ਹੈ।

## ਸਰਕਾਰੀ ਸੀਨੀ. ਸੈਕੰ. ਸਕੂਲ ਮੱਤਾ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ

**ਕੋਟਕਪੂਰਾ (ਰਛਪਾਲ ਭੁੱਲਰ)**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਤਾ ਦੇ ਛੇਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਲਈ 'ਰਾਮ ਮੁਹੰਮਦ ਸਿੰਘ ਅਜ਼ਾਦ ਵੈੱਲਫੇਅਰ ਸੁਸਾਇਟੀ ਕੋਟਕਪੂਰਾ' ਵੱਲੋਂ ਸਮਾਗਮ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਜਗਸੀਰ ਸਿੰਘ ਬਰਾੜ ਮੱਤਾ ਸੇਵਾਮੁਕਤ ਜੂਨੀਅਰ ਤਕਨੀਸ਼ੀਅਨ ਪੰਜਾਬ ਰੋਡਵੇਜ਼ ਸ਼ਾਮਲ ਹੋਏ। ਉਨ੍ਹਾਂ ਇਹ ਸਮਾਗਮ ਆਪਣੇ ਸਤਿਕਾਰਯੋਗ ਪਿਤਾ ਸਵਰਗਵਾਸੀ ਰਾਜਿੰਦਰ ਸਿੰਘ ਬਰਾੜ ਦੀ ਨਿੱਘੀ ਯਾਦ ਵਿੱਚ ਕਰਵਾਇਆ ਤੇ ਆਪਣੇ ਸੰਬੋਧਨ 'ਚ ਵਿਦਿਆਰਥੀਆਂ ਨੂੰ ਆਪਣੇ ਬਜ਼ੁਰਗਾਂ ਨੂੰ ਹਮੇਸ਼ਾ ਯਾਦ ਰੱਖਣ ਲਈ ਪ੍ਰੇਰਿਤ ਕੀਤਾ। ਇਸ ਸਮਾਗਮ ਦੀ ਪ੍ਰਧਾਨਗੀ ਸਕੂਲ ਦੇ ਇੰਚਾਰਜ ਪ੍ਰਿੰਸੀਪਲ ਗੁਰਦਰਸ਼ਨ ਸਿੰਘ ਢਿੱਲਵਾਂ ਨੇ ਕੀਤੀ। ਸਮਾਗਮ ਦੇ ਸ਼ੁਰੂ ਵਿੱਚ ਸਕੂਲ ਦੇ ਅੰਗਰੇਜ਼ੀ ਅਧਿਆਪਕ ਮਨਦੀਪ ਸਿੰਘ ਪੁਰਬਾ ਨੇ ਸਾਰੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ। ਸਮਾਗਮ

**ਬਜ਼ੁਰਗਾਂ ਨੂੰ ਯਾਦ ਕਰਨਾ ਸਾਡਾ ਸਾਰਿਆਂ ਦਾ ਪਵਿੱਤਰ ਫਰਜ਼ : ਜਗਸੀਰ ਮੱਤਾ**

ਨੂੰ ਸੰਬੋਧਨ ਕਰਦਿਆਂ ਸੁਸਾਇਟੀ ਦੇ ਮੁੱਖ ਸਲਾਹਕਾਰ ਗੁਰਿੰਦਰ ਸਿੰਘ ਮਹਿੰਦੀਰੱਤਾ, ਮੀਤ ਪ੍ਰਧਾਨ ਪ੍ਰੇਮ ਚਾਵਲਾ, ਵਿੱਤ ਸਕੱਤਰ ਸੋਮਨਾਥ ਅਰੋੜਾ, ਮੁਖਤਿਆਰ ਸਿੰਘ ਮੱਤਾ, ਹਰਨੇਕ ਸਿੰਘ ਸਾਹੋਕੇ ਤੇ ਮੰਡੀ ਬੋਰਡ ਦੇ ਸੇਵਾਮੁਕਤ ਸੀਨੀਅਰ ਅਧਿਕਾਰੀ ਕੁਲਬੀਰ ਸਿੰਘ ਮੱਤਾ ਨੇ ਦਿਨੋਂ ਦਿਨ ਵਧ ਰਹੇ ਪ੍ਰਦੂਸ਼ਣ ਤੇ ਨਸ਼ਿਆਂ ਦੀ ਸਮੱਸਿਆ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਇਸ ਤੋਂ ਇਲਾਵਾ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਦਿਨ, ਪਹਿਲੇ ਪਾਤਸ਼ਾਹ ਗੁਰੂ ਨਾਨਕ ਪਾਤਸ਼ਾਹ ਜੀ ਦੇ 555ਵੇਂ ਪ੍ਰਕਾਸ਼ ਪੁਰਬ ਮੌਕੇ ਅਤੇ ਆਜ਼ਾਦੀ ਸੰਗਰਾਮ ਦੇ ਮਹਾਨ ਨਾਇਕ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਸ਼ਹੀਦੀ ਦਿਨ ਨੂੰ ਯਾਦ ਕਰਦਿਆਂ ਇਨ੍ਹਾਂ ਮਹਾਨ ਸ਼ਖਸੀਅਤਾਂ ਦੇ ਜੀਵਨ ਸੰਬੰਧੀ ਰੌਸ਼ਨੀ ਪਾਈ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਆਈਟਮਾਂ ਪੇਸ਼ ਕੀਤੀਆਂ ਗਈਆਂ। ਸਮਾਗਮ ਦਾ ਸਟੇਜ ਸੰਚਾਲਨ ਸਕੂਲ ਦੇ ਮੈਥ ਅਧਿਆਪਕ ਜਸਵਿੰਦਰ ਸਿੰਘ ਜੈਤੋ ਤੇ ਹਿੰਦੀ ਅਧਿਆਪਕਾ ਨੇਹਾ ਸ਼ਰਮਾ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰਿੰਸੀਪਲ ਗੁਰਦਰਸ਼ਨ ਸਿੰਘ ਨੇ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਤੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਸੀਰ ਸਿੰਘ ਬਰਾੜ ਦੇ ਚਾਚਾ ਜੀ ਬਲਤੇਜ ਸਿੰਘ ਬਰਾੜ ਮੱਤਾ, ਗੇਜ ਰਾਮ ਭੋਰਾ ਤੇ ਸਕੂਲ ਦੇ ਅਧਿਆਪਕ ਹਰਮੰਦਰ ਸਿੰਘ, ਵਿਕਾਸ ਭਾਰਤੀ, ਪਰਮਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਨਿਵੇਦਿਤ ਵਾਲੀਆ, ਰਾਜਵਿੰਦਰ ਸਿੰਘ, ਨਛੱਤਰ ਸਿੰਘ, ਮੈਡਮ ਅਮਨਪ੍ਰੀਤ ਕੌਰ, ਮੈਡਮ ਨਲਿਨੀ, ਮਮਤਾ ਰਾਣੀ, ਸੁਖਵੀਰ ਕੌਰ, ਸੁਧਾ ਸਿੰਗਲਾ, ਪਰਮਿੰਦਰ ਕੌਰ, ਰੰਜੂ ਬਾਲਾ ਤੇ ਮਨਜਿੰਦਰ ਕੌਰ ਆਦਿ ਸ਼ਾਮਲ ਸਨ।

## ਆਕਸਫੋਰਡ ਵਿਖੇ ਦੰਦਾਂ ਤੇ ਅੱਖਾਂ ਦਾ ਚੈਕਅੱਪ ਕੈਂਪ ਲਾਇਆ



**ਬਠਿੰਡਾ (ਰਾਜੀਵ ਗੋਇਲ)**-'ਦਿ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈ ਕਾ ਵਿਖੇ ਦੂਸਰੀ ਜਮਾਤ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੀਆਂ ਅੱਖਾਂ ਦਾ ਚੈੱਕਅਪ ਤੇ ਛੇਵੀਂ ਜਮਾਤ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਦੰਦਾਂ ਦਾ ਚੈੱਕਅਪ ਕਰਾਉਣ ਲਈ ਇੱਕ ਮੈਡੀਕਲ ਕੈਂਪ ਲਗਾਇਆ ਗਿਆ।ਆਦੇਸ਼ ਯੂਨੀਵਰਸਿਟੀ ਬਠਿੰਡਾ ਵੱਲੋਂ ਅੱਖਾਂ ਤੇ ਦੰਦਾਂ ਦੇ ਮਾਹਰ ਡਾਕਟਰ ਅਤੇ ਉਨ੍ਹਾਂ ਦੀਆਂ ਟੀਮਾਂ ਨੇ ਵਿਦਿਆਰਥੀਆਂ ਦੀਆਂ ਅੱਖਾਂ ਤੇ ਦੰਦਾਂ ਦਾ ਮੁਆਇਨਾ ਕੀਤਾ।ਇਸ ਦੌਰਾਨ ਵਿਦਿਆਰਥੀਆਂ ਨੂੰ ਅੱਖਾਂ ਦੀ ਸੰਭਾਲ ਤੇ ਦੰਦਾਂ ਦੀ ਮਜ਼ਬੂਤੀ ਦੇ ਰਾਜ ਦੱਸਦੇ ਹੋਏ ਕੁਝ ਨੁਕਤੇ ਵੀ ਸਮਝਾਏ ਗਏ।ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਬੱਚਿਆਂ ਨੂੰ ਸੰਬੋਧਤ ਹੁੰਦੇ ਕਿਹਾ ਕਿ ਸਿਆਣਿਆਂ ਦਾ ਕਥਨ ਹੈ 'ਦੰਦ ਗਏ ਤਾਂ ਸਵਾਦ ਗਿਆ, ਅੱਖਾਂ ਗਈਆਂ ਤਾਂ ਜਹਾਨ ਗਿਆ।' ਇਸ ਲਈ ਸਾਨੂੰ ਇਨ੍ਹਾਂ ਦੀ ਚੰਗੀ ਤਰ੍ਹਾਂ ਸੰਭਾਲ ਤੇ ਦੇਖਭਾਲ ਕਰਨੀ ਚਾਹੀਦੀ ਹੈ।

## ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸਕੂਲ ਵਿਖੇ ਪ੍ਰਕਾਸ਼ ਪੁਰਬ ਮਨਾਇਆ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਮਾਛੀਵਾੜਾ ਸਾਹਿਬ ਇਲਾਕੇ ਦੀ ਪ੍ਰਸਿੱਧ ਸੰਸਥਾ ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀਨੀ. ਸੈਕੰ. ਸਕੂਲ ਵਿਖੇ, ਪਿਛਲੇ ਦਿਨੀਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ।ਗੁਰੂ ਨਾਨਕ ਦੇਵ ਜੀ ਦੀ ਬਾਣੀ ਸਾਨੂੰ ਆਪਸੀ ਪਿਆਰ ਬਰਾਬਰਤਾ ਤੇ ਸਰਬਸਾਂਝੀ ਵਾਲਤਾ ਦਾ ਉਪਦੇਸ਼ ਦਿੰਦੀ ਹੈ।

ਪ੍ਰਕਾਸ਼ ਪੁਰਬ ਨੂੰ ਸਨਮੁੱਖ ਰੱਖਦਿਆਂ ਸਕੂਲ ਵਿੱਚ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ।ਇਸ ਮੌਕੇ ਭਾਈ ਰਣਧੀਰ ਸਿੰਘ ਤੇ ਭਾਈ ਮੋਦਨ ਸਿੰਘ ਦੇ ਰਾਗੀ ਜਥੇ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਨਾਲ ਨਿਹਾਲ ਕੀਤਾ।ਇਸ ਮੌਕੇ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਵੀ ਇੱਕ ਸ਼ਬਦ ਗਾਇਨ ਕੀਤਾ ਗਿਆ।ਸਕੂਲ ਦੀਆਂ ਵਿਦਿਆਰਥਣਾਂ ਨੇ ਇਸ ਮੌਕੇ ਪ੍ਰਣ ਲਿਆ ਕਿ ਉਹ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਅਮਲੀ ਰੂਪ ਵਿੱਚ ਅਪਣਾਉਣ ਦੀਆਂ ਕੋਸ਼ਿਸ਼ ਕਰਨਗੀਆਂ। ਗੁਰਪੁਰਬ ਦੇ ਇਸ ਸਮਾਗਮ ਵਿੱਚ ਪ੍ਰਬੰਧਕ ਕਮੇਟੀ ਦੇ ਸਕੱਤਰ ਗੁਰਨਾਮ ਸਿੰਘ ਨਾਗਰਾ, ਖ਼ਜ਼ਾਨਚੀ ਜੋਗਿੰਦਰ ਪਾਲ ਸਿੰਘ ਮੱਕੜ ਤੇ ਪੱਤਰਕਾਰ ਗੁਰਮੁੱਖ ਦੀਪ ਸਿੰਘ ਵੱਲੋਂ ਵੀ ਹਾਜ਼ਰੀ ਲਵਾਈ ਗਈ।ਸਕੂਲ ਪ੍ਰਿੰਸੀਪਲ ਪ੍ਰੋ. ਬਲਜੀਤ ਸਿੰਘ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਸੰਸਾਰ 'ਤੇ ਅਵਤਾਰ ਧਾਰਿਆ, ਜਦੋਂ ਲੋਕ ਵਹਿਮਾਂ ਭਰਮਾਂ ਤੇ ਪ੍ਰਮਾਤਮਾ ਦੇ ਨਾਮ ਦੇ ਵਖਰੇਵਿਆਂ ਵਿੱਚ ਵੰਡੇ ਹੋਏ ਸਨ।ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਪਹਿਲਾ ਉਪਦੇਸ਼ ਇਹੀ ਦਿੱਤਾ ਕਿ ਰੱਬ ਇੱਕ ਹੈ।ਉਨ੍ਹਾਂ ਕਿਹਾ ਕਿ ਸਾਨੂੰ ਬਾਣੀ ਇਕੱਲੀ ਪੜ੍ਹਨੀ ਹੀ ਨਹੀਂ ਸਗੋਂ ਸਾਨੂੰ ਬਾਣੀ ਵਿਚਲੀਆਂ ਸਿੱਖਿਆਵਾਂ 'ਤੇ ਅਮਲ ਵੀ ਕਰਨਾ ਚਾਹੀਦਾ ਹੈ।ਇਸ ਮੌਕੇ ਸਟਾਫ਼ ਸਾਰੇ ਮੈਂਬਰ ਜਿਨ੍ਹਾਂ ਵਿੱਚ ਰਵਿੰਦਰ ਕੌਰ, ਹਰਿੰਦਰ ਕੌਰ, ਕਮਲਜੀਤ ਕੌਰ, ਰੂਹੀ ਸ਼ਰਮਾ, ਨਰਿੰਦਰ ਸਿੰਘ (ਪੰਜਾਬੀ) ਕਾਜਲ ਆਨੰਦ, ਹਰਿੰਦਰਦੀਪ ਸ਼ਰਮਾ, ਸਿਮਰਜੀਤ ਕੌਰ, ਸੰਤੋਸ਼ ਗੁਪਤਾ, ਕਨਿਕਾ ਖੁੱਲਰ, ਗੁਰਚਰਨ ਸਿੰਘ ਨੀਲੋਂ, ਰਜਿੰਦਰ ਸਿੰਘ, ਮਨਜੋਤ ਕੌਰ ਤੇ ਨਰਿੰਦਰ ਸਿੰਘ ਆਦਿ ਹਾਜ਼ਰ ਸਨ।ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਚਾਹ ਤੇ ਬਰੈੱਡ ਪਕੌੜਿਆਂ ਦੇ ਲੰਗਰ ਵਰਤਾਏ ਗਏ।

## ਗਰਾਮ ਪੰਚਾਇਤ ਵੱਲੋਂ ਜਿੱਤ ਦੀ ਖੁਸ਼ੀ 'ਚ ਵਿਸ਼ਾਲ ਧਾਰਮਕ ਸਮਾਗਮ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਹਿਲ ਕਲਾਂ (ਬਰਨਾਲਾ) ਦੇ ਨਵੇਂ ਬਣੇ ਸਰਪੰਚ ਬੀਬੀ ਕਿਰਨਾ ਰਾਣੀ ਬਾਂਸਲ ਤੇ ਸਮੂਹ ਗ੍ਰਾਮ ਪੰਚਾਇਤ ਵੱਲੋਂ ਪ੍ਰਮਾਤਮਾ ਦੇ ਸ਼ੁਕਰਾਨੇ ਵਜੋਂ ਤਿੰਨ ਰੋਜ਼ਾ ਧਾਰਮਿਕ ਸਮਾਗਮ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਮਹਿਲ ਕਲਾਂ ਵਿਖੇ ਕਰਵਾਇਆ ਗਿਆ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਪ੍ਰਸਿੱਧ ਰਾਗੀ ਭਾਈ ਜਗਸੀਰ ਸਿੰਘ ਖ਼ਾਲਸਾ ਦੇ ਜਥੇ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਗੁਰਬਾਣੀ ਨਾਲ ਜੁੜ ਕੇ ਆਪਸੀ ਭਾਈਚਾਰੇ ਨੂੰ ਸਾਂਝ ਨੂੰ ਹੋਰ ਮਜ਼ਬੂਤ ਕਰਨ ਦਾ ਸੁਨੇਹਾ ਦਿੱਤਾ।

ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਭਾਈ ਲਾਲੋ ਪੰਜਾਬੀ ਮੰਚ ਦੇ ਆਗੂ ਹਰਜੀਤ ਸਿੰਘ ਖਿਆਲੀ, ਸ਼ਹੀਦ ਕਰਤਾਰ ਸਿੰਘ ਸਰਾਭਾ ਕਲੱਬ ਦੇ ਸਰਪ੍ਰਸਤ ਬੇਅੰਤ ਸਿੰਘ ਮਿੱਠੂ ਨੇ ਪਿੰਡ ਦੀ ਨੁਹਾਰ ਬਦਲਣ ਲਈ ਸਾਰੀਆਂ ਧਿਰਾਂ ਨੂੰ ਲੈ ਕੇ ਚੱਲਣ ਤੇ ਲੋਕਾਂ ਦੀਆਂ ਅਹਿਮ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਦੀ ਮੰਗ ਕੀਤੀ। ਨੌਜਵਾਨ ਆਗੂ ਗੁਰਪ੍ਰੀਤ ਸਿੰਘ ਅਣਖੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਹਿਲ ਕਲਾਂ ਦੇ ਅਣਖੀ ਲੋਕਾਂ ਨੇ ਵੋਟ ਬਟੋਰੂ ਆਗੂਆਂ ਵੱਲੋਂ ਦਿੱਤੇ ਗਏ ਹਰ ਕਿਸਮ ਦੇ ਲਾਲਚਾਂ ਨੂੰ ਠੁਕਰਾ ਆਪਣੀ ਪੰਚਾਇਤ ਕਾਇਮ ਕਰ ਕੇ ਇਤਿਹਾਸ ਸਿਰਜਿਆ ਹੈ, ਜਿਸ ਲਈ ਸਮੂਹ ਨਗਰ ਨਿਵਾਸੀ ਵਧਾਈ ਦੇ ਪਾਤਰ ਹਨ।ਲੋਕਲ ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਸ਼ੇਰ ਸਿੰਘ ਖ਼ਾਲਸਾ ਦੀ ਅਗਵਾਈ 'ਚ ਸਰਪੰਚ ਬੀਬੀ ਕਿਰਨਾਂ ਰਾਣੀ, ਸਰਪੰਚ ਸਰਬਜੀਤ ਸਿੰਘ ਸ਼ੰਭੂ, ਨੌਜਵਾਨ ਆਗੂ ਅਰੁਣ ਕੁਮਾਰ ਬਾਂਸਲ, ਗੁਰਪ੍ਰੀਤ ਸਿੰਘ ਅਣਖੀ ਤੇ ਸਮੂਹ ਪੰਚਾਇਤ ਮੈਂਬਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਸਮੇਂ ਹਰਬੰਸ ਲਾਲ ਬਾਂਸਲ, ਕ੍ਰਿਸ਼ਨ ਕੁਮਾਰ ਬਿੱਟੂ ਬਰਨਾਲਾ, ਆੜ੍ਹਤੀਆ ਸਰਬਜੀਤ ਸਿੰਘ ਸਰਬੀ, ਬਲਵੰਤ ਸਿੰਘ ਗਰਿੱਲਾਂ ਵਾਲੇ, ਬਾਬੂ ਰੌਸ਼ਨ ਲਾਲ ਬਾਂਸਲ, ਰਾਜਿੰਦਰਪਾਲ ਸਿੰਘ ਬਿੱਟੂ, ਹਰੀ ਸਿੰਘ ਕਟਹਿਰੀਆ, ਰਾਕੇਸ਼ ਕੁਮਾਰ ਬਾਂਸਲ, ਵਿਜੈ ਕੁਮਾਰ ਬਾਂਸਲ, ਗਗਨਦੀਪ ਬਾਂਸਲ, ਯੂਥ ਆਗੂ ਮਨਦੀਪ ਸਿੰਘ, ਬੀਬੀ ਕਿਰਨਪਾਲ ਕੌਰ, ਮਾਨ ਸਿੰਘ ਮਾਨਾ, ਪ੍ਰਧਾਨ ਗਗਨਦੀਪ ਸਿੰਘ ਸਰਾਂ, ਚੇਅਰਮੈਨ ਪ੍ਰੇਮ ਕੁਮਾਰ ਪਾਸੀ ਸਮੇਤ ਵੱਡੀ ਗਿਣਤੀ 'ਚ ਪਤਵੰਤੇ ਲੋਕ ਹਾਜ਼ਰ ਸਨ।

## ਅਸਲ ਤਾਲਿਬਾਨੀ ਕਿਸਾਨ ਨਹੀਂ, ਭਾਜਪਾ ਹੈ : ਇਨਕਲਾਬੀ ਕੇਂਦਰ ਪੰਜਾਬ



**ਜਗਰਾਉਂ (ਨਛੱਤਰ ਸੰਧੂ)**

ਇਨਕਲਾਬੀ ਕੇਂਦਰ ਪੰਜਾਬ ਨੇ ਭਾਜਪਾ ਵੱਲੋਂ ਦੇਸ਼ ਉੱਪਰ ਠੋਸੇ ਹੋਏ ਰਾਜ ਮੰਤਰੀ ਰਵਨੀਤ ਬਿੱਟੂ ਦੇ ਉਸ ਬਿਆਨ ਦਾ ਸਖ਼ਤ ਨੋਟਿਸ ਲਿਆ ਹੈ, ਜਿਸ ਵਿੱਚ ਉਸ ਨੇ ਕਿਸਾਨਾਂ ਨੂੰ ਤਾਲਬਾਨੀ ਆਖਿਆ ਹੈ।ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਅਤੇ ਜਨਰਲ ਸੱਕਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਅਸਲ ਤਾਲਬਾਨੀ ਭਾਜਪਾ ਹੈ, ਜਿਸ ਦੀ ਫਿਰਕੂ ਫਾਸ਼ੀ ਸੋਚ 'ਤੇ ਅਮਲ ਨੇ ਦੇਸ਼ ਭਰ 'ਚ ਘੱਟਗਿਣਤੀ ਲੋਕਾਂ ਦੀ ਜਾਨ ਸੂਲ਼ੀ 'ਤੇ ਟੰਗੀ ਹੋਈ ਹੈ।ਭਾਜਪਾ ਦੀ ਬੁਲਡੋਜ਼ਰ ਸਿਆਸਤ ਨੇ ਦੇਸ਼ ਭਰ 'ਚ ਅਣਗਿਣਤ ਵਿਰੋਧੀ ਜੇਲ੍ਹਾਂ 'ਚ ਬਿਨਾਂ ਮੁਕੱਦਮਾ ਚਲਾਏ ਬੰਦ ਕੀਤੇ ਹੋਏ ਹਨ।ਹਜ਼ਾਰਾਂ ਬੇਗੁਨਾਹ ਕਸ਼ਮੀਰੀ ਸਿਰਫ ਮੁਸਲਮਾਨ ਹੋਣ ਕਾਰਨ ਭਾਜਪਾ ਦੇ ਤਾਲਬਾਨੀ ਰਾਜ 'ਚ ਵਰ੍ਹਿਆਂ ਤੋਂ ਜੇਲ੍ਹਾਂ 'ਚ ਸੜ ਰਹੇ ਹਨ।ਸੈਂਕੜੇ ਬੁੱਧੀਜੀਵੀ ਕੋਰੇਗਾਂਵ ਦੇ ਮਨਘੜਤ ਕੇਸ ਤੇ ਹੋਰ ਕੇਸਾਂ 'ਚ ਕਿੰਨੇ ਸਾਲਾਂ ਤੋਂ ਜੇਲਾਂ 'ਚ ਬੰਦ ਹਨ।ਜੇਲ੍ਹ 'ਚ ਝੂਠੇ ਕੇਸ 'ਚ ਬੰਦ ਮੁਹੰਮਦ ਆਨਿਆਂ ਖਾਨ 14 ਸਾਲ ਬਾਅਦ ਬਰੀ ਹੋਇਆ ਹੈ।ਉਮਰ ਖਾਲਦ ਨਾਂਅ ਦਾ ਵਿਦਿਆਰਥੀ ਆਗੂ ਛੇ ਸਾਲ ਤੋਂ ਬਿਨਾਂ ਮੁਕੱਦਮਾ ਚਲਾਏ ਜੇਲ੍ਹ 'ਚ ਬੰਦ ਹੈ।ਯੋਗੀ ਨੇ ਉੱਤਰ ਪ੍ਰਦੇਸ 'ਚ ਕਿੰਨੇ ਬੇਦੋਸ਼ੇ ਮੁਸਲਮਾਨਾਂ ਦਾ ਕਤਲ ਕੀਤਾ ਹੈ।ਦੇਸ਼ ਦੇ ਵੱਖ ਵੱਖ ਹਿੱਸਿਆਂ 'ਚ ਕਿੰਨੇ ਹੀ ਬੇਗੁਨਾਹ ਮੁਸਲਮਾਨ, ਇਸਾਈ ਕੀ ਭਾਜਪਾ ਦੇ ਤਾਲਬਾਨੀ ਰਾਜ 'ਚ ਕਤਲ ਨਹੀਂ ਹੋਏ? ਉਨ੍ਹਾ ਕਿਹਾ ਕਿ 2020 'ਚ ਦਿੱਲੀ ਦੇ ਕਿਸਾਨ ਅੰਦੋਲਨ 'ਚ ਸੱਤ ਸੌ ਕਿਸਾਨਾਂ ਦੀ ਕਾਤਲ ਕੀ ਭਾਜਪਾ ਨਹੀਂ ਹੈ? ਲਖੀਮਪੁਰ ਖੀਰੀ ਦੇ ਤਾਲਬਾਨੀ ਭਾਜਪਾਈ ਕਾਤਲਾਂ ਬਾਰੇ ਇਸ ਆਪੂ ਸਜੇ ਲੀਡਰ ਦੀ ਜ਼ੁਬਾਨ ਕਿਓਂ ਬੰਦ ਹੈ? ਮਣੀਪੁਰ 'ਚ ਮਾਵਾਂ-ਭੈਣਾਂ ਦਾ ਬਲਾਤਕਾਰ ਕਰ ਉਨ੍ਹਾਂ ਨੂੰ ਅਲਫ ਨੰਗਿਆਂ ਕਰਕੇ ਸੜਕਾਂ 'ਤੇ ਤੋਰ ਕੇ ਜ਼ਲੀਲ ਕਰਨ ਵਾਲਾ ਰਾਜ ਭਾਗ ਕੀ ਭਾਜਪਾ ਦਾ ਨਹੀਂ ਸੀ? ਗੁਜਰਾਤ 'ਚ ਬਿਲਕਿਸ ਬਾਨੋ ਦੇ ਬਲਾਤਕਾਰੀ ਕਾਤਲਾਂ ਨੂੰ ਸੰਸਕਾਰੀ ਕਰਾਰ ਦੇ ਕੇ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਜੇਲ੍ਹ 'ਚੋਂ ਬਾਹਰ ਕੱਢ ਦੇਣ ਦੀ ਸਿਫਾਰਸ਼ ਗੁਜਰਾਤ ਦੇ ਭਾਜਪਾਈ ਮੁੱਖ ਮੰਤਰੀ ਨੇ ਨਹੀਂ ਸੀ ਕੀਤੀ? ਕੀ ਜੰਮੂ ਦੇ ਮੰਦਰ 'ਚ ਮਸੂਮ ਗੁੱਜਰ ਬੱਚੀ ਆਸਿਫਾ ਦੇ ਬਲਾਤਕਾਰੀਆਂ ਦੇ ਹੱਕ 'ਚ ਸੜਕਾਂ 'ਤੇ ਉੱਤਰਨ ਵਾਲੀ ਭਾਜਪਾ ਨਹੀਂ ਸੀ? ਕੀ ਦੇਸ਼ ਭਰ 'ਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਸਿਆਸੀ ਕੈਦੀਆਂ ਨੂੰ ਅਜੇ ਤੱਕ ਜੇਲ੍ਹਾਂ 'ਚ ਬੰਦ ਕਰਕੇ ਰੱਖਣ ਦੀ ਜ਼ਿੰਮੇਵਾਰ ਭਾਜਪਾ ਦੀ ਕੇਂਦਰੀ ਹਕੂਮਤ ਨਹੀਂ ਹੈ? ਦੇਸ਼ ਭਰ 'ਚ ਰਾਜਾਂ ਦੀ ਮਰਜ਼ੀ ਦੇ ਉਲਟ ਜਾ ਕੇ ਫਾਸ਼ੀਵਾਦੀ ਕਾਲੇ ਫੌਜਦਾਰੀ ਕਨੂੰਨ ਲਾਗੂ ਕਰਨ ਪਿੱਛੋਂ ਮਨੋਰਥ ਦੇਸ਼ ਨੂੰ ਖੁੱਲ੍ਹੀ ਜੇਲ੍ਹ 'ਚ ਬਦਲਣਾ ਨਹੀਂ ਹੈ? ਪੰਜਾਬ ਦੇ ਅੰਨਦਾਤੇ ਨੂੰ ਜਾਣਬੁੱਝ ਕੇ ਮੰਡੀਆਂ 'ਚ ਪੰਦਰਾਂ ਪੰਦਰਾਂ ਦਿਨ ਤੋਂ ਰੋਲਣ ਦੀ ਜ਼ਿੰਮੇਵਾਰ ਮਾਨ ਦੇ ਨਾਲ ਨਾਲ ਮੋਦੀ ਹਕੂਮਤ ਜ਼ਿੰਮੇਵਾਰ ਨਹੀਂ ਹੈ? ਸਮੁੱਚੇ ਉੱਤਰ ਪੂਰਬੀ ਰਾਜਾਂ ਦੀਆਂ ਕੌਮੀ ਖਾਹਸ਼ਾਂ ਨੂੰ ਫੌਜੀ ਬੂਟਾਂ ਹੇਠ ਲਤਾੜਨ ਦੀ ਨੀਤੀ ਭਾਜਪਾ ਦੀ ਨਹੀਂ ਹੈ? ਕੀ ਦੇਸ਼ ਦੇ ਅਮੀਰ ਖਣਿਜ ਖੇਤਰ ਵੱਡੇ ਕਾਰਪੋਰੇਟਾਂ ਨੂੰ ਲੁਟਾਉਣ ਲਈ ਝਾਰਖੰਡ ਛੱਤੀਸਗੜ੍ਹ ਦੇ ਆਦਿ-ਵਾਸੀ ਲੋਕਾਂ 'ਤੇ ਡਰੋਨ ਬੰਬ ਸੁੱਟ ਕੇ ਲੋਕਾਂ ਦੇ ਕਤਲ ਕਰਨ ਵਾਲੀ ਮੋਦੀ ਹਕੂਮਤ ਤਾਲਬਾਨੀ ਨਹੀਂ ਹੈ? ਭਾਜਪਾ ਦੇ ਰਾਜ 'ਚ ਅੰਬਾਨੀ ਅਡਾਨੀ ਦੀਆਂ ਜਾਇਦਾਦਾਂ 'ਚ ਅਰਬਾਂ-ਖਰਬਾਂ ਦਾ ਵਾਧਾ ਕਰਾਉਣ ਵਾਲੀ, ਦੇਸ਼ ਨੂੰ ਪੈਰਾਂ ਸਿਰ ਖੜਾ ਕਰਨ ਵਾਲੇ ਪਬਲਿਕ ਸੈਕਟਰ ਨੂੰ ਵਿਰੋਧ ਦੇ ਬਾਵਜੂਦ ਕਾਰਪੋਰੇਟ ਨੂੰ ਕੌਡੀਆਂ ਦੇ ਭਾਅ ਵੇਚਣ ਵਾਲੀ ਹਕੂਮਤ ਤਾਲਬਾਨੀ ਨਹੀਂ ਤਾਂ ਹੋਰ ਕੀ ਹੈ? ਲੋਕਾਂ ਨੂੰ ਧਰਮਾਂ ਦੇ ਨਾਂ 'ਤੇ ਵੰਡਣ ਵਾਲੀ, ਵੋਟਾਂ ਲਈ ਬਲਾਤਕਾਰੀ ਕਾਤਲ ਨੂੰ ਵਾਰ ਵਾਰ ਪੈਰੋਲ 'ਤੇ ਜੇਲ੍ਹ 'ਚੋਂ ਬਾਹਰ ਕੱਢਣ ਵਾਲੀ ਭਾਜਪਾ ਤਾਲਬਾਨੀ ਨਹੀਂ ਤਾਂ ਹੋਰ ਕੀ ਹੈ? ਉਨ੍ਹਾ ਕਿਹਾ ਕਿ ਦੇਸ਼ ਭਰ 'ਚ ਵੱਡੇ ਭਾਜਪਾਂ ਲੀਡਰਾਂ ਦੀਆਂ ਜਾਇਦਾਦਾਂ ਦੀ ਜਾਂਚ ਕਰਵਾਉਣ ਤੋਂ ਬਾਅਦ ਕਿਸਾਨ ਆਗੂਆਂ ਦੀ ਜਾਂਚ ਕਰਵਾਉਣ 'ਚ ਕੋਈ ਹਰਜ ਨਹੀਂ ਹੈ, ਪਰ ਜਿਨ੍ਹਾਂ ਦੇ ਅਪਣੇ ਘਰ ਸ਼ੀਸ਼ਿਆਂ ਦੇ ਹੁੰਦੇ ਹਨ, ਉਹ ਦੂਜਿਆਂ 'ਤੇ ਪੱਥਰ ਨਹੀਂ ਮਾਰਿਆ ਕਰਦੇ, ਪਰ ਲੱਗਦੈ ਰਵਨੀਤ ਬਿੱਟੂ ਦਾ ਦਿਮਾਗ਼ ਹਾਨ-ਲਾਭ ਸੋਚਣ ਤੋਂ ਇਨਕਾਰੀ ਹੈ।ਅਸਲ ਕਿਸਾਨ ਧਿਰਾਂ ਨੂੰ ਇਸ ਦਿਮਾਗ਼ ਦੀ ਮਾਲਸ਼ ਦਾ ਪ੍ਰਬੰਧ ਕਰਨ ਦੀ ਉਨ੍ਹਾਂ ਅਪੀਲ ਕੀਤੀ ਹੈ।

## ਮੈਰਿਜ ਪੈਲੇਸਾਂ ਅੰਦਰ ਹਥਿਆਰਾਂ ਦੀ ਵਰਤੋਂ ਕਰਨ ਵਾਲਿਆਂ ਖਿਲਾਫ਼ ਹੋਵੇਗੀ ਸਖ਼ਤ ਕਾਰਵਾਈ : ਡੀ ਐੱਸ ਪੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਡੀ.ਐੱਸ.ਪੀ. ਸਮਰਾਲਾ ਤਰਲੋਚਨ ਸਿੰਘ ਨੇ ਮਾਛੀਵਾੜਾ ਇਲਾਕੇ ਦੇ ਮੈਰਿਜ ਪੈਲੇਸਾਂ ਦੇ ਮਾਲਕਾਂ ਨਾਲ ਮੀਟਿੰਗ ਕੀਤੀ ਅਤੇ ਉਨ੍ਹਾ ਨੂੰ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਿਰਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਗਈ। ਡੀ.ਐੱਸ.ਪੀ. ਸਮਰਾਲਾ ਨੇ ਦੱਸਿਆ ਕਿ ਮੈਰਿਜ ਪੈਲੇਸਾਂ ਅੰਦਰ ਕੁਝ ਲੋਕ ਹਥਿਆਰ ਲੈ ਕੇ ਦਾਖਲ ਹੋ ਜਾਂਦੇ ਹਨ ਤੇ ਫਿਰ ਉਸ ਦੀ ਵਰਤੋਂ ਕਰਦੇ ਹਨ, ਜੋ ਕਿ ਲੋਕਾਂ ਲਈ ਖ਼ਤਰਾ ਬਣ ਜਾਂਦੇ ਹਨ। ਉਨ੍ਹਾ ਕਿਹਾ ਕਿ ਮੈਰਿਜ ਪੈਲੇਸਾਂ ਅੰਦਰ ਹਥਿਆਰਾਂ ਦੀ ਵਰਤੋਂ ਨਾਲ ਹਾਦਸਿਆਂ ਨੂੰ ਦੇਖਦਿਆਂ ਹੁਣ ਪੁਲਸ ਤੇ ਪ੍ਰਸ਼ਾਸਨ ਨੇ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾ ਕਿਹਾ ਕਿ ਜਿਸ ਕਿਸੇ ਵਿਅਕਤੀ ਨੇ ਵੀ ਮੈਰਿਜ ਪੈਲੇਸ ਅੰਦਰ ਹਥਿਆਰਾਂ ਦੀ ਵਰਤੋਂ ਕੀਤੀ ਤਾਂ ਉਸ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਜੇਕਰ ਕਿਸੇ ਮੈਰਿਜ ਪੈਲੇਸ ਦੇ ਮਾਲਕ ਨੇ ਹਥਿਆਰਾਂ ਦੀ ਵਰਤੋਂ ਵਾਲੀ ਘਟਨਾ ਸਬੰਧੀ ਜੇਕਰ ਪੁਲਸ ਨੂੰ ਸੂਚਿਤ ਨਾ ਕੀਤਾ ਤਾਂ ਉਸ ਖਿਲਾਫ਼ ਵੀ ਕਾਰਵਾਈ ਹੋਵੇਗੀ। ਉਨ੍ਹਾਂ ਮਾਲਕਾਂ ਨੂੰ ਇਹ ਵੀ ਨਿਰਦੇਸ਼ ਦਿੱਤੇ ਹਨ ਕਿ ਮੈਰਿਜ ਪੈਲੇਸਾਂ ਦਾ ਅਜਿਹਾ ਕੋਈ ਕੋਨਾ ਨਾ ਹੋਵੇ, ਜਿੱਥੇ ਸੀਸੀਟੀਵੀ ਕੈਮਰੇ ਦੀ ਪਹੁੰਚ ਨਾ ਹੋਵੇ। ਉਨ੍ਹਾਂ ਕਿਹਾ ਕਿ ਸੀਸੀਟੀਵੀ ਕੈਮਰੇ ਦੀ ਮੱਦਦ ਨਾਲ ਕਈ ਘਟਨਾਵਾਂ ਨੂੰ ਹੱਲ ਕੀਤਾ ਜਾ ਸਕਦਾ ਹੈ। ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੁਰਿੰਦਰ ਕੁੰਦਰਾ, ਐਡਵੋਕੇਟ ਕਪਿਲ ਆਨੰਦ, ਪ੍ਰਿਤਪਾਲ ਸਿੰਘ ਨਾਗਰਾ, ਸੰਮੀ ਪਹਿਲਵਾਨ, ਹੈਪੀ ਕਾਲੜਾ, ਰਾਜੇਸ਼ ਕਪੂਰ ਮੌਜੂਦ ਸਨ।

## ਮੰਡੀਆਂ 'ਚ ਹੋਈ ਕਿਸਾਨ ਦੀ ਲੁੱਟ ਦਾ ਜਵਾਬ ਆਮ ਆਦਮੀ ਪਾਰਟੀ ਨੂੰ ਜ਼ਰੂਰ ਮਿਲੇਗਾ : ਤ੍ਰਿਪਤ ਬਾਜਵਾ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਡੇਰਾ ਬਾਬਾ ਨਾਨਕ ਦੀ ਹੋਣ ਜਾ ਰਹੀ 20 ਨਵੰਬਰ ਨੂੰ ਜ਼ਿਮਨੀ ਚੋਣ ਵਿੱਚ ਕਾਂਗਰਸ ਪਾਰਟੀ ਦੀ ਉਮੀਦਵਾਰ ਬੀਬੀ ਜਤਿੰਦਰ ਕੌਰ ਰੰਧਾਵਾ ਜਿੱਤ ਪ੍ਰਾਪਤ ਕਰੇਗੀ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਕਾਂਗਰਸੀ ਆਗੂ ਸਾਬਕਾ ਮੰਤਰੀ ਤੇ ਵਿਧਾਇਕ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਹਲਕੇ ਦੇ ਵੱਖ ਵੱਖ ਪਿੰਡਾਂ ਵਿੱਚ ਮੀਟਿੰਗਾਂ ਕਰਨ ਉਪਰੰਤ ਆਪਣੇ ਪੈਰੋਕਾਰ ਪੰਪ ਦਫ਼ਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਬਾਜਵਾ ਨੇ ਕਿਹਾ ਕਿ ਇਹਨਾਂ ਵੱਲੋਂ ਵਿੱਚ ਸੂਬਾ ਸਰਕਾਰ ਤੇ ਕੇਂਦਰ ਦੀ ਮੋਦੀ ਸਰਕਾਰ ਹਰ ਹੀਲਾ ਵਰਤ ਕੇ ਲੋਕਾਂ ਨੂੰ ਡਰਾਉਣਾ ਚਾਹੁੰਦੀ ਹੈ ਪਰ ਮਝੈਲ ਇਹਨਾਂ ਤੋਂ ਡਰਨ ਵਾਲੇ ਨਹੀਂ ਤੇ ਵੋਟਾਂ ਕਾਂਗਰਸ ਦੇ ਹੱਕ ਵਿੱਚ ਪਾਉਣਗੇ। ਮਜੀਠਾ ਹਲਕੇ ਦੇ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਨੇ ਕਿਹਾ ਕਿ ਪਿੰਡਾਂ ਵਿੱਚ ਹਰ ਮੋੜ ਤੇ ਗਲੀ ਵਿੱਚ ਇੱਕ ਹੀ ਚਰਚਾ ਹੈ ਕਿ ਇਸ ਵਾਰ ਇਹਨਾਂ ਨੇ ਕਿਸਾਨ ਨੂੰ ਮੰਡੀਆਂ ਵਿੱਚ ਰੋਲਿਆ ਹੈ, ਹਰ ਕਿਸਾਨ ਨੂੰ ਪੰਦਰਾਂ ਵੀਹ ਹਜ਼ਾਰ ਦਾ ਪ੍ਰਤੀ ਏਕੜ ਘਾਟਾ ਪਾਇਆ ਹੈ। ਪੰਜਾਬ ਦੀ ਭਗਵੰਤ ਮਾਨ ਸਰਕਾਰ ਚਾਹੇ ਜੋ ਮਰਜ਼ੀ ਹੱਥਕੰਡੇ ਵਰਤ ਲਵੇ, ਇਸ ਸੀਟ ਤੋਂ ਕਾਂਗਰਸ ਪਾਰਟੀ ਦੀ ਜਿੱਤ ਯਕੀਨੀ ਹੈ। ਮਜੀਠਾ ਹਲਕੇ ਦੇ ਕਾਂਗਰਸ ਦੇ ਇੰਚਾਰਜ ਤੇ ਸੀਨੀਅਰ ਕਾਂਗਰਸੀ ਆਗੂ ਭਗਵੰਤ ਪਾਲ ਸਿੰਘ ਸੱਚਰ ਨੇ ਕਿਹਾ ਕਿ ਅੱਜ ਪੰਜਾਬ ਦੇ ਕਿਸਾਨ ਦਾ ਜੋ ਹਾਲ ਮੰਡੀਆਂ ਵਿੱਚ ਇਸ ਵਾਰ ਹੋਇਆ, ਕਿਸਾਨ ਦਾ ਜ਼ਿੰਦਗੀ ਵਿੱਚ ਕਦੇ ਨਹੀਂ ਹੋਇਆ ਭਾਵੇਂ ਕਿਸੇ ਵੀ ਪਾਰਟੀ ਦੀ ਸਰਕਾਰ ਰਹੀ ਹੋਵੇ। ਇਸ ਵਾਰ ਪੰਜਾਬ ਦਾ ਕਿਸਾਨ ਆਮ ਆਦਮੀ ਪਾਰਟੀ ਕੋਲੋਂ ਚੁੱਪ ਚਪੀਤੇ ਬਦਲਾ ਜ਼ਰੂਰ ਲਵੇਗਾ ਤੇ ਵੋਟ ਕਾਂਗਰਸ ਦੇ ਉਮੀਦਵਾਰ ਬੀਬੀ ਜਤਿੰਦਰ ਕੌਰ ਰੰਧਾਵਾ ਨੂੰ ਪਾ ਕੇ ਵੱਡੀ ਲੀਡ ਨਾਲ ਜਿਤਾਵੇਗਾ ਤੇ ਰੰਧਾਵਾ ਪ੍ਰਵਾਰ ਇਸ ਸਰਕਾਰ ਦੇ ਪੱਤਨ ਦਾ ਕਾਰਨ ਬਣੇਗਾ। ਇਸ ਮੌਕੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ, ਸਾਬਕਾ ਵਿਧਾਇਕ ਤਰਸੇਮ ਸਿੰਘ ਡੀ ਸੀ, ਕੰਵਰ ਅਜਨਾਲਾ, ਗੁਰਪਾਲ ਸਿੰਘ ਸਿੰਧੀ, ਜਗਦੀਸ਼ ਸਿੰਘ ਬੱਲ, ਦਿਲਸ਼ੇਰ ਸਿੰਘ ਆਦਿ ਆਗੂ ਵੀ ਨਾਲ ਸਨ।

## ਸੜਕ ਹਾਦਸੇ ਦੌਰਾਨ ਮੋਟਸਾਈਕਲ ਸਵਾਰ ਨੌਜਵਾਨ ਦੀ ਮੌਤ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸ਼ਹਿਰ ਧਾਰੀਵਾਲ ਦੇ ਬਾਹਰਵਾਰ ਬਾਈਪਾਸ ਖੁੰਡਾ ਪੁਲ ਨਜ਼ਦੀਕ ਇਕ ਸੜਕ ਹਾਦਸੇ ਦੌਰਾਨ ਮੋਟਰਸਾਈਕਲ ਸਵਾਰ ਇਕ 22 ਸਾਲਾ ਨੌਜਵਾਨ ਲੜਕੇ ਦੇ ਗੰਭੀਰ ਸੱਟਾਂ ਲੱਗਣ ਕਾਰਨ ਜ਼ੇਰੇ ਇਲਾਜ ਹਸਪਤਾਲ ਵਿੱਚ ਮੌਤ ਹੋ ਗਈ। ਥਾਣਾ ਧਾਰੀਵਾਲ ਦੇ ਮੁਖੀ ਇੰਸਪੈਕਟਰ ਬਲਜੀਤ ਕੌਰ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਅਮਾਨਤ ਵਾਸੀ ਨੌਸ਼ਹਿਰਾ, ਥਾਣਾ ਪੁਰਾਣਾ ਸ਼ਾਲਾ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਸ ਦਾ ਲੜਕਾ ਜਸਵੰਤ ਆਪਣੇ ਸਕੂਟਰ ਨੰਬਰ ਪੀ ਬੀ 58-737 'ਤੇ ਆਪਣੇ ਨਾਨਕੇ ਪਿੰਡ ਜਫਰਵਾਲ ਨੂੰ ਜਾ ਰਿਹਾ ਸੀ ਕਿ ਜਦੋਂ ਸ਼ਹਿਰ ਧਾਰੀਵਾਲ ਦੇ ਬਾਹਰਵਾਰ ਬਾਈਪਾਸ ਖੁੰਡਾ ਪੁਲ ਨਜ਼ਦੀਕ ਪਹੁੰਚਾ ਤਾਂ ਉਸ ਨਾਲ ਕੋਈ ਨਾ-ਮਾਲੂਮ ਵਹੀਕਲ ਐਕਸੀਡੈਂਟ ਕਰਕੇ ਚਲਾ ਗਿਆ। ਇਸ ਹਾਦਸੇ ਦੌਰਾਨ ਜਸਵੰਤ ਦੇ ਗੰਭੀਰ ਸੱਟਾਂ ਲੱਗੀਆਂ ਅਤੇ ਉਸਦੀ ਦੀ ਇਲਾਜ ਦੌਰਾਨ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ ਮੌਤ ਹੋ ਗਈ। ਥਾਣਾ ਧਾਰੀਵਾਲ ਦੇ ਏ ਐਸ ਆਈ ਬਲਬੀਰ ਸਿੰਘ ਨੇ ਨਾ-ਮਾਲੂਮ ਵਹੀਕਲ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

## ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਨਗਰ ਕੀਰਤਨ ਦਾ ਆਯੋਜਨ



ਜੰਡਿਆਲਾ ਗੁਰੂ, ਅੰਮ੍ਰਿਤਸਰ (ਹਰਿੰਦਰ ਪਾਲ ਸਿੰਘ)-ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਪੂਰੇ ਯੂਨੀਵਰਸਿਟੀ ਕੈਂਪਸ ਵਿੱਚ ਮਹਾਨ ਨਗਰ ਕੀਰਤਨ ਕੱਢਿਆ ਗਿਆ ਜਿਸ ਵਿੱਚ ਯੂਨੀਵਰਸਿਟੀ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਨੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਹਾਜ਼ਰੀ ਭਰੀ। ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਅਮਨਦੀਪ ਸਿੰਘ ਭੁੱਲਰ, ਹਰਸਲੀਨ ਕੌਰ, ਬਲਜੀਤ ਕੌਰ, ਨਵਜੋਤ ਸਿੰਘ ਅਤੇ ਹਸਨਦੀਪ ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ ਗੁਰਦੁਆਰਾ ਸਾਹਿਬ ਸਮੂਹ ਸੰਗਤ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਰ ਸਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਜਾਂਦਾ ਹੈ। ਨਗਰ ਕੀਰਤਨ ਦੀ ਆਰੰਭਤਾ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਜਸਪਾਲ ਸਿੰਘ ਸੰਧੂ ਅਤੇ ਪ੍ਰੋਫੈਸਰ ਅਮਰਜੀਤ ਸਿੰਘ ਮੁਖੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਵਾਈਸ ਚਾਂਸਲਰ ਨੇ ਗੁਰੂ ਮਹਾਰਾਜ ਦੇ ਪਾਵਨ ਸਰੂਪ ਨੂੰ ਸੁੰਦਰ ਪਾਲਕੀ ਵਿੱਚ ਸੁਸ਼ੋਭਿਤ ਕਰਕੇ ਨਗਰ ਕੀਰਤਨ ਦੀ ਆਰੰਭਤਾ ਕਰਵਾਈ। ਯੂਨੀਵਰਸਿਟੀ ਦੇ ਵੱਖ-ਵੱਖ ਅਧਿਆਪਨ, ਗੈਰ ਅਧਿਆਪਨ ਵਿਭਾਗਾਂ ਵੱਲੋਂ ਗੁਰੂ ਸਾਹਿਬ ਅਤੇ ਪੰਜ ਪਿਆਰਿਆਂ ਅਤੇ ਨਿਸ਼ਾਨਚੀ ਸਿੰਘ ਦਾ ਭਰਵਾਂ ਸਵਾਗਤ ਕੀਤਾ ਗਿਆ। ਨਗਰ ਕੀਰਤਨ ਦਾ ਪਹਿਲਾ ਪੜਾਅ ਰਿਹਾਇਸ਼ੀ ਖੇਤਰ ਡੀ ਬਲਾਕ, ਦੂਜਾ ਪੜਾਅ ਬਲਾਕ ਅਤੇ ਤੀਸਰਾ ਪੜਾਅ ਭਾਈ ਮਰਦਾਨਾ ਪ੍ਰਬੰਧਕੀ ਬਲਾਕ ਜਿਸ ਵਿੱਚ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋਫੈਸਰ ਕਰਨਜੀਤ ਸਿੰਘ ਕਾਹਲੋਂ ਨੇ ਵੀ ਗੈਰ ਅਧਿਆਪਨ ਅਮਲੇ ਨਾਲ ਹਾਜ਼ਰੀ ਭਰੀ। ਨਗਰ ਕੀਰਤਨ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਸ਼ਾਮ ਨੂੰ ਸੰਪੂਰਨ ਹੋਇਆ। ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਡਾ. ਜਤਿੰਦਰ ਸਿੰਘ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਵੱਖ-ਵੱਖ ਵਿਭਾਗਾਂ, ਰਿਹਾਇਸ਼ੀ ਖੇਤਰਾਂ ਅਤੇ ਵਿਦਿਆਰਥੀਆਂ ਵੱਲੋਂ ਸੰਗਤਾਂ ਲਈ ਥਾਂ-ਥਾਂ 'ਤੇ ਗੁਰੂ ਕੇ ਲੰਗਰ ਲਗਾਏ ਗਏ। ਇਸ ਮੌਕੇ ਯੂਨੀਵਰਸਿਟੀ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।

## ਐੱਸ ਜੀ ਪੀ ਸੀ ਬੋਰਡ ਦੀਆਂ ਚੋਣਾਂ ਲਈ ਵੋਟਾਂ ਬਣਵਾਉਣ ਦੀ ਤਾਰੀਖ 'ਚ ਵਾਧਾ



ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)- ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ ਚੰਡੀਗੜ੍ਹ ਦੀ ਹਦਾਇਤ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੋਰਡ ਦੀਆਂ ਚੋਣਾਂ ਦੇ ਲਈ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਯੋਗ ਵੋਟਰਾਂ ਦੀ ਰਜਿਸਟਰੇਸ਼ਨ ਦਾ ਕੰਮ ਜਾਰੀ ਹੈ। ਕਮਿਸ਼ਨ ਵੱਲੋਂ ਵੋਟਾਂ ਬਣਵਾਉਣ ਦੀਆਂ ਤਾਰੀਖਾਂ ਵਿੱਚ ਵਾਧਾ ਕਰਦਿਆਂ ਹੁਣ ਵੋਟ ਬਣਾਉਣ ਦੀ ਰਜਿਸਟਰੇਸ਼ਨ 15 ਦਸੰਬਰ 2024 ਤੱਕ ਕਰ ਦਿੱਤੀ ਗਈ ਹੈ। ਫਾਈਨਲ ਵੋਟਰ ਸੂਚੀ ਦੀ ਤਿਆਰੀ ਦੇ ਸਬੰਧ ਵਿੱਚ ਯੋਗਤਾਧਾਰੀ ਵਿਅਕਤੀ ਇਸ ਮਿਤੀ ਤੱਕ ਫਾਰਮ ਨੰਬਰ-1 ਭਰ ਸਕਦੇ ਹਨ। ਇਹ ਜਾਣਕਾਰੀ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ਼ਾਕਸੀ ਸਾਹਨੀ ਨੇ ਸਾਂਝੀ ਕੀਤੀ। ਉਨ ਾਂ ਅਪੀਲ ਕੀਤੀ ਕਿ ਫਾਰਮ ਨੰ.1 ਭਰ ਕੇ ਸਬੰਧਤ ਪਟਵਾਰੀ, ਬੀ. ਐੱਲ. ਓਜ਼, ਐੱਸ ਡੀ ਐੱਮ ਦਫ਼ਤਰ ਜਾਂ ਫਿਰ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਜਮ ਾ ਕਰਵਾਉਣ। ਵਧੇਰੇ ਜਾਣਕਾਰੀ ਲਈ ਸਬੰਧਤ ਤਹਿਸੀਲਦਾਰ ਅਤੇ ਐੱਸ ਡੀ ਐੱਮ ਦਫ਼ਤਰਾਂ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਰਵੀਕਰਨ ਸਿੰਘ ਕਾਹਲੋਂ ਨੇ ਆਪਣੇ ਹੱਕ 'ਚ ਡੋਰ ਟੂ ਡੋਰ ਮੰਗੀਆਂ ਵੋਟਾਂ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਅੰਦਰ 20 ਨਵੰਬਰ ਨੂੰ ਹੋਣ ਜਾ ਰਹੀ ਜ਼ਿਮਨੀ ਚੋਣ ਨੂੰ ਲੈ ਕੇ ਅੱਜ ਭਾਜਪਾ ਦੇ ਉਮੀਦਵਾਰ ਰਵੀਕਰਨ ਸਿੰਘ ਕਾਹਲੋਂ ਨੇ ਆਪਣੇ ਸਾਥੀਆਂ ਸਮੇਤ ਕਸਬਾ ਡੇਰਾ ਬਾਬਾ ਨਾਨਕ ਦੇ ਦੁਕਾਨਦਾਰਾਂ ਕੋਲੋਂ ਆਪਣੇ ਹੱਕ ਵਿੱਚ ਡੋਰ ਟੂ ਡੋਰ, ਗਲੀਆਂ ਤੇ ਬਜ਼ਾਰਾਂ 'ਤੇ ਜਾ ਕੇ ਵੋਟਾਂ ਮੰਗੀਆਂ । ਉਨ੍ਹਾਂ ਦੁਕਾਨਦਾਰ ਨੂੰ ਅਪੀਲ ਕੀਤੀ ਕਿ ਉਹ 20 ਨਵੰਬਰ ਨੂੰ ਆਪਣੀ ਇੱਕ ਇੱਕ ਕੀਮਤੀ ਵੋਟ ਭਾਜਪਾ ਦੇ ਉਮੀਦਵਾਰ ਰਵੀਕਰਨ ਸਿੰਘ ਕਾਹਲੋਂ ਦੇ ਹੱਕ ਵਿੱਚ ਪਾ ਕੇ ਉਨ੍ਹਾਂ ਨੂੰ ਕਾਮਯਾਬ ਕਰਨ । ਇਸ ਮੌਕੇ ਗੱਲਬਾਤ ਕਰਦਿਆਂ ਰਵੀਕਰਨ ਸਿੰਘ ਕਾਹਲੋਂ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਸਭ ਕਾ ਸਾਥ ਸਭ ਵਿਕਾਸ ਮੁਹਿੰਮ ਤਹਿਤ ਹਲਕਾ ਡੇਰਾ ਬਾਬਾ ਨਾਨਕ ਤੋਂ ਜ਼ਿਮਨੀ ਚੋਣ ਸ਼ਾਨ ਨਾਲ ਜਿੱਤਾਂਗੇ। ਕਾਹਲੋਂ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਜ਼ਿਮਨੀ ਚੋਣ ਜਿੱਤਣ ਮਗਰੋਂ ਉਹ ਹਲਕਾ ਬਾਬਾ ਨਾਨਕ ਦੇ ਨੌਜਵਾਨਾਂ ਲਈ ਰੁਜ਼ਗਾਰ ਦਿਵਾਉਣ ਲਈ ਵੱਡੇ ਪੱਧਰ 'ਤੇ ਮੌਕੇ ਪੈਦਾ ਕਰਨਗੇ ਅਤੇ ਸਰਹੱਦੀ ਇਲਾਕੇ ਡੇਰਾ ਬਾਬਾ ਨਾਨਕ 'ਚ ਵੱਡੀ ਇੰਡਸਟਰੀ ਲਾਉਣ ਦਾ ਉਪਰਾਲਾ ਕਰਨਗੇ। ਇਸ ਮੌਕੇ ਬੀ ਜੇ ਪੀ ਦੇ ਸੂਬਾ ਜਨਰਲ ਸਕੱਤਰ ਰਾਕੇਸ਼ ਰਾਠੌਰ, ਸਾਬਕਾ ਨਗਰ ਕੌਂਸਲ ਪ੍ਰਧਾਨ ਐਡਵੋਕੇਟ ਪ੍ਰਮੀਤ ਸਿੰਘ ਬੇਦੀ, ਭਾਜਪਾ ਜ਼ਿਲ੍ਹਾ ਪ੍ਰਧਾਨ, ਸਿਵਬੀਰ ਸਿੰਘ, ਭਾਜਪਾ ਆਗੂ ਚੰਨਣ ਸਿੰਘ ਖਾਲਸਾ, ਭਾਜਪਾ ਆਗੂ ਨਿਰਮਲ ਸਿੰਘ ਰੱਤਾ, ਭਾਜਪਾ ਮੰਡਲ ਪ੍ਰਧਾਨ ਗੁਰਬਖਸ਼ ਸਿੰਘ ਰੰਧਾਵਾ, ਜ਼ਿਲ੍ਹਾ ਭਾਜਪਾ ਆਗੂ ਰਾਜੂ ਪੰਡਿਤ, ਬਿੱਟੂ ਪੂੰਨੀ, ਅਰਜਿੰਦਰ ਸਿੰਘ ਗੋਲਡੀ, ਕਾਲਾ ਪੂੰਨੀ, ਹਰਜੀਤ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਭਾਜਪਾ ਤਰਨ ਤਾਰਨ , ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਮਨਜੀਤ ਸਿੰਘ ਰਾਏ , ਭਾਜਪਾ ਆਗੂ ਵਿਵੇਕ ਅਗਰਵਾਲ, ਸ਼ਿਵ ਕੁਮਾਰ ਸੋਨੀ, ਹਰਪ੍ਰੀਤ ਸਿੰਘ, ਸੁਰਜੀਤ ਸਿੰਘ, ਜਸਕਰਨ ਸਿੰਘ, ਸਤਨਾਮ ਸਿੰਘ, ਅਵਤਾਰ ਸਿੰਘ, ਦਿਨੇਸ ਜੋਸੀ, ਡਾ ਅਵਤਾਰ ਸਿੰਘ, ਸਤਾਰਾ ਸਿੰਘ, ਹਰਜੀਤ ਸਿੰਘ, ਮੇਜਰ ਸਿੰਘ, ਅਮਨ ਅਰੋੜਾ, ਬਚਿੱਤਰ ਸਿੰਘ ਹਰਦਰਵਾਲ, ਮੇਹਰ ਸਿੰਘ ਬਾਣੀਆਂ, ਕੁਲਦੀਪ ਸਿੰਘ, ਕੁਲਦੀਪ ਸਿੰਘ ਮੱਲ ਮੋਹਰੀ, ਰਣਜੀਤ ਸਿੰਘ ਗਿੱਲ, ਕੈਪਟਨ ਪੂਰਨ ਸਿੰਘ, ਸਵਿੰਦਰ ਸਿੰਘ ਪੰਨੂ, ਬਾਬਾ ਸਰਵਣ ਸਿੰਘ ਆਦਿ ਭਾਜਪਾ ਵਰਕਰ ਹਾਜ਼ਰ ਸਨ ।

## ਔਖੇ ਸਮੇਂ ਦਲ ਬਦਲਣ ਵਾਲੇ ਲੀਡਰਾਂ ਨੂੰ ਕਾਂਗਰਸ ਪਾਰਟੀ ਵਾਪਸ ਨਾ ਲਵੇ : ਐਡ. ਜਗਮੀਤ ਗੰਡੀਵਿੰਡ



**ਝਬਾਲ (ਮੱਖਣ ਮਨੋਜ)**-2022 ਵਿਚ ਕਾਂਗਰਸ ਪਾਰਟੀ ਦੀ ਹਾਰ ਤੋਂ ਬਾਅਦ ਬਹੁਤ ਸਾਰੇ ਲੀਡਰ ਜਿਨ੍ਹਾਂ ਨੇ 2017 ਤੋਂ 2022 ਤੱਕ ਸੱਤਾ ਦਾ ਨਿੱਘ ਮਾਣਿਆ ਸੀ, ਆਪ ਸਰਕਾਰ ਬਣਨ ਤੋਂ ਬਾਅਦ ਆਪਣੀ ਮਾਂ ਪਾਰਟੀ ਕਾਂਗਰਸ ਨੂੰ ਛੱਡ ਦਲ ਬਦਲ ਗਏ ਸਨ, ਅੱਜ ਫਿਰ ਕਾਂਗਰਸ ਪਾਰਟੀ ਨੂੰ ਮਜ਼ਬੂਤ ਹੁੰਦੇ ਦੇਖ ਵਾਪਸੀ ਕਰਨ ਲਈ ਕਾਹਲੇ ਹਨ ਪਰ ਇਹਨਾਂ ਦਲਬਦਲੂ ਲੀਡਰਾਂ ਨੂੰ ਕਾਂਗਰਸ ਵਾਪਸ ਨਾ ਲਵੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਤਰਨ ਤਾਰਨ ਹਲਕੇ ਤੋਂ ਸੀਨੀਅਰ ਕਾਂਗਰਸੀ ਆਗੂ ਪੰਜਾਬ ਕਾਂਗਰਸ ਦੇ ਨੌਜਵਾਨ ਬੁਲਾਰੇ ਅਤੇ ਬਲਾਕ ਗੰਡੀਵਿੰਡ ਦੇ ਪ੍ਰਧਾਨ ਐਡਵੋਕੇਟ ਜਗਮੀਤ ਢਿੱਲੋਂ ਗੰਡੀਵਿੰਡ ਨੇ ਕੀਤਾ । ਉਹਨਾਂ ਅੱਜ ਪ੍ਰੈਸ ਵਾਰਤਾ ਕਰਦੇ ਹੋਏ ਕਿਹਾ ਕਿ ਦਲਵੀਰ ਗੋਲਡੀ ਵਰਗੇ ਆਗੂ ਜਿਨ੍ਹਾ ਨੂੰ ਕਾਂਗਰਸ ਪਾਰਟੀ ਨੇ ਛੋਟੀ ਉਮਰ ਵਿਚ ਹੀ 2 ਵਾਰ ਟਿਕਟ ਦਿੱਤੀ ਪਰ ਫਿਰ ਵੀ ਅਜਿਹਾ ਆਗੂ ਕਾਂਗਰਸ ਨੂੰ ਛੱਡ ਭਗਵੰਤ ਮਾਨ ਦੀ ਝੋਲੀ ਪੈ ਗਿਆ ਸੀ ਅਤੇ ਕਾਂਗਰਸ ਨੂੰ ਚੋਣਾਂ ਵੇਲੇ ਧੋਖਾ ਦੇ ਗਿਆ ਸੀ ਤੇ ਅੱਜ ਫਿਰ ਬਰਨਾਲੇ ਤੋਂ ਟਿਕਟ ਨਾ ਮਿਲਣ ਕਾਰਨ ਕਾਂਗਰਸ ਪਾਰਟੀ ਵਿਚ ਵਾਪਸੀ ਕਰਨ ਨੂੰ ਫਿਰਦਾ ਹੈ ਪਰ ਪ੍ਰਤਾਪ ਸਿੰਘ ਬਾਜਵਾ ਨੇ ਇਸ ਦੀ ਵਾਪਸੀ 'ਤੇ ਰੋਕ ਲਗਾ ਕੇ ਇਕ ਚੰਗਾ ਸੁਨੇਹਾ ਦਿੱਤਾ ਹੈ ਕਿ ਜਿਸ ਨੇ ਵੀ ਕਾਂਗਰਸ ਪਾਰਟੀ ਨਾਲ ਗੱਦਾਰੀ ਕੀਤੀ ਹੈ ਉਸ ਦੀ ਪਾਰਟੀ ਵਿਚ ਕੋਈ ਜਗ੍ਹਾ ਨਹੀਂ । ਕਾਂਗਰਸ ਨੂੰ ਹੋਰ ਵੀ ਅਜਿਹੇ ਆਗੂਆਂ ਖਿਲਾਫ ਸਖਤ ਰੁਖ ਅਪਨਾਉਣਾ ਚਾਹੀਦਾ ਹੈ ਅਤੇ ਉਹਨਾਂ ਆਮ ਵਰਕਰਾਂ ਦਾ ਮਾਣ ਸਨਮਾਨ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਚੰਗੇ ਮਾੜੇ ਸਮੇਂ ਵਿਚ ਪਾਰਟੀ ਦਾ ਹਮੇਸ਼ਾ ਸਾਥ ਦਿੱਤਾ ਅਤੇ ਆਪਣੇ ਨਿੱਜੀ ਫਾਇਦੇ ਨੂੰ ਪਿੱਛੇ ਛੱਡ ਕੇ ਪਾਰਟੀ ਦੀ ਚੜ੍ਹਦੀ ਕਲਾ ਲਈ ਅੱਗੇ ਆਏ ।

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੋਹੀਆਂ ਕਲਾਂ 'ਚ ਝੋਨੇ ਦੀ ਪਰਾਲੀ ਸੰਭਾਲਣ ਸੰਬੰਧੀ ਸੈਮੀਨਾਰ



ਮਜੀਠਾ (ਸੋਇਮ ਆਨੰਦ)- ਪਰਾਲੀ ਪ੍ਰਬੰਧਨ ਲਈ ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਤਹਿਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਨਾਗਕਲਾਂ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੋਹੀਆ ਕਲਾਂ ਵਿਖੇ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਵਿਦਿਆਰਥੀਆਂ ਨਾਲ ਰੂਬਰੂ ਹੁੰਦਿਆਂ ਡਾ. ਰਮਿੰਦਰ ਕੌਰ ਪ੍ਰੋਫੈਸਰ ਫਸਲ ਵਿਗਿਆਨ ਨੇ ਝੋਨੇ ਦੀ ਪਰਾਲੀ ਨੂੰ ਸੰਭਾਲਣ ਦੀ ਲੋੜ ਅਤੇ ਵੱਖ-ਵੱਖ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਝੋਨੇ ਦੀ ਪਰਾਲੀ ਪ੍ਰਬੰਧਨ ਸਬੰਧੀ ਮਸ਼ੀਨਰੀ ਬਾਰੇ ਤੇ ਝੋਨੇ ਦੀ ਪਰਾਲੀ ਦੀ ਬਾਇਓ ਗੈਸ ਪਲਾਂਟ, ਗੱਤਾ ਉਦਯੋਗ ਅਤੇ ਖੁੰਬ ਉਤਪਾਦਨ ਵਿੱਚ ਅਤੇ ਊਰਜਾ, ਖਾਦ ਅਤੇ ਪਸ਼ੂ ਖੁਰਾਕ ਵਜੋਂ ਵਰਤੋਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

ਉਨ੍ਹਾਂ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਅਤੇ ਪਰਾਲੀ ਵਿੱਚ ਮੌਜੂਦ ਵੱਖ ਵੱਖ ਤੱਤਾਂ ਦੀ ਮਹੱਤਤਾ ਬਾਰੇ ਵੀ ਦੱਸਿਆ। ਉਨ੍ਹਾਂ ਵਿਦਿਆਰਥੀਆਂ ਨੂੰ ਇਸ ਸਕੂਲ ਮੁਹਿੰਮ ਦੇ ਵੱਖ ਵੱਖ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਅਤੇ ਪਰਾਲੀ ਸੰਭਾਲਣ ਦੇ ਇਸ ਨੇਕ ਸੁਨੇਹੇ ਨੂੰ ਘਰ ਘਰ ਪਹੁੰਚਾਉਣ ਲਈ ਵੀ ਲਾਮਬੰਦ ਕੀਤਾ।

ਇਸ ਤੋਂ ਇਲਾਵਾ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਹੋਣ ਵਾਲੇ ਨੁਕਸਾਨਾਂ ਪ੍ਰਤੀ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਭਾਸ਼ਣ, ਲੇਖ ਲਿਖਣਾ ਅਤੇ ਪੇਂਟਿੰਗ ਦੇ ਮੁਕਾਬਲੇ ਵੀ ਕਰਵਾਏ ਗਏ ।

ਇਨ੍ਹਾਂ ਮੁਕਾਬਲਿਆਂ 'ਚ ਜੇਤੂ ਵਿਦਿਆਰਥੀਆਂ ਨੂੰ ਆਏ ਮਹਿਮਾਨਾਂ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਹ ਵੱਖ ਵੱਖ ਮੁਕਾਬਲੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਟਾਰ ਪ੍ਰੋਫੈਸਰ ਡਾ. ਰਮਿੰਦਰ ਕੌਰ, ਐਸੋਸੀਏਟ ਪ੍ਰੋਫੈਸਰ ਡਾ. ਆਸਥਾ, ਪ੍ਰਿੰਸੀਪਲ ਪਵਨਪ੍ਰੀਤ ਕੌਰ, ਪੰਜਾਬੀ ਮਿਸਟ੍ਰੈਸ ਸਤਿੰਦਰ ਕੌਰ ਦੀ ਦੇਖ ਰੇਖ ਅਧੀਨ ਹੋਏ।

ਅਖੀਰ ਵਿੱਚ ਪ੍ਰਿੰਸੀਪਲ ਪਵਨਪ੍ਰੀਤ ਕੌਰ ਨੇ ਮਾਹਰਾਂ ਦਾ ਧੰਨਵਾਦ ਕੀਤਾ ਅਤੇ ਝੋਨੇ ਦੀ ਪਰਾਲੀ ਦੀ ਸੰਭਾਲਣ ਲਈ ਜਾਗਰੂਕਤਾ ਮੁਹਿੰਮ ਚਲਾਉਣ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਯਤਨਾਂ ਦੀ ਸਲਾਘਾ ਕੀਤੀ।

ਉਹਨਾਂ ਇਸ ਨੇਕ ਮਨੋਰਥ ਵਿੱਚ ਵਿਦਿਆਰਥੀਆਂ ਦੇ ਪੂਰਨ ਸਹਿਯੋਗ ਦਾ ਭਰੋਸਾ ਵੀ ਦਿੱਤਾ । ਪ੍ਰੋਗਰਾਮ ਦਾ ਸੰਚਾਲਨ ਸਹਿਯੋਗੀ ਪ੍ਰੋਫੈਸਰ ਡਾ. ਆਸਥਾ ਕੀਤਾ।

## ਵਿਧਾਇਕ ਡਾ. ਸੋਹਲ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਦਿੱਤੀਆਂ ਵਧਾਈਆਂ



ਝਬਾਲ (ਮੱਖਣ ਮਨੋਜ)-ਹਲਕਾ ਤਰਨ ਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਦੇਸ਼ ਵਿਦੇਸ਼ ਵਿੱਚ ਵੱਸਦੇ ਸਮੂਹ ਭਾਰਤੀਆਂ ਨੂੰ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ ਹਨ। ਡਾਕਟਰ ਸੋਹਲ ਨੇ ਆਪਣੇ ਵਧਾਈ ਸੰਦੇਸ਼ ਵਿੱਚ ਕਿਹਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਮਹਾਨ ਸਮਾਜ ਸੁਧਾਰਕ ਅਤੇ ਕ੍ਰਾਂਤੀਕਾਰੀ ਸਨ ਜਿਨ੍ਹਾਂ ਨੇ ਉਸ ਸਮੇਂ ਦੀਆਂ ਸਮਾਜਿਕ ਕੁਰੀਤੀਆਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਉਹਨਾਂ ਨੇ ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਬਹੁਤ ਉਪਰਾਲੇ ਕੀਤੇ। ਮਨੁੱਖਤਾ ਦੇ ਸੁਧਾਰ ਲਈ ਕੀਤੀਆਂ ਉਦਾਸੀਆਂ ਦੌਰਾਨ ਭਾਈਚਾਰਕ ਸਾਂਝ ਨੂੰ ਮਜ਼ਬੂਤ ਕੀਤਾ। ਮਨੁੱਖ ਨੂੰ ਚੰਗੇਰੇ ਆਚਰਣ ਦਾ ਧਾਰਨੀ ਬਣਨ ਲਈ ਕਿਹਾ ਅਤੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਉਪਦੇਸ਼ ਦਿੱਤਾ। ਡਾ. ਸੋਹਲ ਨੇ ਕਿਹਾ ਸਾਨੂੰ ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਚਲਦੇ ਹੋਏ ਸਮਾਜ ਦੇ ਭਲੇ ਲਈ ਯਤਨ ਕਰਨੇ ਚਾਹੀਦੇ ਹਨ।

## ਰੰਧਾਵਾ ਦੀ ਹੰਕਾਰੀ ਬੋਲਬਾਣੀ ਕਰਕੇ ਡੇਰਾ ਬਾਬਾ ਨਾਨਕ ਦੇ ਲੋਕ ਕਾਂਗਰਸ ਨੂੰ ਮੂੰਹ ਨਹੀਂ ਲਾਉਣਗੇ : ਸੋਨੂ



ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)- ਪੰਜਾਬ ਦੀਆਂ ਹੋਣ ਜਾ ਰਹੀਆਂ ਚਾਰ ਜ਼ਿਮਨੀ ਚੋਣਾਂ ਜਿਸ ਵਿੱਚ ਡੇਰਾ ਬਾਬਾ ਨਾਨਕ ਦੀ ਹੋਣ ਜਾ ਰਹੀ ਜ਼ਿਮਨੀ ਚੋਣ ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰ ਦੇ ਪਤੀ ਸੁਖਜਿੰਦਰ ਸਿੰਘ ਰੰਧਾਵਾ ਦੀ ਹੰਕਾਰੀ ਬੋਲ ਬਾਣੀ ਕਰਕੇ ਕਾਂਗਰਸ ਪਾਰਟੀ ਨੂੰ ਹਾਰ ਦਾ ਮੂੰਹ ਵੇਖਣਾ ਪਵੇਗਾ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਜਨਾਲੇ ਤੋਂ ਟਕਸਾਲੀ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂ ਨੇ ਕੀਤਾ। ਉਹਨਾਂ ਕਿਹਾ ਕਿ ਜਿੰਨਾ ਵਿਕਾਸ ਪੰਜਾਬ ਵਿੱਚ ਤਕਰੀਬਨ ਤਿੰਨ ਸਾਲ ਤੋਂ ਆਮ ਆਦਮੀ ਪਾਰਟੀ ਨੇ ਕੀਤਾ ਹੈ, ਡੇਰਾ ਬਾਬਾ ਨਾਨਕ ਦੇ ਲੋਕ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਰੀਵਾਲ ਦੀ ਯੋਗ ਅਗਵਾਈ ਹੇਠ ਉਥੋਂ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਨੂੰ ਰਿਕਾਰਡ ਤੋੜ ਵੋਟਾਂ ਨਾਲ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਣਗੇ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਡੇਰਾ ਬਾਬਾ ਨਾਨਕ ਦੇ ਰਹਿੰਦੇ ਵਿਕਾਸ ਕਾਰਜ ਪੂਰੇ ਕਰਨਗੇ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਜੋ ਕਹਿੰਦੀ ਹੈ ਉਹ ਕਰਕੇ ਦਿਖਾਉਂਦੀ ਹੈ, ਨਾ ਕਿ ਪਿਛਲੀਆਂ ਸਰਕਾਰਾਂ ਵਾਂਗੂੰ ਲਾਰੇ ਲਾ ਕੇ ਟਾਈਮ ਟਪਾਉਂਦੀ ਹੈ। ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਮੁਹੱਲਾ ਕਲੀਨਿਕਾਂ, ਬਿਜਲੀ ਫ੍ਰੀ ਅਤੇ ਬਹੁਤ ਜਲਦ ਬੀਬੀਆਂ ਲਈ 1000 ਸਕੀਮ ਸ਼ੁਰੂ ਕਰਨ ਜਾ ਰਹੀ ਹੈ। ਆਪਣੇ ਰਹਿੰਦੇ ਸਾਰੇ ਵਾਅਦੇ ਪੰਜਾਬ ਸਰਕਾਰ ਆਪਣੇ ਕਾਰਜਕਾਲ ਵਿੱਚ ਪੂਰੇ ਕਰੇਗੀ। ਇਸ ਮੌਕੇ ਉਹਨਾਂ ਨਾਲ ਅਜਨਾਲਾ ਸ਼ਹਿਰੀ ਪ੍ਰਧਾਨ ਅਮਦ ਔਲ ਹਾਜ਼ਰ ਸਨ।

## ਜ਼ਿਲ੍ਹੇ ਦੀਆਂ ਮੰਡੀਆਂ 'ਚ ਝੋਨੇ ਦੀ 7 ਲੱਖ 15 ਹਜ਼ਾਰ 859 ਮੀਟ੍ਰਿਕ ਟਨ ਦੀ ਖਰੀਦ



ਬਟਾਲਾ (ਡਾਕਟਰ ਮਲਵਿੰਦਰ ਸਿੰਘ )- ਉਮਾ ਸ਼ੰਕਰ ਗੁਪਤਾ, ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਬੀਤੀ ਸ਼ਾਮ 13 ਨਵੰਬਰ ਤੱਕ 722541 ਮੀਟ੍ਰਿਕ ਟਨ ਝੋਨੇ ਦੀ ਫਸਲ ਦੀ ਆਮਦ ਹੋਈ, ਜਿਸ ਵਿੱਚੋਂ 715859 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ। ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਰੀਬ 8 ਲੱਖ ਮੀਟ੍ਰਿਕ ਟਨ ਝੋਨਾ ਆਉਣ ਦੀ ਸੰਭਾਵਨਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸਾਨਾਂ ਨੂੰ 1564.03 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਮੰਡੀਆਂ ਵਿੱਚੋਂ 92 ਫੀਸਦ ਫਸਲ ਦੀ ਚੁਕਾਈ ਹੋ ਚੁੱਕੀ ਹੈ।ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਫਸਲ ਕੱਟਣ ਉਪਰੰਤ ਇੰਨ ਸੀਟੂ ਵਿਧੀ ਨਾਲ ਫਸਲ ਦੀ ਰਹਿੰਦ ਖੂੰਹਦ ਨੂੰ ਖੇਤ ਵਿੱਚ ਵਾਹ ਕੇ ਕਣਕ ਦੀ ਬਿਜਾਈ ਕਰਨ ਜਾਂ ਐਕਸ ਸੀਟੂ ਵਿਧੀ ਰਾਹੀਂ ਪਰਾਲੀ ਪ੍ਰਬੰਧਨ ਲਈ ਖੇਤੀ ਮਸ਼ੀਨਰੀ ਦੀ ਵਰਤੋਂ ਕਰਨ।

## ਵੱਖ-ਵੱਖ ਮਾਮਲਿਆਂ 'ਚ ਦੋ ਗ੍ਰਿਫਤਾਰ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਚਰਨਜੀਤ ਸਿੰਘ ਸੀਨੀਅਰ ਕਪਤਾਨ ਪੁਲਸ ਅੰਮ੍ਰਿਤਸਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਰਿੰਦਰ ਸਿੰਘ ਗਿੱਲ ਐਸ.ਪੀ (ਡੀ) ਅਤੇ ਜਸਪਾਲ ਸਿੰਘ ਢਿੱਲੋਂ ਡੀ.ਐਸ.ਪੀ. ਸਬ ਡਵੀਜ਼ਨ ਮਜੀਠਾ ਦੀਆਂ ਹਦਾਇਤਾਂ ਮੁਤਾਬਿਕ ਸਬ ਇੰਸਪੈਕਟਰ ਖੁਸ਼ਬੂ ਸ਼ਰਮਾ ਮੁੱਖ ਅਫਸਰ ਥਾਣਾ ਕੱਥੂਨੰਗਲ ਵੱਲੋਂ ਏ.ਐਸ.ਆਈ ਜਸਬੀਰ ਸਿੰਘ ਚੌਕੀ ਇੰਚਾਰਜ ਜੈਂਤੀਪੁਰ ਹੇਠ ਇੱਕ ਸਪੈਸ਼ਲ ਟੀਮ ਗਠਿਤ ਕੀਤੀ ਗਈ ਸੀ ਜੋ ਵੱਖ ਵੱਖ ਕੇਸਾਂ ਵਿੱਚ ਕਾਰਵਾਈ ਕਰਦਿਆਂ ਮੁਕੱਦਮਾ ਬਰਬਿਆਨ ਪੂਜਾ ਪੁੱਤਰੀ ਬਲਵਿੰਦਰ ਸਿੰਘ ਵਾਸੀ ਕਾਦਰਾਬਾਦ ਥਾਣਾ ਕੱਥੂਨੰਗਲ ਵਿਖੇ ਦਰਜ ਰਜਿਸਟਰ ਕੀਤਾ ਗਿਆ ਸੀ ਕਿ 26 ਜੂਨ 2022 ਨੂੰ ਉਹ ਆਪਣੇ ਘਰ ਵਿੱਚ ਇੱਕਲੀ ਸੀ ਤਾਂ ਵਕਤ ਕ੍ਰੀਬ 7:00 ਵਜੇ ਸਵੇਰੇ ਵਿਜਾ ਪੁੱਤਰ ਜਿੰਦਾ ਵਾਸੀ ਪਿੰਡ ਕਾਦਰਾਬਾਦ ਜੋ ਉਸ ਦੇ ਛੋਟੇ ਭਰਾ ਵਿੱਕੀ ਨਾਲ ਝੋਨਾ ਲਗਾਉਣ ਗਿਆ ਸੀ ਤੇ ਉਹਨਾਂ ਦੇ ਘਰੋਂ ਰੋਟੀ ਲੈਣ ਆਇਆ ਤੇ ਉਸ ਨਾਲ ਗਲਤ ਹਰਕਤਾਂ ਕਰਨ ਲੱਗ ਪਿਆ ਜੋ ਪੁਲਸ ਪਾਰਟੀ ਵੱਲੋਂ ਮੁਕੱਦਮਾ ਉਕਤ ਦੇ ਦੋਸ਼ੀ ਵਿਜੇ ਨੂੰ ਕੱਲ੍ਹ ਗ੍ਰਿਫਤਾਰ ਕਰ ਲਿਆ ਅਤੇ ਮੁਕੱਦਮਾ ਬਰਬਿਆਨ ਗੁਰਪ੍ਰੀਤ ਕੌਰ ਸਰਪੰਚ ਅਤੇ ਗ੍ਰਾਮ ਪੰਚਾਇਤ ਪਿੰਡ ਸਰਹਾਲਾ ਥਾਣਾ ਕੱਥੂਨੰਗਲ ਜ਼ਿਲ੍ਹਾ ਅੰਮ੍ਰਿਤਸਰ ਦੇ ਮੁਕੱਦਮਾ 21 ਅਗਸਤ 20 ਥਾਣਾ ਕੱਥੂਨੰਗਲ ਵਿਖੇ ਦਰਜ ਰਜਿਸਟਰ ਕੀਤਾ ਗਿਆ ਸੀ ਕਿ ਦੋਸ਼ੀ ਸਤਨਾਮ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਸਰਹਾਲਾ ਨੂੰ ਪਿੰਡ ਦੀ ਪੰਚਾਇਤ ਨੇ ਪਿੰਡ ਵਿੱਚ ਬਣੀ ਪਾਣੀ ਵਾਲੀ ਟੈਂਕੀ ਦਾ ਪੰਪ ਅਪਰੇਟਰ ਬਣਾ ਦਿੱਤਾ ਜੋ ਪਿੰਡ ਵਾਸੀਆਂ ਕੋਲੋਂ ਮਹੀਨੇ ਬਾਅਦ ਸਰਕਾਰੀ ਪਾਣੀ ਦਾ ਬਿੱਲ ਇਕੱਠਾ ਕਰਦਾ ਸੀ। ਪਾਣੀ ਵਾਲੀ ਟੈਂਕੀ ਦੀ ਬਿਜਲੀ ਦਾ ਬਿੱਲ 3722630 ਰੁਪਏ ਬਣ ਗਿਆ ਜੋ ਕਿ ਸਤਨਾਮ ਸਿੰਘ ਉਕਤ ਨੇ ਕਦੀ ਵੀ ਬਿੱਲ ਨਹੀਂ ਤਾਰਿਆ ਤੇ ਇਕੱਠੇ ਕੀਤੇ ਪੈਸਿਆਂ ਨੂੰ ਆਪ ਖਰਚ ਕਰ ਲਿਆ। ਜੋ ਪੁਲਿਸ ਪਾਰਟੀ ਨੇ ਉਕਤ ਸਤਨਾਮ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਸਰਹਾਲਾ ਨੂੰ ਗ੍ਰਿਫਤਾਰ ਕਰ ਲਿਆ।

## ਨਰੋਏ ਸਮਾਜ ਦੀ ਸਿਰਜਣਾ ਵਾਸਤੇ ਸਾਂਝੇ ਯਤਨ ਕਰਨੇ ਚਾਹੀਦੇ : ਰਘਬੀਰ ਸਿੰਘ ਰੰਧਾਵਾ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਉੱਘੇ ਉਦਯੋਗਪਤੀ ਰਘਬੀਰ ਸਿੰਘ ਰੰਧਾਵਾ ਭੱਟੀਕੇ ਕਨੇਡਾ ਵਾਲਿਆਂ ਨੇ ਇੱਕ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਨਰੋਏ ਸਮਾਜ ਦੀ ਸਿਰਜਣਾ ਲਈ ਸਾਂਝੇ ਤੌਰ 'ਤੇ ਯਤਨ ਕਰਨੇ ਚਾਹੀਦੇ ਹਨ। ਉਹਨਾਂ ਕਿਹਾ ਕਿ ਸਮਾਜ ਵਿੱਚ ਫੈਲੀਆਂ ਬੁਰਾਈਆਂ ਦਾ ਖਾਤਮਾ ਕਰਨਾ ਜ਼ਰੂਰੀ ਹੈ ਅਤੇ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਸਾਨੂੰ ਸਾਂਝੇ ਤੌਰ 'ਤੇ ਹੰਭਲਾ ਮਾਰਨਾ ਚਾਹੀਦਾ ਹੈ ਤਾਂ ਜੋ ਨਸ਼ੇ ਅਤੇ ਹੋਰ ਕੁਰੀਤੀਆਂ ਨੂੰ ਖਤਮ ਕੀਤਾ ਜਾ ਸਕੇ। ਰੰਧਾਵਾ ਨੇ ਕਿਹਾ ਕਿ ਸਾਨੂੰ ਨਸ਼ੇ ਅਤੇ ਹੋਰ ਸਮਾਜਿਕ ਬੁਰਾਈਆਂ ਅਤੇ ਨਸ਼ਿਆਂ ਦੇ ਖਾਤਮੇ ਲਈ ਮਿਲਜੁਲ ਕੇ ਯਤਨ ਕਰਨ ਦੇ ਨਾਲ ਨਾਲ ਇਹਨਾਂ ਦੇ ਖਾਤਮੇ ਲਈ ਵੀ ਪ੍ਰਣ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਕਿਉਂਕਿ ਇਹ ਕਿਸੇ ਇਕੱਲੇ ਵਿਅਕਤੀ ਦਾ ਕੰਮ ਨਹੀਂ, ਇਸ ਵਾਸਤੇ ਸਾਂਝੇ ਯਤਨਾਂ ਦੀ ਲੋੜ ਹੈ। ਉਨ੍ਹਾ ਕਿਹਾ ਕਿ ਨਰੋਏ ਸਮਾਜ ਦੀ ਸਿਰਜਣਾ ਲਈ ਸਾਂਝੇ ਤੌਰ 'ਤੇ ਯਤਨ ਕਰਨਾ ਅਤਿ ਹੀ ਜ਼ਰੂਰੀ ਹੈ। ਉਹਨਾਂ ਕਿਹਾ ਕਿ ਸਾਨੂੰ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਵੀ ਪੂਰੀ ਗੰਭੀਰਤਾ ਨਾਲ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਸਮਾਜਿਕ ਬੁਰਾਈਆਂ ਦਾ ਖਾਤਮਾ ਕਰਦੇ ਹੋਏ ਇਕ ਨਰੋਏ ਸਮਾਜ ਦੀ ਸਿਰਜਣਾ ਹੋ ਸਕੇ।

## ਜਿਮਨੇਜ਼ੀਅਮ ਹਾਲ ਦੀਆਂ ਟੀਮਾਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ





ਗੁਰਦਾਸਪੁਰ, ( ਦਿਨੇਸ਼ ਕੁਮਾਰ)- ਪਟਿਆਲਾ ਵਿਖੇ ਆਯੋਜਿਤ 68ਵੀਆਂ ਸਕੂਲ ਰਾਜ ਖੇਡਾਂ ਵਿੱਚ ਗੁਰਦਾਸਪੁਰ ਦੇ ਜਿਮਨੇਜ਼ੀਅਮ ਹਾਲ ਦੀਆਂ ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹੇ ਦਾ ਮਾਨ ਵਧਾਇਆ।

ਜ਼ਿਲ੍ਹਾ ਖੇਡ ਅਧਿਕਾਰੀ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਇਨ੍ਹਾ ਮੁਕਾਬਲਿਆਂ ਵਿੱਚ ਗੁਰਦਾਸਪੁਰ ਦੀ ਅੰਡਰ-14 ਗਰਲਜ਼ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ।ਅੰਡਰ-17 ਅਤੇ ਅੰਡਰ -19 ਗਰਲਜ਼ ਟੀਮਾਂ ਨੇ ਵੀ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ-14, ਅੰਡਰ-17 ਅਤੇ ਅੰਡਰ-19 ਮੁੰਡਿਆਂ ਦੀਆਂ ਟੀਮਾਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਸ ਤੋਂ ਇਲਾਵਾ ਕਈ ਵਿਦਿਆਰਥੀਆਂ ਨੇ ਆਪਣੇ ਕਮਾਲ ਦੇ ਕਾਰਨਾਮੇ ਵਿਖਾ ਕੇ ਕਈ ਆਲ-ਰਾਊਂਡ ਖਿਤਾਬ ਅਤੇ ਵਿਅਕਤੀਗਤ ਮੈਡਲ ਵੀ ਜਿੱਤੇ। ਇਸੇ ਤਰ੍ਹਾਂ 8 ਤੋਂ 10 ਨਵੰਬਰ ਤੱਕ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਗੁਰਦਾਸਪੁਰ ਦੀਆਂ ਟੀਮਾਂ ਨੇ ਫਿਰ ਤੋਂ ਬੇਹਤਰੀਨ ਪ੍ਰਦਰਸ਼ਨ ਕਰਕੇ ਜਿੱਤ ਦਾ ਝੰਡਾ ਲਹਿਰਾਇਆ।ਇਸ ਟੂਰਨਾਮੈਂਟ ਵਿੱਚ ਅੰਡਰ-14 ਗਰਲਜ਼ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ।

ਅੰਡਰ-17, ਅੰਡਰ-19, ਅੰਡਰ-21, ਅਤੇ ਅੰਡਰ-21 ਤੋਂ 30 ਦੀਆਂ ਗਰਲਜ਼ ਟੀਮਾਂ ਨੇ ਵੀ ਪਹਿਲਾ ਸਥਾਨ ਹਾਸਲ ਕੀਤਾ। ਇਸ ਦੇ ਨਾਲ ਹੀ ਮੁੰਡਿਆਂ ਦੀਆਂ ਟੀਮਾਂ ਨੇ ਵੀ ਪ੍ਰਤਿਯੋਗਤਾ ਵਿੱਚ ਉਲੇਖਣੀ ਪ੍ਰਦਰਸ਼ਨ ਦਿਖਾਇਆ।ਅੰਡਰ-14 ਅਤੇ ਅੰਡਰ-17 ਮੁੰਡਿਆਂ ਦੀਆਂ ਟੀਮਾਂ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਜ਼ਿਲ੍ਹੇ ਦਾ ਮਾਨ ਵਧਾਇਆ।

ਇਸ ਤੋਂ ਇਲਾਵਾ ਕਈ ਵਿਅਕਤੀਗਤ ਮੈਡਲ ਵੀ ਜਿੱਤੇ ।ਕਈ ਵਿਦਿਆਰਥੀਆਂ ਦੀ ਚੋਣ ਸਕੂਲ ਨੈਸ਼ਨਲ ਖੇਡਾਂ ਲਈ ਕੀਤੀ ਗਈ ਹੈ।

ਉਨ੍ਹਾ ਕਿਹਾ ਕਿ ਇਸ ਸਫਲਤਾ ਕੋਚ ਰੂਪਾਲੀ, ਕੋਮਲ ਵਰਮਾ ਅਤੇ ਮੰਦੀਪ ਕੁਮਾਰ ਦੀ ਸਖਤ ਮਿਹਨਤ ਅਤੇ ਖਿਡਾਰੀਆਂ ਦੀ ਅਣਥੱਕ ਮਿਹਨਤ ਨਾਲ ਮਿਲੀ ਹੈ ।

## ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਤੁਲਸੀ ਵਿਆਹ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਕਸਬਾ ਡੇਰਾ ਬਾਬਾ ਨਾਨਕ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਤੁਲਸੀ ਵਿਆਹ ਮਨਾਇਆ ਗਿਆ। ਪਿਛਲੇ ਵੀਹ ਸਾਲਾਂ ਦੀ ਤਰ੍ਹਾਂ ਅੱਜ ਵੀ ਸ੍ਰੀ ਰਾਮ ਮੰਦਰ, ਉੱਚਾ ਬਜ਼ਾਰ, ਡੇਰਾ ਬਾਬਾ ਨਾਨਕ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਸ੍ਰੀ ਸਾਲਿਗ ਰਾਮ ਅਤੇ ਤੁਲਸੀ ਮਾਤਾ ਦਾ ਵਿਆਹ ਕਰਵਾਇਆ ਗਿਆ। ਕੱਤਕ ਦੇ ਇਸ ਪਾਵਨ ਪਵਿੱਤਰ ਮਹੀਨੇ 'ਚ ਡੇਰਾ ਬਾਬਾ ਨਾਨਕ ਦੀਆਂ ਔਰਤਾਂ ਰੋਜ਼ਾਨਾ ਤੜਕੇ ਸ੍ਰੀ ਰਾਮ ਮੰਦਰ 'ਚ ਦੀਪਕ ਜਲਾ ਕੇ ਤੁਲਸੀ ਮਾਤਾ ਦੀ ਆਰਤੀ ਕਰਦੀਆਂ ਹਨ। ਇਸ ਪਵਿੱਤਰ ਤਿਉਹਾਰ ਨੂੰ ਮਨਾਉਂਦੇ ਹੋਏ ਪਹਿਲਾਂ ਡੇਰਾ ਬਾਬਾ ਨਾਨਕ ਦੀ ਮਹਿਲਾ ਕੀਰਤਨ ਮੰਡਲੀ ਜਿਨ੍ਹਾਂ 'ਚ ਵਿਸ਼ੇਸ਼ ਤੌਰ 'ਤੇ ਗਲੀ ਹਾਂਡਿਆਂ ਅਤੇ ਗਲੀ ਖੱਤਰੀ ਵਾਲੀ ਦੀਆਂ ਔਰਤਾਂ ਸ਼ਾਮਿਲ ਹਨ, ਨੇ ਸ੍ਰੀ ਰਮਾਇਣ ਜੀ ਦਾ ਪਾਠ ਸੰਜੀਵ ਰਿਤੂ ਮਹਾਜਨ ਦੇ ਘਰ ਸ਼ੁਰੂ ਕਰਵਾਇਆ । ਜਿਸ ਦਾ ਸ਼ੁੱਭ ਆਰੰਭ ਪੰਡਿਤ ਭੁਵਨ ਚੰਦਰ ਵੱਲੋਂ ਕੀਤਾ ਗਿਆ। ਭੋਗ ਉਪਰੰਤ ਮਹਿਲਾ ਕੀਰਤਨ ਮੰਡਲੀ ਵੱਲੋਂ ਕੀਰਤਨ ਗਿਆ ਅਤੇ ਫਿਰ ਸੰਗਤਾਂ ਵਾਸਤੇ ਕੜ੍ਹੀ ਚਾਵਲ ਦਾ ਲੰਗਰ ਲਗਾਇਆ ਗਿਆ। ਅੱਜ ਏਸੇ ਹੀ ਤਿਉਹਾਰ ਨੂੰ ਮੁੱਖ ਰੱਖਦਿਆਂ ਪਹਿਲਾਂ ਅਰਜੁਨ ਰਜਨੀ ਵਰਮਾ ਦੇ ਘਰ ਗਲੀ ਹਾਂਡਿਆਂ ਵਾਲੀ 'ਚ ਕੀਰਤਨ ਕਰਵਾਇਆ ਗਿਆ, ਫਿਰ ਸ੍ਰੀ ਰਾਮ ਮੰਦਰ, ਉੱਚਾ ਬਜ਼ਾਰ, ਡੇਰਾ ਬਾਬਾ ਨਾਨਕ ਤੁਲਸੀ ਮਾਤਾ ਦਾ ਸ੍ਰੀ ਸਾਲਿਗ ਰਾਮ ਨਾਲ ਵਿਆਹ ਰਚਾਇਆ ਗਿਆ। ਇਸ ਧਾਰਮਿਕ ਸਮਾਰੋਹ ਵਿੱਚ ਪ੍ਰੇਮ ਲਤਾ ਸ਼ਰਮਾ, ਵਿਨੇ ਸ਼ਰਮਾ, ਨੀਲਮ ਚੋਪੜਾ, ਸਰੋਜ, ਵਿਜੇ ਬੱਬਰ, ਬ੍ਰਿਜ ਚੋਪੜਾ, ਨੀਲਮ ਲੂਥਰਾ, ਟੀਨਾ, ਮਿੰਨੀ, ਰਿਤੂ ਮਹਾਜਨ, ਸਮਰਿਤੀ, ਸ਼ਮ੍ਹਾ, ਰਮਾ, ਸੁਨੀਤਾ, ਨੀਤੂ ਹਾਂਡਾ, ਪੂਨਮ ਲੂਥਰਾ, ਰਾਧਿਕਾ ਘਈ, ਸਵਿਤਾ ਮਰਵਾਹਾ, ਆਰਤੀ, ਮਮਤਾ, ਨੀਰੂ, ਹਿਤੂ, ਕਿਰਨ ਗੈਂਦ, ਸੋਨੂੰ, ਸੁਨੀਤਾ, ਸੁਮਨ ਲੂਥਰਾ, ਰੇਖਾ ਧਵਨ, ਪੂਜਾ, ਸਿਮਰਨ, ਪੂਨਮ ਮਹਾਜਨ, ਵੀਨਾ, ਰੇਨੂੰ, ਈਸਾ, ਕੋਮਲ, ਕਾਜਲ ਵਰਮਾ, ਮੰਜੂ ਮਹਾਜਨ ਆਦਿ ਨੇ ਆਪਣੀਆਂ ਹਾਜ਼ਰੀਆਂ ਲਗਵਾਈਆਂ ਅਤੇ ਸੇਵਾ ਕੀਤੀ।

## ਹਰਿਆਣੇ ਨੂੰ ਵਿਧਾਨ ਸਭਾ ਲਈ ਜ਼ਮੀਨ ਪੰਜਾਬੀਆਂ ਦੇ ਚੰਡੀਗੜ੍ਹ 'ਤੇ ਹੱਕ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ : ਡਾ. ਸੋਹਲ

ਝਬਾਲ ( ਮੱਖਣ ਮਨੋਜ) - ਤਰਨ ਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਚੰਡੀਗੜ੍ਹ ਵਿੱਚ ਹਰਿਆਣੇ ਨੂੰ ਵਿਧਾਨ ਸਭਾ ਬਣਾਉਣ ਲਈ ਦਿੱਤੀ ਜ਼ਮੀਨ ਦੇ ਫੈਸਲੇ ਨੂੰ ਪੰਜਾਬ ਵਿਰੋਧੀ ਦੱਸਦੇ ਹੋਏ ਇਸ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਡਾ. ਸੋਹਲ ਨੇ ਕਿਹਾ ਕਿ ਚੰਡੀਗੜ੍ਹ ਉੱਤੇ ਪੰਜਾਬ ਦਾ ਅਧਿਕਾਰ ਹੈ ਪਰ ਕੇਂਦਰ ਵੱਲੋਂ ਹਰਿਆਣਾ ਨੂੰ ਵਿਧਾਨ ਸਭਾ ਲਈ ਵੱਖਰੀ ਜ਼ਮੀਨ ਦੇ ਕੇ ਪੰਜਾਬੀਆਂ ਦੇ ਚੰਡੀਗੜ੍ਹ ਉੱਤੇ ਹੱਕ ਨੂੰ ਕਮਜ਼ੋਰ ਕੀਤਾ ਹੈ। ਉਹਨਾਂ ਕਿਹਾ ਕਿ ਪੰਜਾਬੀਆਂ ਵੱਲੋਂ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਨ ਲਈ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਹੈ। ਪਰ ਹੁਣ ਸਰਕਾਰ ਵੱਲੋਂ ਹਰਿਆਣੇ ਨੂੰ ਨਵੀਂ ਵਿਧਾਨ ਸਭਾ ਬਣਾਉਣ ਲਈ ਜ਼ਮੀਨ ਦੇਣ ਨਾਲ ਪੰਜਾਬੀਆਂ ਦੇ ਮਨਾਂ ਨੂੰ ਭਾਰੀ ਠੇਸ ਪਹੁੰਚੀ ਹੈ। ਡਾ. ਸੋਹਲ ਨੇ ਕਿਹਾ ਕਿ ਜੇਕਰ ਹਰਿਆਣਾ ਸਰਕਾਰ ਨਵੀਂ ਵਿਧਾਨ ਸਭਾ ਬਣਾਉਣੀ ਚਾਹੁੰਦੀ ਹੈ ਅਸੀਂ ਸਾਰਿਆਂ ਨੂੰ ਤਾਂ ਜੋ ਉਸ ਨੂੰ ਪੰਚਕੂਲਾ ਵਿੱਚ ਹੀ ਵਿਧਾਨ ਸਭਾ ਬਣਾਉਣੀ ਚਾਹੀਦੀ ਹੈ। ਡਾਕਟਰ ਸੋਹਲ ਨੇ ਪੰਜਾਬ ਦੀਆਂ ਸਮੂਹ ਰਾਜਨੀਤਿਕ ਪਾਰਟੀਆਂ ਨੂੰ ਕੇਂਦਰ ਸਰਕਾਰ ਦੀ ਇਸ ਫੈਸਲੇ ਵਿਰੁੱਧ ਇਕਜੁੱਟ ਹੋ ਕੇ ਆਵਾਜ਼ ਬੁਲੰਦ ਕਰਨ ਲਈ ਕਿਹਾ ਹੈ ।

## ਸਰਕਾਰੀ ਐਲੀਮੈਂਟਰੀ ਸਕੂਲ ਦੇ ਲੜਕੇ ਨੇ ਪੰਜਾਬ ਪੱਧਰੀ ਤੈਰਾਕੀ ਮੁਕਾਬਲਿਆਂ 'ਚ ਕੀਤੀ ਸ਼ਮੂਲੀਅਤ



ਝਬਾਲ (ਮੱਖਣ ਮਨੋਜ )- ਪੰਜਾਬ ਪੱਧਰ ਦੇ ਚੰਡੀਗੜ੍ਹ ਵਿਖੇ ਹੋਏ ਵੱਖ ਵੱਖ ਸਕੂਲਾਂ ਦੇ ਬੱਚਿਆਂ ਦੇ ਤੈਰਾਕੀ ਮੁਕਾਬਲਿਆਂ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਝਬਾਲ ਲੜਕਿਆਂ (ਬਲਾਕ ਗੰਡੀਵਿੰਡ) ਦੇ ਬੱਚੇ ਬਲਰਾਮ ਸਿੰਘ ਪੁੱਤਰ ਹਰਦੀਪ ਸਿੰਘ ਵਾਸੀ ਝਬਾਲ ਨੇ ਕੋਚ ਮਾਸਟਰ ਬਲਵਿੰਦਰ ਸਿੰਘ ਦੀ ਮਿਹਨਤ ਸਦਕਾ ਭਾਗ ਲੈ ਕੇ ਜਿਥੇ ਆਪਣੇ ਸਕੂਲ, ਅਧਿਆਪਕਾਂ ਦਾ ਨਾਮ ਰੋਸ਼ਨ ਕੀਤਾ ਉਥੇ ਆਪਣੇ ਮਾਪਿਆਂ ਦਾ ਨਾਮ ਵੀ ਰੋਸ਼ਨ ਕੀਤਾ।

ਪੰਜਾਬ ਪੱਧਰ 'ਤੇ ਤੈਰਾਕੀ ਮੁਕਾਬਲੇ ਵਿੱਚ ਭਾਗ ਲੈਣ ਉਪਰੰਤ ਅੱਜ ਸਕੂਲ ਪਹੁੰਚਣ 'ਤੇ ਸਮੂਹ ਸਟਾਫ ਬਲਾਕ ਸੀ ਐਸ ਪੀ ਮਨਪ੍ਰੀਤ ਕੌਰ ਅਤੇ ਹੈਡ ਟੀਚਰ ਸੁਖਵਿੰਦਰ ਕੌਰ, ਸਾਬਕਾ ਸਰਪੰਚ ਨਰਿੰਦਰ ਪੱਪਾ, ਕਾਮਰੇਡ ਦਵਿੰਦਰ ਸੋਹਲ ਨੇ ਬੱਚੇ ਬਲਰਾਮ ਸਿੰਘ ਤੇ ਕੋਚ ਬਲਵਿੰਦਰ ਸਿੰਘ ਨੂੰ ਸਨਮਾਨਤ ਕਰਦਿਆਂ ਵਧਾਈ ਦਿੰਦਿਆਂ ਕਿਹਾ ਕਿ ਸਰਕਾਰੀ ਸਕੂਲ ਦੇ ਬੱਚੇ ਵੱਲੋਂ ਬਿਨਾਂ ਕੋਚ ਅਤੇ ਮਿਹਨਤ ਦੇ ਪੰਜਾਬ ਪੱਧਰ ਤੇ ਖੇਡਣਾ ਇਕ ਮਾਣ ਵਾਲੀ ਗੱਲ ਹੈ। ਇਸ ਸਮੇਂ ਸੀ ਐਸ ਪੀ ਮੈਡਮ ਮਨਪ੍ਰੀਤ ਕੌਰ ਨੇ ਕਿਹਾ ਕਿ ਸਰਕਾਰ ਚਾਹੀਦਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਵੀ ਕੋਚਾਂ ਦੇ ਪ੍ਰਬੰਧ ਕੀਤੇ ਜਾਣ ਤਾਂ ਕਿ ਸਰਕਾਰੀ ਸਕੂਲਾਂ ਦੇ ਬੱਚੇ ਵੀ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਦਾ ਮੁਕਾਬਲਾ ਕਰ ਸਕਣ।ਇਸ ਸਮੇਂ ਮਾ. ਦੇਵ ਰਾਜ, ਮਾ. ਅਧੁਰੁੱਧ, ਮੈਡਮ ਸ਼ਾਇਰੀ, ਹਰਵਿੰਦਰ ਕੌਰ, ਗੀਟਾ ਅਤੇ ਬੱਚੇ ਦੇ ਮਾਪੇ ਵੀ ਹਾਜ਼ਰ ਸਨ।

## ਪਾਵਰਕਾਮ ਤੇ ਟਰਾਂਸਮਿਸ਼ਨ ਪੈਨਸ਼ਨਰਜ਼ ਅਸੋਸੀਏਸ਼ਨ ਮੰਡਲ ਧਾਰੀਵਾਲ ਦੀ ਮੀਟਿੰਗ

### 17 ਨਵੰਬਰ ਨੂੰ ਝੰਡਾ ਮਾਰਚ 'ਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਤਿਆਰੀ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਪਾਵਰਕਾਮ ਅਤੇ ਟਰਾਂਸਮਿਸ਼ਨ ਪੈਨਸ਼ਨਰਜ਼ ਅਸੋਸੀਏਸ਼ਨ ਮੰਡਲ ਧਾਰੀਵਾਲ ਦੀ ਮੀਟਿੰਗ ਹੋਈ। ਜਿਸ ਦੀ ਪ੍ਰਧਾਨਗੀ ਮੰਡਲ ਦੇ ਸੀਨੀਅਰ ਮੀਤ ਪ੍ਰਧਾਨ ਜਰਨੈਲ ਸਿੰਘ ਨੇ ਕੀਤੀ।ਮੀਟਿੰਗ ਦੌਰਾਨ ਸਾਥੀਆਂ ਨੂੰ ਸੰਬੋਧਨ ਕਰਦਿਆਂ ਸਕੱਤਰ ਰਣਜੀਤ ਸਿੰਘ ਗਿੱਲ, ਬਲਵਿੰਦਰ ਸਿੰਘ ਨੰਗਲ, ਕੁਲਦੀਪ ਸਿੰਘ, ਰਣਧੀਰ ਸਿੰਘ, ਬਲਵਿੰਦਰ ਸਿੰਘ ਦੂਲਾਨੰਗਲ, ਅਮਰੀਕ ਸਿੰਘ, ਅਮਰਨਾਥ, ਹਰਜਿੰਦਰ ਸਿੰਘ, ਰਣਜੋਧ ਸਿੰਘ ਆਦਿ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਵੱਲੋਂ ਪੈਨਸ਼ਨਰਾਂ ਦੀਆਂ ਮੰਨੀਆਂ ਜਾਇਜ਼ ਮੰਗਾਂ ਜਾਣਬੁੱਝ ਕੇ ਲਾਗੂ ਨਹੀਂ ਕੀਤੀਆਂ ਜਾ ਰਹੀਆਂ। ਪੰਜਾਬ ਸਰਕਾਰ ਦੀ ਟਾਲਮਟੋਲ ਵਾਲੀ ਨੀਤੀ ਦੀ ਪੈਨਸ਼ਨਰਾਂ ਨੇ ਪੁਰਜ਼ੋਰ ਨਿੰਦਾ ਕੀਤੀ।

ਬੁਲਾਰਿਆਂ ਕਿਹਾ ਕਿ ਸੂਬਾ ਕਮੇਟੀ ਦੇ ਫੈਸਲੇ ਦੇ ਸੱਦੇ ਅਨੁਸਾਰ ਹੋ ਰਹੀਆਂ ਜ਼ਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਖਿਲਾਫ ਕਾਲੇ ਝੰਡਿਆਂ ਨਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਆਪਣੀਆਂ ਹੱਕੀ ਮੰਗਾਂ ਪ੍ਰਤੀ ਯਾਦ ਕਰਵਾਇਆ ਜਾਵੇਗਾ। ਪੈਨਸ਼ਨਰ ਸਾਥੀਆਂ ਨੇ ਸਰਕਾਰ ਪ੍ਰਤੀ ਰੋਸ ਜਤਾਇਆ ਕਿ ਸਰਕਾਰ ਪੈਨਸ਼ਨਰਾਂ ਦਾ ਲੱਖਾਂ ਰੁਪਈਆ ਵਰਤ ਰਹੀ ਹੈ, ਪਰ ਪੈਨਸ਼ਨਰਾਂ ਪ੍ਰਤੀ ਲਾਰਿਆਂ ਵਾਲੀ ਨੀਤੀ ਅਪਣਾ ਰਹੀ ਹੈ। ਸਰਕਾਰ ਨੂੰ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਜਿਵੇਂ ਨਵੇਂ ਪੇ ਕਮਿਸ਼ਨ ਅਨੁਸਾਰ ਬਣਦਾ ਏਰੀਅਲ, ਡੀਏ ਦੀਆਂ ਬਕਾਇਆ ਕਿਸ਼ਤਾਂ, ਮੈਡੀਕਲ ਬਕਾਇਆ, ਲੀਵ ਇਨਕੈਸ਼ਮੈਂਟ ਆਦਿ ਮੰਗਾਂ ਨੂੰ ਜਲਦੀ ਲਾਗੂ ਕਰਨਾ ਚਾਹੀਦਾ। ਪਰ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਰਕੇ ਪੈਨਸ਼ਨਰ ਸਾਥੀਆਂ ਨੂੰ ਮਜਬੂਰਨ ਧਰਨੇ ਅਤੇ ਮੁਜ਼ਾਹਰੇ ਕਰਨੇ ਪੈ ਰਹੇ ਹਨ। ਮੀਟਿੰਗ ਦੌਰਾਨ ਪੈਨਸ਼ਨਰ ਸਾਥੀਆਂ ਵੱਲੋਂ ਹਲਕਾ ਡੇਰਾ ਬਾਬਾ ਨਾਨਕ ਵਿਖੇ 17 ਨਵੰਬਰ ਨੂੰ ਕੀਤੇ ਜਾ ਰਹੇ ਝੰਡਾ ਮਾਰਚ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਸਹਿਮਤੀ ਪ੍ਰਗਟਾਈ ਗਈ।

## 'ਅੱਜ ਵੀ ਹਲਕੇ ਦੇ ਲੋਕ ਡਾ. ਦਲਬੀਰ ਸਿੰਘ ਵੇਰਕਾ ਨੂੰ ਪਹਿਲਾਂ ਦੀ ਤਰ੍ਹਾਂ ਪਸੰਦ ਕਰਦੇ'



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਜਿੱਥੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਇਕ ਬਣ ਕੇ ਸੇਵਾ ਕਰਦੇ ਰਹੇ ਹਨ ਡਾਕਟਰ ਦਲਬੀਰ ਸਿੰਘ ਵੇਰਕਾ ਨੂੰ ਅੱਜ ਵੀ ਹਲਕੇ ਦੇ ਲੋਕ ਪਹਿਲਾਂ ਦੀ ਤਰ੍ਹਾਂ ਹੀ ਪਸੰਦ ਕਰਦੇ ਹਨ ਕਿਉਂਕਿ ਡਾਕਟਰ ਵੇਰਕਾ ਅੱਜ ਵੀ ਹਰ ਇੱਕ ਵਰਕਰ ਦੇ ਦੁੱਖ ਸੁੱਖ ਵਿੱਚ ਸਰੀਕ ਹੋ ਕੇ ਆਪਣੀ ਹਾਜ਼ਰੀ ਭਰਦੇ ਹਨ। ਡਾਕਟਰ ਦਲਬੀਰ ਸਿੰਘ ਵੇਰਕਾ ਤਕਰੀਬਨ 40 ਸਾਲ ਤੋਂ ਬਲਾਕ ਤਰਸਿੱਕਾ ਹਲਕਾ ਜੰਡਿਆਲਾ ਗੁਰੂ ਦੇ ਲੋਕਾਂ ਨਾਲ ਜੁੜੇ ਹੋਏ ਹਨ ਅਤੇ ਦੋ ਵਾਰ ਵਿਧਾਇਕ ਵੀ ਬਣ ਚੁੱਕੇ ਹਨ। 2007 ਦੀਆਂ ਚੋਣਾਂ ਵਿੱਚ ਡਾਕਟਰ ਦਲਵੀਰ ਸਿੰਘ ਵੇਰਕਾ ਸ਼੍ਰੋਮਣੀ ਅਕਾਲੀ ਦਲ ਤਰਫੋਂ ਵਿਧਾਇਕ ਬਣੇ ਸਨ, ਬਾਅਦ ਵਿੱਚ ਰਾਈਟ ਟੂ ਸਰਵਿਸ ਕਮਿਸ਼ਨਰ ਬਣ ਕੇ ਵੀ ਲੋਕਾਂ ਦੀ ਸੇਵਾ ਪਹਿਲਾਂ ਦੀ ਤਰ੍ਹਾਂ ਕਰਦੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੂੰ ਜੋੜਨ ਦੀ ਸਮਰੱਥਾ ਰੱਖਣ ਵਾਲੇ ਡਾਕਟਰ ਵੇਰਕਾ ਦੀ ਹਲੀਮੀ ਸਦਕਾ ਅੱਜ ਵੀ ਪਿੰਡਾਂ ਦੇ ਲੋਕ ਡਾਕਟਰ ਵੇਰਕਾ ਨੂੰ ਚਾਹੁੰਦੇ ਹਨ ਕਿ ਉਹ ਆ ਕੇ ਹਲਕੇ ਦੀ ਵਾਗਡੋਰ ਸੰਭਾਲਣ ਅਤੇ ਲੋਕਾਂ ਦੇ ਦੁੱਖ ਸੁੱਖ ਵਿੱਚ ਸਰੀਕ ਹੋਣ। ਡਾਕਟਰ ਦਲਬੀਰ ਸਿੰਘ ਵੇਰਕਾ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਚੁੱਕੇ ਹਨ ਅਤੇ ਹੁਣ ਆਪ ਵਿੱਚ ਸ਼ਾਮਿਲ ਹੋ ਕੇ ਅੰਮ੍ਰਿਤਸਰ ਵਿੱਚ ਵੱਲਾ ਵਿਖੇ ਆਪਣੇ ਦਫਤਰ ਵਿੱਚ ਬੈਠ ਕੇ ਲੋਕਾਂ ਦੀਆਂ ਦੁੱਖ ਤਕਲੀਫਾਂ ਸੁਣਦੇ ਹਨ। ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਤ ਅਕਾਲੀ ਵਰਕਰ ਭਾਵੇਂ ਕਿ ਸ਼ਰੇਆਮ ਤਾਂ ਕੋਈ ਗੱਲ ਨਹੀਂ ਕਰਦੇ ਪਰ ਅੰਦਰੋ ਅੰਦਰੀ ਇਹ ਚਾਹੁੰਦੇ ਹਨ ਕਿ ਡਾਕਟਰ ਵੇਰਕਾ ਦੁਬਾਰਾ ਸ਼੍ਰੋਮਣੀ ਅਕਾਲੀ ਦਲ ਵਿੱਚ ਵਾਪਸੀ ਕਰਕੇ ਹਲਕਾ ਜੰਡਿਆਲਾ ਗੁਰੂ ਵਿੱਚ ਵਿਚਰੇ ਕਿਉਂਕਿ ਮੌਜੂਦਾ ਹਲਕਾ ਇੰਚਾਰਜ ਅਕਾਲੀ ਵਰਕਰਾਂ ਨੂੰ ਸੰਤੁਸ਼ਟ ਕਰਨ ਵਿੱਚ ਨਾਕਾਮ ਰਿਹਾ ਹੈ।

ਕੁਝ ਅਕਾਲੀ ਵਰਕਰਾਂ ਨੇ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਕਿ ਜੇ ਹਾਲਾਤ ਇਹੀ ਰਹੇ, ਹਲਕਾ ਇੰਚਾਰਜ ਸਤਿੰਦਰ ਸਿੰਘ ਛੱਜਲਵੱਡੀ ਹੀ ਰਿਹਾ ਤਾਂ ਸ਼੍ਰੋਮਣੀ ਅਕਾਲੀ ਦਲ ਦਾ ਹਸ਼ਰ ਪਹਿਲਾਂ ਨਾਲੋਂ ਵੀ ਹਲਕਾ ਜੰਡਿਆਲਾ ਗੁਰੂ ਵਿੱਚ ਮਾੜਾ ਹੋਵੇਗਾ।

ਇਸ ਲਈ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਚਾਹੀਦਾ ਹੈ ਕਿ ਉਹ ਡਾਕਟਰ ਵੇਰਕਾ ਦੇ ਨਾਲ ਸੰਪਰਕ ਕਰਕੇ ਉਹਨਾਂ ਨੂੰ ਹਲਕਾ ਜੰਡਿਆਲਾ ਵਿੱਚ ਲਿਆ ਕੇ ਉਹਨਾਂ ਨੂੰ ਹਲਕੇ ਦੀ ਵਾਗਡੋਰ ਸੌਂਪਣ ਤਾਂ ਜੋ ਆ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਜਿੱਤ ਹਾਸਲ ਕਰ ਸਕੇ।

## ਮੱਲੂਨੰਗਲ ਦਾ ਅਗਾਂਹਵਧੂ ਕਿਸਾਨ ਪਰਾਲੀ ਨੂੰ ਖੇਤਾਂ 'ਚ ਵਾਹ ਕੇ ਹੋਰਨਾਂ ਲਈ ਬਣ ਰਿਹਾ ਪ੍ਰੇਰਨਾਸਰੋਤ



ਮਜੀਠਾ (ਸੋਇਮ ਆਨੰਦ)- ਜਿੱਥੇ ਸਾਡੇ ਕੁਝ ਕਿਸਾਨ ਵੀਰ ਪਰਾਲੀ ਨੂੰ ਖੇਤਾਂ ਵਿੱਚ ਅੱਗ ਲਾ ਕੇ ਜ਼ਮੀਨ ਦੇ ਜ਼ਰੂਰੀ ਤੱਤਾਂ ਨੂੰ ਸਾੜ ਰਹੇ ਹਨ, ਉਸ ਨਾਲ ਹੀ ਜ਼ਮੀਨ ਦੀ ਉਪਜਾਊ ਸ਼ਕਤੀ 'ਤੇ ਅਸਰ ਪੈ ਰਿਹਾ ਹੈ ਅਤੇ ਕੁਦਰਤੀ ਵਾਤਾਵਰਣ ਨੂੰ ਵੀ ਵੱਡਾ ਨੁਕਸਾਨ ਪਹੁੰਚਾ ਰਹੇ ਹਨ, ਉੱਥੇ ਹੀ ਸਾਡੇ ਕਿਸਾਨ ਜੋ ਅਗਾਂਹਵਧੂ ਸੋਚ ਵਾਲੇ ਹਨ, ਉਹ ਆਪਣੇ ਖੇਤਾਂ ਵਿੱਚ ਪਰਾਲੀ ਨਾ ਸਾੜ ਕੇ ਖੇਤਾਂ ਵਿੱਚ ਵਾਹ ਕੇ ਹੀ ਫਸਲਾਂ ਦਾ ਵੱਧ ਝਾੜ ਲੈ ਰਹੇ ਹਨ। ਇਸ ਦੀ ਉਦਾਹਰਣ ਹੈ ਇੱਕ ਅਗਾਂਹਵਧੂ ਕਿਸਾਨ ਹੈ ਜੋ ਕਿ ਬਲਾਕ ਹਰਸ਼ਾ ਛੀਨਾ ਦੇ ਪਿੰਡ ਮੱਲੂਨੰਗਲ ਦਾ ਸੁਬੇਗ ਸਿੰਘ ਹੈ। ਇਹ ਕਿਸਾਨ ਸਾਲ 2018 ਤੋਂ ਲਗਾਤਾਰ ਆਪਣੇ ਖੇਤ ਦੀ ਪਰਾਲੀ ਆਪਣੇ ਖੇਤ ਵਿੱਚ ਵਾਹ ਰਿਹਾ ਹੈ ਅਤੇ ਦੂਸਰਿਆਂ ਲਈ ਵੀ ਪ੍ਰੇਰਨਾਸ੍ਰੋਤ ਹੈ। ਇਹ ਕਿਸਾਨ ਹੈਪੀ ਸੀਡਰ, ਸੁਪਰ ਸੀਡਰ ਅਤੇ ਮਲਚਿੰਗ ਵਾਲੀ ਕਣਕ ਦੀ ਬਿਜਾਈ ਕਰ ਰਿਹਾ ਹੈ ਜਿਸ ਕਾਰਨ ਗੁੱਲੀ ਡੰਡੇ ਦਾ ਪੱਧਰ ਘਟ ਰਿਹਾ ਹੈ ਅਤੇ ਇੱਕ ਹੀ ਸਪਰੇਅ ਨਾਲ ਗੁੱਲੀ ਡੰਡੇ ਦੀ ਰੋਕਥਾਮ ਹੋ ਜਾਂਦੀ ਹੈ। ਇਸ ਕਾਰਨ ਸਪਰੇਅ ਦੀ ਵਰਤੋਂ ਵੀ ਘੱਟ ਕਰਨੀ ਪੈਂਦੀ ਹੈ ਅਤੇ ਖਰਚਾ ਵੀ ਘਟ ਜਾਂਦਾ ਹੈ। ਇਸ ਕਿਸਾਨ ਮੁਤਬਿਕ ਉਸ ਦੇ ਖੇਤ ਦੀ ਉਪਜਾਊ ਸ਼ਕਤੀ ਵਧੀ ਹੈ । ਪਰਾਲੀ ਵਿੱਚੋਂ ਵਾਹ ਵਾਹ ਕੇ ਉਸ ਦੀ ਕਣਕ ਦੀ ਫਸਲ ਦਾ ਝਾੜ ਪਿਛਲੇ ਸਾਲ 23-24 ਕੁਇੰਟਲ ਪ੍ਰਤੀ ਏਕੜ ਆਇਆ ਹੈ। 2018-19 ਵਿੱਚ ਪਿੰਡ ਮੱਲੂਨੰਗਲ ਕ੍ਰਿਸ਼ੀ ਵਿਗਿਆਨ ਕੇਂਦਰ ਨਾਗਕਲਾਂ ਵੱਲੋਂ ਗੋਦ ਲਿਆ ਗਿਆ ਸੀ ਅਤੇ ਇਸ ਪਿੰਡ ਤੋਂ ਹੀ ਪਰਾਲੀ ਪ੍ਰਬੰਧਨ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਉਸ ਤੋਂ ਬਾਅਦ ਇਸ ਪਿੰਡ ਵਿੱਚ ਕਦੀ ਪਰਾਲੀ ਨੂੰ ਅੱਗ ਨਹੀਂ ਲਗਾਈ ਗਈ।

ਸਬੇਗ ਸਿੰਘ ਨੇ ਕਿਹਾ ਕਿ ਅਜਿਹਾ ਕਰਨ ਲਈ ਮੈਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਨਾਗ ਕਲਾਂ ਨੇ ਪ੍ਰੇਰਿਤ ਕੀਤਾ ਅਤੇ ਮੈਂ ਉਹਨਾਂ ਦੀ ਗੱਲ ਮੰਨ ਕੇ ਤਜਰਬੇ ਵਜੋਂ ਸ਼ੁਰੂ ਕੀਤਾ ਸੀ, ਜਿਸ ਦੇ ਬਹੁਤ ਚੰਗੇ ਨਤੀਜੇ ਆਏ। ਇਸ ਨੂੰ ਦੇਖ ਕੇ ਹੋਰ ਕਿਸਾਨ ਵੀ ਪੇਰਿਤ ਹੋਣ ਲੱਗੇ ਹਨ। ਮੱਲੂ ਨੰਗਲ ਪਿੰਡ ਕੇ.ਵੀ.ਕੇ. ਅੰਮ੍ਰਿਤਸਰ ਦੇ ਯਤਨਾਂ ਸਦਕਾ ਅੱਜ ਅੱਗ ਮੁਕਤ ਪਿੰਡ ਹੈ।

# ਐੱਲ ਪੀ ਯੂ ਨੇ ਕਰਟਿਨ 'ਵਰਸਿਟੀ ਆਸਟ੍ਰੇਲੀਆ ਦੇ ਵਿਦਿਆਰਥੀਆਂ ਦੀ ਮੇਜ਼ਬਾਨੀ



**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਕਰਟਿਨ ਯੂਨੀਵਰਸਿਟੀ ਆਸਟਰੇਲੀਆ ਦੇ 2 ਸਟਾਫ਼ ਸਮੇਤ 12 ਵਿਦਿਆਰਥੀਆਂ ਦਾ ਤਜਰਬੇ ਨਾਲ ਸਿਖਲਾਈ ਆਧਾਰਿਤ ਐਮ ਬੀ ਏ ਕਾਰਜਕਾਰੀ ਪ੍ਰੋਗਰਾਮ ਲਈ ਸਵਾਗਤ ਕੀਤਾ। ਐਲ ਪੀ ਯੂ ਪੇਸ਼ੇਵਰਾਂ ਲਈ ਅਜਿਹੇ ਵਿਸ਼ਵ ਪੱਧਰ 'ਤੇ ਕਾਰਜਕਾਰੀ ਪ੍ਰੋਗਰਾਮਾਂ ਦੀ ਸਹੂਲਤ ਦੇਣ ਵਿੱਚ ਇੱਕ ਮੋਹਰੀ ਯੂਨੀਵਰਸਿਟੀ ਵਜੋਂ ਉੱਭਰਿਆ ਹੈ।ਪ੍ਰੋਗਰਾਮ ਦੌਰਾਨ ਆਸਟ੍ਰੇਲੀਆਈ ਯੂਨੀਵਰਸਿਟੀਆਂ ਦੇ ਭਾਗੀਦਾਰਾਂ ਨੇ ਸਿਹਤ ਸੰਭਾਲ, ਭੋਜਨ ਉਤਪਾਦਨ ਅਤੇ ਨਿਰਮਾਣ ਨਿਰਯਾਤ ਵਰਗੇ ਉਦਯੋਗਾਂ ਦਾ ਦੌਰਾ ਕੀਤਾ। ਭਾਰਤੀ ਪ੍ਰਬੰਧਨ ਨੀਤੀਆਂ ਅਤੇ ਭਾਰਤੀ ਇਤਿਹਾਸ ਬਾਰੇ ਲੈਕਚਰਾਂ ਵਿੱਚ ਹਿੱਸਾ ਲਿਆ ਅਤੇ ਭਾਰਤ ਦੇ ਸਟਾਰਟਅੱਪ ਈਕੋਸਿਸਟਮ ਵਰਗੇ ਕਾਰੋਬਾਰ ਲਈ ਅਨੁਕੂਲ ਪਹੁੰਚ ਬਾਰੇ ਸਿੱਖਿਆ।ਕਰਟਿਨ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਸਟੀਵ ਮੈਕਕੇਨਾ ਨੇ ਐਲ ਪੀ ਯੂ ਦੇ ਨਾਲ ਉਨ੍ਹਾਂ ਦੇ ਮਜ਼ਬੂਤ ਅਤੇ ਲੰਬੇ ਸਮੇਂ ਤੋਂ ਚੱਲ ਰਹੇ ਸਬੰਧਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ, ਪਿਛਲੇ ਇੱਕ ਦਹਾਕੇ ਵਿੱਚ, ਮੈਂ ਬਹੁਤ ਸਾਰੇ ਵਿਦਿਆਰਥੀਆਂ ਨੂੰ ਵੱਖ-ਵੱਖ ਪ੍ਰੋਗਰਾਮਾਂ ਲਈ ਭਾਰਤ ਲਿਆਇਆ ਹੈ, ਪਰ ਇਹ ਕਾਰਜਕਾਰੀ ਐਮ ਬੀ ਏ ਆਪਣੀ ਵਿਹਾਰਕ ਪਹੁੰਚ ਨਾਲ, ਇਹ ਸ਼ਾਨਦਾਰ ਹੈ।ਡਾ. ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ) ਅਤੇ ਐਲ ਪੀ ਯੂ ਦੇ ਫਾਊਂਡਰ ਚਾਂਸਲਰ, ਆਸਟ੍ਰੇਲੀਆਈ ਯੂਨੀਵਰਸਿਟੀਆਂ ਦੇ ਪ੍ਰਤੀਨਿਧਾਂ ਨਾਲ ਸ਼ਾਮਲ ਹੋਏ ਅਤੇ ਪਰਿਵਰਤਨਸ਼ੀਲ ਸਿੱਖਿਆ ਵਿੱਚ ਐਲ ਪੀ ਯੂ ਦੇ ਯੋਗਦਾਨ ਬਾਰੇ ਗੱਲ ਕੀਤੀ। ਡਾ. ਅਸ਼ੋਕ ਮਿੱਤਲ ਨੇ ਕਿਹਾ, ਐਲ ਪੀ ਯੂ ਦਾ ਮੁੱਖ ਉਦੇਸ਼ ਅੰਤਰਰਾਸ਼ਟਰੀ ਸਹਿਯੋਗ ਨੂੰ ਮਜ਼ਬੂਤ ਕਰਨਾ ਅਤੇ ਇੱਕ ਹੋਰ ਮਜ਼ਬੂਤੀ ਨਾਲ ਜੁੜੀ ਦੁਨੀਆ ਲਈ ਦੇਸ਼ਾਂ ਨੂੰ ਇਕੱਠੇ ਲਿਆਉਣਾ ਹੈ।ਡਾ. ਅਮਨ ਮਿੱਤਲ, ਵਾਈਸ ਪ੍ਰੈਜ਼ੀਡੈਂਟ ਐਲ ਪੀ ਯੂ ਨੇ ਕਿਹਾ ਕਿ ਐਲ ਪੀ ਯੂ ਦਾ ਵਿਸ਼ੇਸ਼ ਈ ਐਮ ਬੀ ਏ ਪ੍ਰੋਗਰਾਮ ਵਿਸ਼ਵ ਸਿੱਖਿਆ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਤੋਂ ਇਲਾਵਾ ਆਸਟ੍ਰੇਲੀਆ ਦੇ ਵਿਦਿਆਰਥੀਆਂ ਨੇ ਆਪਣੀ ਅੰਮ੍ਰਿਤਸਰ ਫੇਰੀ ਦੌਰਾਨ ਪੰਜਾਬ ਦੇ ਜੀਵੰਤ ਸੱਭਿਆਚਾਰ ਅਤੇ ਵਿਰਾਸਤ ਬਾਰੇ ਜਾਣਿਆ। ਉਨ੍ਹਾਂ ਨੇ ਹਰਿਮੰਦਰ ਸਾਹਿਬ, ਵਾਗਾ ਬਾਰਡਰ ਅਤੇ ਸਥਾਨਕ ਬਾਜ਼ਾਰਾਂ ਦਾ ਦੌਰਾ ਕੀਤਾ। ਉਨ੍ਹਾਂ ਡਾਂਸ, ਯੋਗਾ ਕਲਾਸਾਂ ਵਿੱਚ ਹਿੱਸਾ ਲਿਆ, ਜਿਸ ਨਾਲ ਉਨ੍ਹਾਂ ਨੂੰ ਸਥਾਨਕ ਭਾਰਤੀ ਸੱਭਿਆਚਾਰ ਦਾ ਅਨੁਭਵ ਕਰਨ ਦਾ ਮੌਕਾ ਮਿਲਿਆ।

# ਪਿੰਡ ਬਜਵਾੜਾ ਕਲਾਂ ਵਿਖੇ ਗੁਰਮਤਿ ਸਮਾਗਮ ਅੱਜ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਬਜਵਾੜਾ ਕਲਾਂ ਗੁਰਦੁਆਰਾ ਸ਼੍ਰੀ ਸਿੰਘ ਸਭਾ ਛਾਉਣੀ ਨਿਹੰਗ ਸਿੰਘਾਂ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀਆਂ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਜਥੇਬੰਦੀ ਵੱਲੋਂ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਮੌਕੇ ਮਹਾਨ ਸਮਾਗਮ 15 ਨਵੰਬਰ ਨੂੰ ਜਥੇਬੰਦੀ ਦੇ ਮੁੱਖ ਸੇਵਾਦਾਰ ਸਿੰਘ ਸਾਹਿਬ ਜਥੇਦਾਰ ਬਾਬਾ ਗੁਰਦੇਵ ਸਿੰਘ ਮੁੱਖੀ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਛਾਉਣੀ ਨਿਹੰਗ ਸਿੰਘਾਂ ਤਰਨਾ ਦਲ ਬਜਵਾੜਾ ਕਲਾਂ ਤਰਨਾ ਦਲ ਬਜਵਾੜਾ ਕਲਾਂ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਬਾਬਾ ਰਾਜਵੀਰ ਸਿੰਘ ਹੁਸ਼ਿਆਰਪੁਰ ਨੇ ਦੱਸਿਆ ਕਿ ਸ਼ਹੀਦੀ ਸਮਾਗਮ ਦੌਰਾਨ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ।ਉਪਰੰਤ ਦੀਵਾਨ ਹਾਲ ਵਿੱਚ ਜਥੇਦਾਰ ਬਾਬਾ ਸਿੰਘ ਸਾਹਿਬ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ, ਭਾਈ ਜਸਵਿੰਦਰ ਸਿੰਘ ਹੈਡ ਗ੍ਰੰਥੀ, ਬਾਬਾ ਹਰਭਜਨ ਸਿੰਘ ਅਮਰੀਕਾ ਵਾਲੇ, ਭਾਈ ਘਰਜੋਤ ਸਿੰਘ ਹੁਸ਼ਿਆਰਪੁਰ,ਭਾਈ ਸਿਮਰਨ ਜੀਤ ਸਿੰਘ-ਭਾਈ ਬਲਜੋਤ ਸਿੰਘ ਕਵੀਸ਼ਰੀ ਚੱਬੇਵਾਲ ਆਦਿ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ।

# ਏ ਡੀ ਸੀ ਦੇ ਭਰੋਸੇ ਪਿੱਛੋਂ ਕਿਸਾਨਾਂ ਨੇ ਧਰਨਾ ਚੁੱਕਿਆ



**ਹੁਸ਼ਿਆਰਪੁਰ ( ਬਲਵੀਰ ਸਿੰਘ ਸੈਣੀ)** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੇ ਝੋਨੇ ਦੀ ਕਾਟ ਨੂੰ ਲੈ ਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਬਾਹਰ ਜੋ ਪੱਕਾ ਮੋਰਚਾ ਆਪਣੀਆਂ ਸਹਿਯੋਗੀ ਜਥੇਬੰਦੀਆਂ ਨੂੰ ਨਾਲ ਲੈ ਕੇ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਲਗਾਇਆ ਗਿਆ ਸੀ, ਉਹ ਧਰਨਾ ਬੀਤੇ ਕੱਲ੍ਹ ਏਡੀਸੀ ਰਾਹੁਲ ਚਾਬਾ ਦੇ ਭਰੋਸਾ ਦੇਣ ਮਗਰੋਂ ਮੁਲਤਵੀ ਕਰ ਦਿੱਤਾ ਗਿਆ। ਇਸ ਮੌਕੇ ਏਡੀਸੀ ਸਾਹਿਬ ਨੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਜਿਸ ਵੀ ਆੜਤੀ ਨੇ ਕੱਟ ਦੇ ਨਾਮ 'ਤੇ ਕਿਸਾਨਾਂ ਦੀ ਲੁੱਟ ਕੀਤੀ ਹੈ ਕਿਸਾਨ ਉਸ ਆੜਤੀ ਦੇ ਖਿਲਾਫ ਦਰਖਾਸਤ ਸਬੰਧਤ ਇਲਾਕਾ ਐਸਡੀਐਮ ਨੂੰ 14 ਨਵੰਬਰ ਤੱਕ ਦੇ ਦੇਣ। ਮਿਤੀ 20 ਨੰਬਰ ਤੱਕ ਕਿਸਾਨਾਂ ਦੇ ਪੈਸੇ ਆੜਤੀਆਂ ਕੋਲੋਂ ਵਾਪਸ ਦਿਵਾਏ ਜਾਣਗੇ ਇਸ ਮੌਕੇ ਪਰਮਜੀਤ ਸਿੰਘ ਭੁੱਲਾ ਨੇ ਕਿਹਾ ਕਿ ਇਹ ਕਿਸਾਨਾਂ ਦੇ ਏਕੇ ਅਤੇ ਸੰਘਰਸ਼ ਦੀ ਵੱਡੀ ਜਿੱਤ ਹੈ, ਜੇਕਰ 20 ਨਵੰਬਰ ਤੱਕ ਸਾਨੂੰ ਇਨਸਾਫ ਨਾ ਮਿਲਿਆ ਤਾਂ 21 ਨਵੰਬਰ ਨੂੰ ਫਿਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ ਦੇ ਬਾਹਰ ਪੱਕਾ ਮੋਰਚਾ ਕਿਸਾਨਾਂ ਮਜ਼ਦੂਰਾਂ ਦੇ ਸਹਿਯੋਗ ਨਾਲ ਲਾਇਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਧੀਰ ਸਿੰਘ, ਦਵਿੰਦਰ ਸਿੰਘ ਕਾਲੋ, ਸਰਪੰਚ ਲਾਭ ਸਿੰਘ, ਨੰਬਰਦਾਰ ਜੀਵਨ ਸਿੰਘ, ਬਲਵੀਰ ਸਿੰਘ, ਅਨੋਖ ਸਿੰਘ, ਕੁਲਦੀਪ ਸਿੰਘ, ਕਮਲਜੀਤ ਸਿੰਘ, ਗੁਰਬਖਸ਼ ਸਿੰਘ, ਕਮਲਜੀਤ ਕੌਰ, ਮਨਜੀਤ ਕੌਰ, ਸੁਸ਼ਮਾ, ਪਰਮਜੀਤ ਕੌਰ, ਸਰਪੰਚ ਸੁਖਜਿੰਦਰ ਸਿੰਘ, ਸਤਨਾਮ ਸਿੰਘ ਔਲਖ ਹਾਜ਼ਰ ਸਨ।

# ਰਾਜੇਸ਼ ਬਾਘਾ ਬ੍ਰਿਟਿਸ਼ ਰਵਿਦਾਸੀਆ ਹੈਰੀਟੇਜ ਫਾਊਂਡੇਸ਼ਨ ਭਾਰਤੀ ਇਕਾਈ ਦੇ ਕੌਮੀ ਪ੍ਰਧਾਨ ਬਣੇ



**ਫਗਵਾੜਾ ( ਡਾ. ਰਮਨ)**- ਬ੍ਰਿਟੇਨ ਅਧਾਰਤ ਸਮਾਜ ਸੇਵੀ ਜਥੇਬੰਦੀ ਬ੍ਰਿਟਿਸ਼ ਰਵਿਦਾਸੀਆ ਹੈਰੀਟੇਜ ਫਾਊਂਡੇਸ਼ਨ ਯੂ.ਕੇ. (ਬੀ ਆਰ ਐਚ ਐਫ ) ਵਲੋਂ ਸੰਤ ਸਤਨਾਮ ਸਿੰਘ ਨਰੂੜ ਅਤੇ ਸੰਤ ਬੇਲਾ ਦਾਸ ਨਰੂੜ ਨੂੰ ਭਾਰਤੀ ਸ਼ਾਖਾ ਦਾ ਸਰਪ੍ਰਸਤ ਨਿਯੁਕਤ ਕੀਤਾ ਹੈ, ਜਦਕਿ ਕਿ ਰਾਜੇਸ਼ ਬਾਘਾ ਨੂੰ ਫਾਊਂਡੇਸ਼ਨ ਦਾ ਆਲ ਇੰਡੀਆ ਪ੍ਰਧਾਨ ਅਤੇ ਬਲਬੀਰ ਰਾਮ ਰਤਨ ਨੂੰ ਅਗਲੇ ਤਿੰਨ ਸਾਲ ਲਈ ਜਨਰਲ ਸਕੱਤਰ (ਭਾਰਤੀ ਸ਼ਾਖਾ) ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਨਿਯੁਕਤੀ ਪੱਤਰ ਉਨ੍ਹਾਂ ਨੂੰ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਓਮ ਪ੍ਰਕਾਸ਼ ਬਾਘਾ ਅਤੇ ਜਨਰਲ ਸਕੱਤਰ ਸਤਪਾਲ ਨੇ ਭੇਟ ਕੀਤੇ। ਉਨ੍ਹਾਂ ਦੇ ਨਾਲ ਵਰਿੰਦਰ ਸ਼ਰਮਾ ਨੂੰ ਭਾਰਤੀ ਸ਼ਾਖਾ ਦੇ ਖਜ਼ਾਨਚੀ ਵਜੋਂ ਸੇਵਾ ਸੰਭਾਲੀ ਗਈ ਹੈ। ਇਸ ਦੌਰਾਨ ਮਹੰਤ ਪੁਰਸ਼ੋਤਮ ਲਾਲ ਅਤੇ ਮਹੰਤ ਗੁਰਵਿੰਦਰ ਸਿੰਘ ਦੀ ਹਾਜ਼ਰੀ ਵਿੱਚ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਓਮ ਪ੍ਰਕਾਸ਼ ਬਾਘਾ ਨੇ ਦੱਸਿਆ ਕਿ ਬ੍ਰਿਟਿਸ਼ ਰਵਿਦਾਸੀਆ ਹੈਰੀਟੇਜ ਫਾਊਂਡੇਸ਼ਨ ਦੀ ਸਥਾਪਨਾ 2019 ਵਿੱਚ ਹੋਈ ਸੀ। ਜਿਸਦਾ ਮੁੱਖ ਦਫਤਰ ਯੂ.ਕੇ. ਵਿੱਚ ਹੈ, ਪਰ ਇਸ ਸੰਸਥਾ ਦੀਆਂ ਗਤੀਵਿਧੀਆਂ ਸਿਰਫ਼ ਯੂ.ਕੇ. ਤੱਕ ਹੀ ਸੀਮਤ ਨਹੀਂ ਹਨ। ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਚਾਨਣਾ ਪਾਉਂਦੇ ਹੋਏ ਵੱਖ-ਵੱਖ ਪ੍ਰੋਗਰਾਮਾਂ ਦਾ ਆਯੋਜਨ ਕਰਨ ਲਈ ਅਕਸਰ ਕਈ ਦੇਸ਼ਾਂ ਦੀ ਯਾਤਰਾ ਕਰਕੇ ਗੁਰੂ ਸਾਹਿਬ ਦੇ ਜੀਵਨ ਫਲਸਫੇ ਅਤੇ ਸਿੱਖਿਆਵਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸੰਸਥਾ ਦੀ ਭਾਰਤੀ ਸ਼ਾਖਾ ਸ਼ੁਰੂ ਕਰਨ ਨਾਲ ਗੁਰੂ ਰਵਿਦਾਸ ਮਹਾਰਾਜ ਦੇ ਭਾਰਤੀ ਪੈਰੋਕਾਰਾਂ ਨੂੰ ਉਨ੍ਹਾਂ ਬਾਰੇ ਹੋਰ ਜਾਣਨ ਲਈ ਇੱਕ ਪਲੇਟਫਾਰਮ ਮੁਹੱਈਆ ਹੋਵੇਗਾ ਅਤੇ ਹੋਰਨਾਂ ਤੱਕ ਭਾਈਚਾਰਕ ਸਾਂਝ ਦੇ ਸੰਦੇਸ਼ ਨੂੰ ਫੈਲਾਉਣ ਅਤੇ ਸਮਾਜਿਕ ਤਾਣੇ-ਬਾਣੇ ਨੂੰ ਮਜ਼ਬੂਤ ?ਕਰਨ ਵਿੱਚ ਵੀ ਮਦਦ ਮਿਲੇਗੀ।

## ਪ੍ਰਭ ਆਸਰਾ ਵਿਖੇ ਦਾਖਲ ਮਰੀਜ਼ ਜਰਨੈਲ ਸਿੰਘ ਦੀ ਹਾਲਤ ਗੰਭੀਰ



**ਕੁਰਾਲ਼ੀ, (ਮੋਹਨ ਅੱਗਰਵਾਲ )** ਕੁਰਾਲੀ ਸ਼ਹਿਰ ਦੀ ਹੱਦ ਵਿਚ ਲਾਵਾਰਿਸ ਲੋਕਾਂ ਦੀ ਸੇਵਾ-ਸੰਭਾਲ਼ ਕਰ ਰਹੀ ਸੰਸਥਾ ਪ੍ਰਭ ਆਸਰਾ ਵਿਖੇ ਦਾਖਲ ਮਰੀਜ ਜਰਨੈਲ ਸਿੰਘ ਦੀ ਹਾਲਤ ਗੰਭੀਰ ਬਣੀ ਹੋਈ ਹੈ। ਜੋ ਹੁਣ ਸੰਸਥਾ ਵੱਲੋਂ ਚਲਾਏ ਜਾ ਰਹੇ ਪ੍ਰਭ ਆਸਰਾ ਮੈਡੀਕਲ ਸੇਵਾ ਸੈਂਟਰ ਚਨਾਲੋਂ ਦੇ ਆਈ.ਸੀ.ਯੂ. ਵਿੱਚ ਮਾਹਿਰ ਡਾਕਟਰਾਂ ਦੀ ਦੇਖ-ਰੇਖ ਹੇਠ ਜੇਰੇ ਇਲਾਜ ਹਨ। ਸੰਸਥਾ ਪ੍ਰਬੰਧਕ ਬੀਬੀ ਰਾਜਿੰਦਰ ਕੌਰ ਨੇ ਦੱਸਿਆ ਕਿ ਜਰਨੈਲ ਸਿੰਘ ਪਿਛਲੇ ਮਹੀਨੇ ਤੋਂ ਪ੍ਰਭ ਆਸਰਾ ਵਿਚ ਰਹਿ ਰਹੇ ਹਨ। ਇਹਨਾਂ ਨੂੰ ਪ੍ਰਭ ਆਸਰਾ ਦੀ ਟੀਮ ਬਚਾਉ ਕਾਰਜ ਕਰਕੇ ਪਿੰਡ: ਪਡਿਆਲਾ (ਕੁਰਾਲ਼ੀ) ਤੋਂ ਲੈ ਕੇ ਆਈ ਸੀ। ਇਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਦਾਖਲੇ ਸਮੇਂ ਹੀ ਬਹੁਤ ਨਾਜ਼ੁਕ ਸੀ। ਮਾਪਿਆਂ ਅਤੇ ਪਤਨੀ ਦੀ ਮੌਤ ਹੋ ਜਾਣ ਕਾਰਨ ਘਰੇ ਧਿਆਨ ਰੱਖਣ ਵਾਲ਼ਾ ਵੀ ਕੋਈ ਨਹੀਂ ਸੀ। ਪਿੰਡ ਦੇ ਕੁਝ ਮੋਹਤਬਰਾਂ ਵੱਲੋਂ ਥਾਣਾ ਕੁਰਾਲ਼ੀ, ਨਗਰ ਕੌਂਸਲ ਪ੍ਰਧਾਨ ਅਤੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਮੋਹਾਲ਼ੀ ਰਾਹੀਂ ਪਹੁੰਚ ਕਰਕੇ ਇਹਨਾਂ ਨੂੰ ਸੰਸਥਾ ਵਿਖੇ ਦਾਖਲ ਕਰਵਾ ਦਿੱਤਾ। ਜਿੱਥੇ ਇਲਾਜ ਅਤੇ ਸਾਂਭ-ਸੰਭਾਲ਼ ਦੇ ਚਲਦਿਆਂ ਇਹਨਾਂ ਦੀ ਸਿਹਤ ਵਿੱਚ ਕਾਫ਼ੀ ਸੁਧਾਰ ਆ ਗਿਆ ਸੀ ਪਰ ਪਿਛਲੇ ਦੋ ਕੁ ਦਿਨ ਤੋਂ ਸਰੀਰਕ ਤੌਰ 'ਤੇ ਜਿਆਦਾ ਕਮਜ਼ੋਰੀ ਮਹਿਸੂਸ ਕਰ ਰਹੇ ਹਨ ਅਤੇ ਭੋਜਨ ਵੀ ਗ੍ਰਹਿਣ ਨਹੀਂ ਕਰ ਪਾ ਰਹੇ। ਪ੍ਰਬੰਧਕਾਂ ਵੱਲੋਂ ਇਨ੍ਹਾਂ ਦੇ ਵਾਰਸਾਂ ਅਤੇ ਜਾਣ-ਪਛਾਣ ਦੇ ਸੱਜਣਾਂ ਨੂੰ ਅਪੀਲ ਕੀਤੀ ਗਈ ਕਿ ਜੇਕਰ ਇਹਨਾਂ ਨੂੰ ਮਿਲਣਾ ਚਾਹੁੰਦੇ ਹੋਣ ਤਾਂ ਪ੍ਰਭ ਆਸਰਾ ਵਿਖੇ ਸੰਪਰਕ ਕਰ ਸਕਦੇ ਹਨ।

## ਅੰਡਰ-17 ਬਾਕਸਿੰਗ ਲੜਕੀਆਂ 'ਚ ਨੈਣਾ ਰਾਣਾ ਬਣੀ ਚੈਂਪੀਅਨ



**ਸ੍ਰੀ ਅਨੰਦਪੁਰ ਸਾਹਿਬ ( ਅਰਵਿੰਦਰ ਸਿੰਘ ਬਿੰਦੀ)**-68ਵੀਆਂ ਪੰਜਾਬ ਰਾਜ ਸਕੂਲ ਖੇਡਾਂ ਬਾਕਸਿੰਗ ਲੜਕੀਆਂ ਜੋ ਕਿ 05 ਤੋਂ 10 ਨਵੰਬਰ ਤੱਕ ਜ਼ੀਰਾ ਫਿਰੋਜ਼ਪੁਰ ਵਿਖੇ ਹੋਈਆਂ, ਵਿਚ ਬਾਕਸਿੰਗ ਸੈਂਟਰ ਸ਼੍ਰੀ ਦਸ਼ਮੇਸ਼ ਮਾਰਸ਼ਲ ਆਰਟਸ ਐਂਡ ਸਪੋਰਟਸ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਦੀ ਨੈਣਾ ਰਾਣਾ ਨੂੰ 48-50 ਕਿਲੋ ਭਾਰ ਵਰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਦਾ ਮਾਣ ਹਾਸਲ ਹੋਇਆ।ਬਾਕਸਿੰਗ ਕੋਚ ਗੁਰਜੀਤ ਕੌਰ ਨੇ ਦੱਸਿਆ ਕਿ ਨੈਣਾ ਰਾਣਾ ਨੇ ਪ੍ਰੀ ਕੁਆਰਟਰ ਵਿਚ ਫਾਜ਼ਿਲਕਾ ਜ਼ਿਲ੍ਹੇ ਦੀ ਬਾਕਸਰ ਨੂੰ ਹਰਾਇਆ, ਕੁਆਰਟਰ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੀ ਬਾਕਸਰ ਨੂੰ ਹਰਾਇਆ ਅਤੇ ਸੈਮੀ ਫਾਈਨਲ ਵਿਚ ਮਲੇਰਕੋਟਲਾ ਜ਼ਿਲ੍ਹੇ ਦੀ ਬਾਕਸਰ ਨੂੰ ਹਰਾ ਕੇ ਫਾਈਨਲ ਵਿੱਚ ਪਠਾਨਕੋਟ ਜ਼ਿਲ੍ਹੇ ਦੀ ਬਾਕਸਰ ਨੂੰ ਹਰਾਇਆ। ਹੁਣ ਨੈਣਾ ਰਾਣਾ ਦਿੱਲੀ ਵਿਖੇ ਹੋਣ ਵਾਲੀਆਂ 68ਵੀਆਂ ਨੈਸ਼ਨਲ ਸਕੂਲ ਖੇਡਾਂ ਬਾਕਸਿੰਗ ਅੰਡਰ-17 ਲੜਕੀਆਂ ਵਿੱਚ 9 ਤੋਂ 15 ਦਸੰਬਰ ਤੱਕ ਭਾਗ ਲਵੇਗੀ।ਇਸ ਮੌਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਜ਼ਿਲ੍ਹਾ ਖੇਡ ਅਫ਼ਸਰ ਜਗਜੀਵਨ ਸਿੰਘ, ਅਕੈਡਮੀ ਦੇ ਫੁੱਟਬਾਲ ਕੋਚ ਅਮਰਜੀਤ ਸਿੰਘ, ਅਥੈਟਿਕਸ ਕੋਚ ਜਗਬੀਰ ਸਿੰਘ, ਹਰਬਿੰਦਰ ਸਿੰਘ, ਦਰਪਾਲ ਸਿੰਘ, ਹੋਸਟਲ ਵਾਰਡਨ ਮਨਿਦਰਵੀਰ ਸਿੰਘ, ਓਲੰਪੀਅਨ ਰਣਜੀਤ ਸਿੰਘ ਅਤੇ ਸਮੂਹ ਇਲਾਕਾ ਨਿਵਾਸੀਆਂ ਨੇ ਗੁਰਜੀਤ ਕੌਰ ਬਾਕਸਿੰਗ ਕੋਚ ਅਤੇ ਰੂਪਨਗਰ ਜ਼ਿਲ੍ਹੇ ਦੇ ਟੀਮ ਇੰਚਾਰਜ ਡੀ ਪੀ ਈ ਸੁਮਨ ਨੂੰ ਵਧਾਈ ਦਿੱਤੀ ਹੈ।

## ਰੇਲ ਗੱਡੀ ਦੀ ਲਪੇਟ 'ਚ ਆਉਣ ਕਾਰਨ ਇੱਕ ਵਿਅਕਤੀ ਦੀ ਮੌਤ

**ਫਿਲੌਰ (ਨਿਰਮਲ)** ਫਿਲੌਰ ਨੇੜੇ ਰੇਲ ਗੱਡੀ ਦੀ ਲਪੇਟ ਵਿੱਚ ਆਉਣ ਕਾਰਨ ਇਕ 40-45 ਸਾਲਾ ਮੋਨੇ ਵਿਅਕਤੀ ਦੀ ਮੌਤ ਹੋ ਗਈ। ਰੇਲਵੇ ਪੁਲਸ ਚੌਂਕੀ ਫਿਲੌਰ ਦੇ ਥਾਣੇਦਾਰ ਜਗਦੀਪ ਸਿੰਘ ਨੇ ਦੱਸਿਆ ਕਿ ਲਾਸ਼ ਦੀ ਪਹਿਚਾਣ ਨਹੀਂ ਹੋ ਸਕੀ। ਮ੍ਰਿਤਕ ਨੇ ਮਹਿੰਦੀ ਰੰਗ ਦੀ ਟੀ ਸ਼ਰਟ ਅਤੇ ਚਿੱਟੇ ਰੰਗ ਦਾ ਪਜਾਮਾ ਪਾਇਆ ਸੀ। ਲਾਸ਼ ਬੁਰੀ ਤਰ੍ਹਾਂ ਕੱਟੀ ਗਈ। ਲਾਸ਼ 72 ਘੰਟੇ ਲਈ ਪਹਿਚਾਣ ਵਾਸਤੇ ਸਿਵਲ ਹਸਪਤਾਲ ਫਿਲੌਰ ਦੇ ਲਾਸ਼ ਘਰ ਵਿੱਚ ਰੱਖ ਕੇ ਮ੍ਰਿਤਕ ਦੇ ਵਾਰਸਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਜਾਰੀ ਹੈ। ਥਾਣੇਦਾਰ ਨੇ ਇਹ ਵੀ ਦੱਸਿਆ ਕਿ ਮ੍ਰਿਤਕ ਦੇ ਸੱਜੇ ਹੱਥ ਤੇ ਸ਼ੁਭ ਲਾਭ ਦਾ ਟੈਟੂ ਬਣਿਆ ਹੋਇਆ ਹੈ

# ਗਰੀਬ ਵਰਗ ਲਈ ਸਰਕਾਰ ਦੇਵੇ ਕੋਈ ਵਿਸ਼ੇਸ਼ ਪੈਕੇਜ਼ : ਬੰਟੀ ਕੰਧੋਲਾ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**: ਬਲਾਕ ਪ੍ਰਧਾਨ ਸੁਰਿੰਦਰ ਪਾਲ ਸਿੰਘ ਬੰਟੀ ਕੰਧੋਲਾ ਭਾਰਤੀਆ ਵਾਲਮੀਕਿ ਸਭਾ ਸ੍ਰੀ ਚਮਕੌਰ ਸਾਹਿਬ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਨੂੰ ਗਰੀਬ ਵਰਗ ਨੂੰ ਕੋਈ ਵਿਸ਼ੇਸ਼ ਪੈਕੇਜ ਦੇਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੀ ਜ਼ਿੰਦਗੀ ਵੀ ਇਸ ਮਹਿੰਗਾਈ ਦੇ ਯੁੱਗ ਵਿੱਚ ਸੁਖਾਲੀ ਚੱਲ ਸਕੇ. ਕਿਉਂਕਿ ਅੱਜ ਦੇ ਸਮੇਂ ਮਹਿੰਗਾਈ ਨੇ ਗਰੀਬ ਵਰਗ ਦਾ ਲੱਕ ਤੋੜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਬਣੀ ਨੂੰ ਲੱਗਭੱਗ ਤਿੰਨ ਸਾਲ ਹੋ ਗਏ ਹਨ ਪਰ ਸਰਕਾਰ ਦੇ ਬਦਲਾਅ ਦੀ ਗੱਲ ਗਰੀਬਾਂ ਲਈ ਜੱਟ ਜੱਟਾ ਦੇ ਤੇ ਭੋਲੂ ਨਰੈਣ ਦਾ ਵਾਲੀ ਹੋਈ ਪਈ ਹੈ। ਹੁਣ ਤੱਕ ਸਰਕਾਰ ਨੇ ਗਰੀਬ ਵਰਗ ਨੂੰ ਕੋਈ ਵਿਸ਼ੇਸ਼ ਪੈਕੇਜ਼ ਨਹੀਂ ਦਿੱਤਾ ਅਤੇ ਲਾਰਿਆਂ ਵਿੱਚ ਹੀ ਡੰਗ ਟਪਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਨੂੰ ਗਰੀਬ ਵਰਗ ਦੇ ਕਰਜ਼ੇ ਵੀ ਸਰਮਾਏਦਾਰਾਂ ਦੀ ਤਰਜ਼ 'ਤੇ ਮਾਫ਼ ਕਰਨੇ ਚਾਹੀਦੇ ਹਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਕਿ ਬੁਢਾਪਾ ਪੈਨਸ਼ਨ ਵੀ 1500 ਰੁਪਏ ਮਹੀਨੇ ਤੋਂ ਵਧਾ ਕੇ 3000 ਰੁਪਏ ਮਹੀਨਾ ਅਤੇ ਸ਼ਗਨ ਸਕੀਮ ਵੀ ਵਧਾ ਕੇ 51000 ਰੁਪਏ ਕਰਨੀ ਚਾਹੀਦੀ ਹੈ ਤਾਂ ਕਿ ਗਰੀਬ ਬੰਦਿਆਂ ਦੀ ਜ਼ਿੰਦਗੀ ਵੀ ਕੁੱਝ ਸੌਖੀ ਲੰਘ ਸਕੇ।

# ਭਗਵਾਨ ਵਾਲਮੀਕਿ ਸਤਿਸੰਗ ਸ਼ਰਧਾ ਨਾਲ ਕਰਵਾਇਆ

**ਅੱਪਰਾ (ਨਿਰਮਲ ਗੁੜਾ)**-ਭਗਵਾਨ ਵਾਲਮੀਕਿ ਸਤਿਸੰਗ ਕਮੇਟੀ ਅਤੇ ਅੰਬੇਡਕਰ ਸ਼ਕਤੀ ਦੱਲ ਪੰਜਾਬ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਅੱਪਰਾ ਵਿਖੇ ਭਗਵਾਨ ਵਾਲਮੀਕਿ ਜੀ ਦਾ ਸਤਿਸੰਗ ਕਰਵਾਇਆ ਗਿਆ।

ਸਤਿਸੰਗ ਵਿੱਚ ਕੌਮੀ ਕਲਾਕਾਰ ਲਕਸ਼ ਕੋਟੀ, ਸਨੀ ਕਟਾਰੀਆ, ਲਵਨ ਕਲਿਆਣ, ਵਿੱਕੀ ਕਲਿਆਣ, ਸਲੀਮ ਗਿੱਲ, ਵਿਜੇ ਸੂਫੀ ਵਿਸ਼ੇਸ਼ ਤੌਰ 'ਤੇ ਪੁੱਜੇ ਅਤੇ ਭਗਵਾਨ ਵਾਲਮੀਕਿ ਜੀ ਦੇ ਜੀਵਨ ਤੇ ਗੁਣਗਾਨ ਕਰਦਿਆਂ ਕਿਹਾ ਕਿ ਵਾਲਮੀਕਿ ਮਹਾਰਾਜ ਨੇ ਸਮਾਜ ਨੂੰ ਵੱਧ ਤੋਂ ਵੱਧ ਵਿਦਿਆ ਹਾਸਲ ਕਰਕੇ ਨਿਧੱੜਕ ਹੋ ਕੇ ਨਸ਼ਾ ਰਹਿਤ ਜ਼ਿੰਦਗੀ ਬਤੀਤ ਕਰਨ ਲਈ ਪ੍ਰੇਰਿਤ ਕੀਤਾ ਹੈ। ਸਮਾਗਮ ਵਿੱਚ ਚੌਧਰੀ ਯਸ਼ਪਾਲ, ਰਾਜਨ ਘਈ, ਤਰਸੇਮ ਚੌਧਰੀ, ਵਿਨੋਧ ਗਿੱਲ, ਵਿੱਕੀ ਰਹੌਲਾ ਵਿਸ਼ੇਸ਼ ਤੌਰ 'ਤੇ ਪੁੱਜਣ ਲਈ ਪ੍ਰਬੰਧਕਾਂ ਵਲੋਂ ਜੀ ਅਇਆਂ ਅਖਿਆ ਗਿਆ। ਭਗਵਾਨ ਵਾਲਮੀਕਿ ਸਤਿਸੰਗ ਕਮੇਟੀ ਅਤੇ ਅੰਬੇਡਕਰ ਸ਼ਕਤੀ ਦੱਲ ਪੰਜਾਬ ਦੇ ਪ੍ਰਧਾਨ ਗੋਲਡੀ ਨਾਹਰ, ਮੈਂਬਰ ਸਹਿਵਾਨ ਪਵਨ ਨਾਹਰ, ਬੁੱਗਾ ਮੱਟੂ, ਰਾਜਾ ਨਾਹਰ, ਲਾਡੀ ਗਿੱਲ, ਬਬਰੀਕ ਨਾਹਰ, ਬੁੱਲੇ ਸ਼ਾਹ, ਧੀਰਜ ਕਲਿਆਣ, ਆਕਾਸ਼, ਗੋਪਾਲ ਕ੍ਰਿਸ਼ਨ ਮੱਟੂ, ਗੌਰਵ ਕਲਿਆਣ, ਸੰਦੀਪ ਕਲਿਆਣ ਅਤੇ ਨਗਰ ਨਿਵਾਸੀ ਹਾਜ਼ਰ ਸਨ।

# 2 ਹਜ਼ਾਰ ਕਰੋੜ ਰੁਪਏ ਤੋਂ ਵੱਧ ਝੋਨੇ ਦਾ ਭੁਗਤਾਨ ਕੀਤਾ ਜਾ ਚੁੱਕਾ : ਅਗਰਵਾਲ

**ਜਲੰਧਰ, (ਇਕਬਾਲ ਸਿੰਘ ਉਭੀ)**-ਜ਼ਿਲ੍ਹੇ ਵਿੱਚ ਝੋਨੇ ਦਾ ਭੁਗਤਾਨ 2 ਹਜ਼ਾਰ ਕਰੋੜ ਰੁਪਏ ਨੂੰ ਪਾਰ ਕਰ ਗਿਆ ਹੈ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਲਿਫਟਿੰਗ ਵੀ ਰੋਜ਼ਾਨਾ 34 ਹਜ਼ਾਰ ਮੀਟਰਕ ਟਨ ਤੋਂ ਵੱਧ ਕਰਵਾਈ ਜਾ ਰਹੀ ਹੈ। ਬੀਤੇ ਦਿਨ ਕੇਵਲ ਇੱਕ ਹੀ ਦਿਨ ਵਿੱਚ ਰਿਕਾਰਡ 35,078 ਮੀਟਰਕ ਟਨ ਲਿਫ਼ਟਿੰਗ ਕਰਵਾਈ ਗਈ, ਜੋ ਪਿਛਲੇ ਸਾਲ ਨਾਲੋਂ ਸਭ ਤੋਂ ਵੱਧ ਲਿਫਟਿੰਗ ਸੀ। ਅੱਜ ਵੀ 34 ਹਜ਼ਾਰ ਮੀਟਰਕ ਟਨ ਤੋਂ ਵੱਧ ਝੋਨੇ ਦੀ ਚੁਕਾਈ ਹੋਈ।ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਹੁਣ ਤੱਕ ਕਿਸਾਨਾਂ ਨੂੰ ਖ਼ਰੀਦ ਕੀਤੇ ਗਏ ਝੋਨੇ ਦੀ 2017 ਕਰੋੜ ਰੁਪਏ ਦੀ ਅਦਾਇਗੀ ਯਕੀਨੀ ਬਣਾਈ ਜਾ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 9,02,644 ਮੀਟਰਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿੱਚੋਂ 8,96,749 ਮੀਟਰਕ ਟਨ ਝੋਨੇ ਦੀ ਵੱਖ-ਵੱਖ ਖ਼ਰੀਦ ਏਜੰਸੀਆਂ ਵੱਲੋਂ ਖ਼ਰੀਦ ਕੀਤੀ ਜਾ ਚੁੱਕੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਭਰ ਦੀਆਂ ਸਾਰੀਆਂ ਮੰਡੀਆਂ ਵਿੱਚ ਝੋਨੇ ਦੀ ਤੇਜ਼ੀ ਨਾਲ ਲਿਫਟਿੰਗ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ਅਤੇ ਹੁਣ ਤੱਕ 5,30,209 ਮੀਟਰਕ ਟਨ ਝੋਨੇ ਦੀ ਲਿਫ਼ਟਿੰਗ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਝੋਨੇ ਦੀ ਲਿਫਟਿੰਗ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ।ਡਾ. ਅਗਰਵਾਲ ਨੇ ਪੰਜਾਬ ਸਰਕਾਰ ਦੀ ਕਿਸਾਨਾਂ ਦੀ ਫ਼ਸਲ ਦਾ ਇਕ-ਇਕ ਦਾਣਾ ਖ਼ਰੀਦਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਖਰੀਦ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਕੋਈ ਕਮੀ ਨਹੀਂ ਛੱਡੀ ਜਾਵੇਗੀ।

# ਪੰਜਾਬ ਦੀਆਂ ਚਾਰੇ ਜ਼ਿਮਨੀ ਚੋਣਾਂ 'ਚ ਭਾਜਪਾ ਵੱਡੀ ਜਿੱਤ ਦਰਜ ਕਰੇਗੀ : ਜੱਸਲ

**ਅਲਾਵਲਪੁਰ (ਪਰਮਜੀਤ ਸਿੰਘ)** ਚੱਬੇਵਾਲ ਵਿਧਾਨ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਸੋਹਣ ਸਿੰਘ ਠੰਡਲ ਦੀ ਜਿੱਤ ਸਮੇਤ ਪੰਜਾਬ ਦੀਆਂ ਚਾਰੋਂ ਵਿਧਾਨ ਸਭਾ ਜ਼ਿਮਨੀ ਚੋਣਾਂ ਵਿੱਚ ਭਾਜਪਾ ਜਿੱਤ ਦਰਜ ਕਰਨ ਜਾ ਰਹੀ ਹੈ।ਇਹ ਸ਼ਬਦ ਚੱਬੇਵਾਲ ਹਲਕੇ ਦੇ ਭਾਜਪਾ ਮੰਡਲ ਭਾਮ ਦੇ ਸਹਿ ਇੰਚਾਰਜ ਜਗਦੀਸ਼ ਜੱਸਲ ਨੇ ਕਹੇ। ਉਨ੍ਹਾਂ ਕਿਹਾ ਕਿ ਭਾਮ ਮੰਡਲ ਦੇ ਇੰਚਾਰਜ ਸਾਬਕਾ ਸੰਸਦ ਮੈਂਬਰ ਸੁਸ਼ੀਲ ਰਿੰਕੂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੀ ਟੀਮ ਭਾਮ ਮੰਡਲ ਵਿੱਚ ਚੋਣ ਪ੍ਰਚਾਰ ਵਿੱਚ ਜੁਟੀ ਹੋਈ ਹੈ। ਭਾਜਪਾ ਵਰਕਰ ਘਰ-ਘਰ ਜਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵੱਲੋਂ ਸਮਾਜ ਦੇ ਹਰ ਵਰਗ ਲਈ ਕੀਤੇ ਕੰਮਾਂ ਬਾਰੇ ਲੋਕਾਂ ਨੂੰ ਦੱਸਣ ਅਤੇ ਭਾਜਪਾ ਉਮੀਦਵਾਰ ਸੋਹਣ ਸਿੰਘ ਠੰਡਲ ਦੇ ਹੱਕ ਵਿੱਚ ਵੋਟਾਂ ਪਾ ਕੇ ਪੰਜਾਬ ਨੂੰ ਸੁਰੱਖਿਅਤ ਕਰਨ ਦੀ ਅਪੀਲ ਕਰ ਰਹੇ ਹਨ।


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਹੈਡਕੁ. ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 02.12.2024 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਖੁਲ੍ਹਾ | ਨਿਵਿਦਾ ਅਨੁਭਾਗ | ਕੰਮ | ਬੋਲੀ ਪ੍ਰਣਾਲੀ | ਸਿੰਗਲ ਪੈਕੇਟ ਪ੍ਰਣਾਲੀ |
|---|---|---|---|---|---|
| ਨਿਵਿਦਾ ਅਪਲੋਡ ਕਰਨ ਦੀ ਮਿਤੀ | 08.11.2024 | ਬੋਲੀ ਸ਼ੁਰੂ ਦੀ ਮਿਤੀ | 18.11.2024 | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ | 02.12.2024 ਨੂੰ 15:00 ਵਜੇ |

| ਲ. ਨੰ. | ਨਿਵਿਦਾ ਨੰ.ਮਿਤੀ | ਨਿਵਿਦਾ ਦਾ ਵੇਰਵਾ |
|---|---|---|
| 1. | 204-2024-25-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜ਼ਪੁਰ ਦੇ ਤਹਿਤ ਕੋਟਕਪੁਰਾ-ਫਾਜਿਲਕਾ ਸੈਕਸ਼ਨ ਦੇ ਤਹਿਤ ਰੇਲਵੇ ਟ੍ਰੈਕ ਦੇ ਹੇਠਾਂ ਕਿਮੀ 63/4-5 ਤੇ 700 ਮਿਲੀਮੀਟਰ ਅੰਦਰੂਨੀ ਵਿਆਸ ਵਾਲੀ ਡੀ.ਆਈ. ਤੋਂ ਗੁਜਰਨ ਵਾਲੀ ਅਨਕੇਸਿੰਗ ਪਾਈਪ ਕੇ-7 ਅਤੇ 900 ਮਿਲੀਮੀਟਰ ਅੰਦਰੂਨੀ ਵਿਆਸ ਐਮ.ਐਸ. ਹੇਵੀ ਡਯੂਟੀ ਕੇਸਿੰਗ ਪਾਈਪ ਦੇ ਤਹਿਤ 500 ਮਿਲੀਮੀਟਰ ਅੰਦਰੂਨੀ ਵਿਆਸ ਵਾਲੀ ਪਾਣੀ ਸਪਲਾਈ ਪਾਈਪ ਲਾਈਨ ਨੂੰ ਪਾਰ ਕਰਨ ਦਾ ਕੰਮ। |

| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| ₹22,03,123.47 | ₹44,100/- | 60 ਦਿਨ | 04 ਮਹੀਨੇ |

ਸਮਾਨ ਨੇਚਰ ਦਾ ਕੰਮ - ''ਕੋਈ ਵੀ ਨਹੀਂ''।

| ਲ. ਨੰ. | ਨਿਵਿਦਾ ਨੰ.ਮਿਤੀ | ਨਿਵਿਦਾ ਦਾ ਵੇਰਵਾ |
|---|---|---|
| 2. | 222-2024-25-ADEN-2-FZR | ਮੰਡਲ ਈਂਜਨੀਅਰ-ਹੈਡਕੁਆਟਰ/ਫਿਰੋਜ਼ਪੁਰ ਦੇ ਤਹਿਤ ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਫਿਰੋਜ਼ਪੁਰ ਦੇ ਅਨੁਭਾਗ ਵਿਚ ਸੜਕ ਦੀ ਸਤਹਾ, ਸਪੀਡ ਬ੍ਰੇਕਰ ਸਮੇਤ ਲੇਵਲ ਕ੍ਰਾਸਿੰਗ ਦੀ ਮੁਰੰਮਤ ਅਤੇ ਰਖਰਖਾਅ ਦਾ ਕੰਮ। |

| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| ₹53,96,618.31 | ₹1,07,900/- | 60 ਦਿਨ | 10 ਮਹੀਨੇ |

ਸਮਾਨ ਨੇਚਰ ਦਾ ਕੰਮ - ''ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ।

| ਲ. ਨੰ. | ਨਿਵਿਦਾ ਨੰ.ਮਿਤੀ | ਨਿਵਿਦਾ ਦਾ ਵੇਰਵਾ |
|---|---|---|
| 3. | 234-2024-25-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜ਼ਪੁਰ ਦੇ ਤਹਿਤ 01 ਨਗ ਦੇ ਪ੍ਰਾਵਧਾਨ ਦੇ ਅਧਿਕਾਰ ਖੇਤਰ ਵਿਚ ਪੰਪ ਹਾਊਸ, ਬੋਰ ਅਤੇ ਪੰਪ ਦੇ ਨਾਲ ਪਲੰਬਿੰਗ ਪਾਈਪ ਦੇ ਨਾਲ ਪੁਰਾਣੇ ਪਰਿਤਯਕਤ ਸਟੀਲ ਓਐਚ ਜਲ ਭੰਡਾਰਨ ਟੈਂਕ ਦੇ ਬਦਲੇ ਜੀਐਨਏ ਵਿਚ 100 ਕੇਐਲ ਆਰਸੀਸੀ ਓਐਚ ਪਾਣੀ ਦੀ ਟੰਕੀ ਅਤੇ ਫਿਰੋਜ਼ਪੁਰ ਵਿਚ 225 ਕੇਐਲ ਦੀ 1 ਨਗ ਸਮਰਥਾ ਦਾ ਕੰਮ। |

| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| ₹1,63,20,668.78 | ₹2,31,600/- | 60 ਦਿਨ | 06 ਮਹੀਨੇ |

ਸਮਾਨ ਨੇਚਰ ਦਾ ਕੰਮ: ''ਪ੍ਰਬਲਿਤ ਸੀਮੇਂਟ ਕੰਕ੍ਰੀਟ ਚਵਰ ਹੇਡ ਟੈਂਕ/ਆਰਸੀਸੀ ਫ੍ਰੇਮ ਸੰਰਚਨਾ ਦੀ ਉਸਾਰੀ/ਮੁਰੰਮਤ''।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਨੰ.: 204-2024-25-ADEN-1-FZR, 222-2024-25-ADEN-2-FZR, 234-2024-25-ADEN-1-FZR ਤਾਰੀਕ 11.11.2024 3497/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।

ਸਿੱਖ ਧਰਮ ਦੇ ਬਾਨੀ ਪਹਿਲੇ ਪਾਤਸ਼ਾਹ

ਸ੍ਰੀ ਗੁਰੂ ਨਾਨਕ ਦੇਵ ਜੀ ਦੇ

ਪ੍ਰਕਾਸ਼ ਗੁਰਪੁਰਬ ਦੀਆਂ

ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ

ਹਾਰਦਿਕ ਵਧਾਈਆਂ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਉਪਦੇਸ਼ਾਂ ਰਾਹੀਂ ਮਨੁੱਖਤਾ ਨੂੰ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪੱਖ ਤੋਂ ਕ੍ਰਾਂਤੀਕਾਰੀ ਅਗਵਾਈ ਦਿੱਤੀ। ਆਪ ਜੀ ਦੀ ਅੰਮ੍ਰਿਤਮਈ ਵਿਚਾਰਧਾਰਾ ਮਨੁੱਖਤਾ ਦੇ ਖੁਸ਼ਹਾਲ ਜੀਵਨ ਦਾ ਮਾਰਗ ਹੈ। ਗੁਰੂ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਮੌਕੇ ਸੰਗਤਾਂ ਨੂੰ ਅਪੀਲ ਹੈ ਕਿ ਆਓ, ਗੁਰੂ ਪਾਤਸ਼ਾਹ ਜੀ ਦੀਆਂ ਸਿਖਿਆਵਾਂ ਅਨੁਸਾਰ ਜੀਵਨ ਬਤੀਤ ਕਰਨ ਦਾ ਪ੍ਰਣ ਕਰੀਏ।

-ਗੁਰੂ ਪੰਥ ਦਾ ਦਾਸ-

ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜਾਰੀ ਕਰਤਾ: ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।



## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ ਰੁ. | ਬਿਆਨਾ ਰਾਸ਼ੀ (ਰੁ.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|
| 251-ਬਿਜਲੀ-T-44-2024-25 | ਫਿਰੋਜ਼ਪੁਰ ਡਵੀਜਨ ਦੇ ਐਲਡੀਐਚ-ਜੇਯੂਸੀ ਸੈਕਸ਼ਨ ਤੇ ਆਟੋਮੈਟਿਕ ਬਲਾਕ ਸਿਗਨਲਿੰਗ ਦੇ ਪ੍ਰਾਵਧਾਨ ਦੇ ਸਬੰਧ ਵਿਚ ਬਿਜਲੀ ਕੰਮ। | ₹ 59,49,819.70 | ₹ 1,19,000.00 | 06 ਮਹੀਨੇ | 04.12.2024 17:00 ਵਜੇ ਦੇ ਬਾਅਦ | www.ireps.gov.in |

ਨੰ.:- 251-ਬਿਜਲੀ-ਟੀ ਨੋਟਿਸ ਨੰ. 37/ਬਿਜਲੀ-2024-25 ਮਿਤੀ 13.11.2024 3530/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ ਮਾ.ਭਾ. ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR24-72 | 27.11.2024 ਨੂੰ 11:00 ਵਜੇ | ਗੱਡੀ ਨੰਬਰ/ਐਸਐਲਆਰ ਡੱਬੇ ਵਿਚ ਪਾਰਸਲ ਸਥਾਨ ਪੱਟੇ ਤੇ ਦੇਣ ਦੇ ਲਈ ਠੇਕੇ ਦਾ ਅਲਾਟਮੈਂਟ: 14601/F1, 12030/F1, 12412/F1, 12032/F1, 14601/F2,14601/R1, 12014/F1, 14604/F1, 12242/F1, 14505/F1, 14650/F1, 14618/F1, 14624/F1, 19326/F1 & 14028/F2. |
| EAFZR-SLR24-73 | 28.11.2024 ਨੂੰ 11:00 ਵਜੇ | ਗੱਡੀ ਨੰਬਰ/ਐਸਐਲਆਰ ਡੱਬੇ ਵਿਚ ਪਾਰਸਲ ਸਥਾਨ ਪੱਟੇ ਤੇ ਦੇਣ ਦੇ ਲਈ ਠੇਕੇ ਦਾ ਅਲਾਟਮੈਂਟ: 14634/F2, 14633/R1, 14634/F1, 14508/R1, 14634/R1, 14614/R1, 14614/F1, 12474/F1, 14034/F1 & 12266/F1. |
| EAFZR-SLR24-74 | 29.11.2024 ਨੂੰ 11:00 ਵਜੇ | ਗੱਡੀ ਨੰਬਰ/ਐਸਐਲਆਰ ਡੱਬੇ ਵਿਚ ਪਾਰਸਲ ਸਥਾਨ ਪੱਟੇ ਤੇ ਦੇਣ ਦੇ ਲਈ ਠੇਕੇ ਦਾ ਅਲਾਟਮੈਂਟ:22430/F1, 14508/F2, 14633/F2, 14654/F2, 14508/F1, 14654/F1 & 22486/F1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 3532/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## PAOS INDUSTRIES LTD.

REGD. & CORPORATE OFFICE : VILLAGE PAWA, G.T. ROAD, LUDHIANA-141 120

CIN: L24100PB1990PLC049032, Ph: +91-161-5220000.

Email: paosindustriesltd@gmail.com, Website: www.paosindustries.in

EXTRACT OF STANDALONE UN-AUDITED FINANCIAL RESULTS FOR THE QUARTER AND HALF YEAR ENDED 30TH SEPTEMBER, 2024 (INR Lakhs)

| Sr. No. | Particulars | Quarter ended 30.09.2024 | Quarter ended 30.09.2023 | Half Year ended 30.09.2024 | Half Year ended 30.09.2023 | Year ended 31.03.2024 |
|---|---|---|---|---|---|---|
| 1. | Total Income from operations | 2039.28 | 0.00 | 0.00 | 0.00 | 0.00 |
| 2. | Net Profit/(Loss) for the period (before Tax, Exceptional and/or Extraordinary items) | 100.61 | (6.69) | 88.61 | (16.13) | (29.60) |
| 3. | Net Profit/(Loss) for the period before Tax (After Extraordinary items) | 100.61 | (6.69) | 88.61 | (16.13) | (29.60) |
| 4. | Net Profit/(Loss) for the period after Tax (After Extraordinary items) | 156.68 | (6.69) | 88.61 | (16.13) | (29.60) |
| 5. | Equity Share Capital | 610.36 | 610.36 | 610.36 | 610.36 | 610.36 |
| 6. | Total comprehensive for the period (comprising profit/(loss) after other comprehensive income | 0.00 | 0.00 | 0.00 | 0.00 | 0.00 |
| 7. | Reserves (excluding Revaluation Reserve) as shown in the audited balance sheet of the previous year ended (31/03/2024) | | | | | (1890.01) |
| 8. | Earnings Per Share (of Rs. 10/-each) | | | | | |
| | a) Basic | 2.57 | (0.20) | 2.37 | (0.26) | (0.48) |
| | b) Diluted | 2.57 | (0.20) | 2.37 | (0.26) | (0.48) |

Notes : (i) The above is an extract of the detailed format of Quarterly/Half Yearly Financial Results filed with the Stock Exchanges under Regulation 33 of the SEBI (Listing and Other Disclosure Requirements) Regulations, 2015. The full format of the Quarterly/half Yearly Results are available on the BSE Website i.e. www.bseindia.com and Company's Website i.e. www.paosindustries.in (ii) The figures of previous have been reclassified and regrouped wherever necessary.

For PAOS INDUSTRIES LIMITED
Sd/-
Sanjeev Bansal
(Managing Director)

PLACE : LUDHIANA
DATE : 14-11-2024



## BHANDARI HOSIERY EXPORTS LIMITED

Regd. Office: Bhandari House, Village Meharban, Rahon Road, Ludhiana-141007 (Punjab) (India) Ph. 88720-16410, FAX 0161-2690394 CIN: L17115PB1993PLC013930

E-mail : bhandari@bhandariexport.com; web: www.bhandariexport.com

STANDALONE UN-AUDITED FINANCIAL RESULTS FOR THE QUARTER AND HALF YEAR ENDED 30.09.2024 (INR LAKHS)

| Sr. No. | Particulars | Quarter ended 30.09.2024 (Un-audited) | Quarter ended 30.06.2024 (Un-audited) | Quarter ended 30.09.2023 (Un-audited) | Half Year ended 30.09.2024 (Un-audited) | Half Year ended 30.09.2023 (Un-audited) | Year ended 31.03.2024 (Audited) |
|---|---|---|---|---|---|---|---|
| 1 | Total income from operations | 6835.43 | 5805.86 | 6352.49 | 12641.29 | 11763.72 | 26705.58 |
| 2 | Net Profit / (Loss) for the period (before Tax, Exceptional and/or Extraordinary items) | 231.75 | 190.71 | 226.37 | 422.46 | 394.24 | 873.53 |
| 3 | Net Profit / (Loss) for the period before tax (after Extraordinary items) | 231.75 | 190.71 | 226.37 | 422.46 | 394.24 | 873.53 |
| 4 | Net Profit / (Loss) for the period after tax (after Extraordinary items) | 166.99 | 142.71 | 168.40 | 309.70 | 312.24 | 653.35 |
| 5 | Paid up Equity Share Capital (Face Value of Rs. 1/- each) | 2400.49 | 1634.38 | 1465.27 | 2400.49 | 1465.27 | 1634.38 |
| 6 | Total comprehensive income for the period (comprising profit/loss for the period and other comprehensive income (After Tax) | 166.99 | 142.71 | 168.40 | 309.70 | 312.24 | 643.91 |
| 7 | Reserves (excluding Revaluation Reserve) as shown in the Audited Balance Sheet of the previous year ended 31.03.2024 | - | - | - | - | - | 8324.33 |
| 8 | Earnings Per Share (of Rs. 1/- each) | | | | | | |
| | Basic : | 0.07 | 0.09 | 0.11 | 0.13 | 0.21 | 0.40 |
| | Diluted : | 0.07 | 0.09 | 0.11 | 0.13 | 0.21 | 0.42 |

Notes : 1. The above Unaudited Financial Results for the Quarter and Half Year ended 30.09.2024 have been reviewed by the Audit Committee and approved by the Board of Directors on 14th November, 2024. These results have been prepared in accordance with Indian Accounting Standards ('Ind AS') prescribed under Section 133 of the Companies Act, 2013 read with relevant rules thereunder and in terms of Regulation 33 of the SEBI (Listing Obligations & Disclosure Requirements) Regulations 2015 as amended. 2. The review report of the Statutory Auditors is being filed with the BSE Limited and NSE Limited. For more details on Unaudited Financial Results, visit Company's Website i.e. www.bhandariexport.com. and financial results at corporate section at www.bseindia.com and www.nseindia.com. 3. The Group is engaged in the Single operating segment 'Textiles'. 4. The above is an extract of the detailed format of unaudited Financial Results for Quarter and Half Year ended 30th September, 2024 filed with Stock Exchanges under Regulation 33 of the SEBI (Listing Obligations & Disclosure Requirements) Regulations 2015. The full format of the abovesaid Financial Results are available on the Stock Exchange websites, www.nseindia.com and www.bseindia.com and on the Company's website www.bhandariexport.com

For Bhandari Hosiery Exports Limited
Sd/-
Nitin Bhandari
Chairman & Managing Director
(DIN: 01385065)

Dated : 14.11.2024
Place : Ludhiana


# ਗੁਰਦੇਵ ਸਿੰਘ ਸਰੀਰ ਦਾਨ ਸਹੁੰ ਪੱਤਰ ਭਰ ਕੇ ਸਮਾਜ ਲਈ ਬਣੇ ਪ੍ਰੇਰਣਾ ਸਰੋਤ : ਸੰਜੀਵ ਅਰੋੜਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਨੇਤਰਦਾਨ ਅਤੇ ਸਰੀਰਦਾਨ ਪ੍ਰਤੀ ਜਾਗਰੂਕਤਾ ਹੀ ਕੋਰਨੀਆਂ ਬਲਾਈਂਡਨੈਸ ਨੂੰ ਦੂਰ ਕਰਕੇ ਪੀੜਤਾਂ ਨੂੰ ਨਵੀਂ ਰੋਸ਼ਨੀ ਅਤੇ ਮੈਡੀਕਲ ਸਾਇੰਸ ਨੂੰ ਬੜਾਵਾ ਦੇਣ ਦਾ ਸਭ ਤੋਂ ਉਤਮ ਮਾਧਿਅਮ ਹੈ। ਇਸ ਨਾਲ ਜਿੱਥੇ ਕਈ ਲੋਕਾਂ ਨੂੰ ਰੋਸ਼ਨੀ ਮਿਲ ਰਹੀ ਹੈ ਉਥੇ ਮਰਨ ਤੋਂ ਬਾਅਦ ਸਰੀਰ ਦਾਨ ਨਾਲ ਮੈਡੀਕਲ ਦੀ ਪੜ੍ਹਾਈ ਕਰ ਰਹੇ ਬੱਚਿਆਂ ਨੂੰ ਮਦਦ ਵੀ ਮਿਲਦੀ ਹੈ।

ਇਹ ਵਿਚਾਰ ਰੋਟਰੀ ਆਈ ਬੈਂਕ ਸੁਸਾਇਟੀ ਦੇ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਨੇ ਗੁਰਦੇਵ ਸਿੰਘ ਪੁੱਤਰ ਤਿਖੁ ਰਾਮ ਵਾਸੀ ਪਿੰਡ ਸਿੰਘੋਵਾਲ, ਹਾਜੀਪੁਰ ਦੇ ਸਰੀਰ ਦਾਨ ਹਿੱਤ ਪ੍ਰਣ ਪੱਤਰ ਭਰਨ ਉਪਰੰਤ ਉਨ੍ਹਾਂ ਨੂੰ ਸਨਮਾਨਿਤ ਕਰਦੇ ਹੋਏ ਪੇਸ਼ ਕੀਤੇ।ਅਰੋੜਾ ਨੇ ਕਿਹਾ ਕਿ ਗੁਰਦੇਵ ਸਿੰਘ ਨੇ ਸਰੀਰ ਦਾਨ ਕਰਨ ਹਿੱਤ ਪ੍ਰਣ ਪੱਤਰ ਪੱਤਰ ਭਰਕੇ ਸਮਾਜ ਲਈ ਮਿਸਾਲ ਪੇਸ਼ ਕੀਤੀ ਹੈ ਅਤੇ ਇਨ੍ਹਾਂ ਦੀ ਇਹ ਮਿਸਾਲ ਸੇਵਾ ਹਿੱਤ ਕੁਝ ਕਰਨ ਦੀ ਇੱਛਾ ਰੱਖਣ ਵਾਲਿਆਂ ਲਈ ਸਦਾ ਪ੍ਰੇਰਣਾ ਸਰੋਤ ਦਾ ਕੰਮ ਕਰੇਗੀ। ਹੁਣ ਤੱਕ 24 ਸਰੀਰ ਵਿਭਿੰਨ ਮੈਡੀਕਲ ਕਾਲਜਾਂ ਨੂੰ ਖੋਜ ਲਈ ਭੇਜੇ ਜਾ ਚੁੱਕੇ ਹਨ ਅਤੇ ਹੁਣ ਤੱਕ 211 ਲੋਕਾਂ ਦੀ ਰਜਿਸਟ੍ਰੇਸ਼ਨ ਵੀ ਹੋ ਚੁੱਕੀ ਹੈ। 4110 ਕੋਰਨੀਆਂ ਬਲਾਈਂਡਨੈਸ ਪੀੜਤਾਂ ਨੂੰ ਰੋਸ਼ਨੀ ਵੀ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਨੇਤਰਦਾਨ ਅਤੇ ਸਰੀਰਦਾਨ ਹੀ ਇੱਕ ਐਸਾ ਦਾਨ ਹੈ ਜੋ ਮਰਨ ਤੋਂ ਬਾਅਦ ਹੀ ਕੀਤਾ ਜਾਂਦਾ ਹੈ। ਇਸ ਦੇ ਲਈ ਸਾਨੂੰ ਜੀਉਂਦੇ ਜੀਅ ਸਹੁੰ ਪੱਤਰ ਭਰਨਾ ਹੁੰਦਾ ਹੈ ਤਾਂ ਕਿ ਜਾਣ ਤੋਂ ਬਾਅਦ ਕਿਸੇ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਵੇ।ਡਾ. ਜਮੀਲ ਬਾਲੀ ਅਤੇ ਜੇ.ਬੀ. ਬਹਿਲ ਨੇ ਕਿਹਾ ਕਿ ਇਸ ਪ੍ਰਕਾਰ ਦੀ ਜਾਗਰੂਕਤਾ ਨਾਲ ਹੀ ਅਸੀਂ ਨੇਤਰਹੀਣਤਾ ਨੂੰ ਖਤਮ ਕਰ ਸਕਦੇ ਹਾਂ ਅਤੇ ਮੈਡੀਕਲ ਸਾਇੰਸ ਦੀ ਪੜ੍ਹਾਈ ਕਰ ਰਹੇ ਬੱਚਿਆਂ ਲਈ ਮਨੁੱਖੀ ਸਰੀਰ ਨਾਲ ਜੁੜੀ ਖੋਜ ਨੂੰ ਹੋਰ ਵੀ ਵਿਸਥਾਰ ਨਾਲ ਕਰਨ ਲਈ ਸਫਲਤਾ ਮਿਲੇਗੀ।ਗੁਰਦੇਵ ਸਿੰਘ ਨੇ ਸਰੀਰ ਦਾਨ ਸਹੁੰ ਪੱਤਰ ਭਰਨ ਤੋਂ ਬਾਅਦ ਕਿਹਾ ਕਿ ਮੇਰੇ ਵੱਡੇ ਭਰਾ ਦੀ ਇੱਛਾ ਅਨੁਸਾਰ ਹੀ ਉਨ੍ਹਾਂ ਦਾ ਸਰੀਰ ਮਰਨ ਤੋਂ ਬਾਅਦ ਰੋਟਰੀ ਆਈ ਬੈਂਕ ਦੇ ਮਾਧਿਅਮ ਨਾਲ ਮੈਡੀਕਲ ਕਾਲਜ ਨੂੰ ਭੇਜਿਆ ਜਾ ਚੁੱਕਾ ਹੈ ਅਤੇ ਮੈਂ ਵੀ ਚਾਹੁੰਦਾ ਹਾਂ ਕਿ ਆਪਣੇ ਮਰਨ ਤੋਂ ਬਾਅਦ ਕੁਝ ਇਸ ਤਰ੍ਹਾਂ ਦਾ ਕਰਾਂ ਕਿ ਮੇਰੀ ਦੇਹ ਵੀ ਕਿਸੀ ਦੇ ਕੰਮ ਆ ਸਕੇ। ਇਸ ਲਈ ਮੈਂ ਅੱਜ ਸਹੁੰ ਪੱਤਰ ਭਰਕੇ ਆਪਣੀ ਇੱਛਾ ਪੂਰੀ ਕੀਤੀ ਹੈ। ਇਸ ਮੌਕੇ 'ਤੇ ਸਰਪ੍ਰਸਤ ਡਾ. ਜਮੀਲ ਬਾਲੀ, ਚੇਅਰਮੈਨ ਜੇ.ਬੀ. ਬਹਿਲ, ਪ੍ਰਿੰ. ਡੀ.ਕੇ. ਸ਼ਰਮਾ, ਮਦਨ ਲਾਲ ਮਹਾਜਨ, ਅਵਿਨਾਸ਼ ਸੂਦ, ਵਿਜੇ ਅਰੋੜਾ, ਵੀਨਾ ਚੋਪੜਾ, ਕੁਲਦੀਪ ਰਾਏ ਗੁਪਤਾ, ਪ੍ਰੇਮ ਤਨੇਜਾ, ਤਮਨਾਂ ਬਾਬੂ ਅਤੇ ਹੋਰ ਮੌਜੂਦ ਸਨ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਫਗਵਾੜਾ ਤੋਂ ਵਿਸ਼ੇਸ਼ ਸਪਲੀਮੈਂਟ

ਸਮੂਹ ਇਲਾਕਾ ਵਾਸੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈ

ਬਲਵਿੰਦਰ ਸਿੰਘ ਧਾਲੀਵਾਲ (ਰਿਟਾ. ਆਈ.ਏ.ਐਸ)
ਐਮ.ਐਲ.ਏ, ਫਗਵਾੜਾ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

GEE BEE INSTITUTE OF NURSING & HEALTH SCIENCES
AFFILIATED TO BABA FARID UNIVERSITY OF HEALTH SCIENCES, FARIDKOT
PNRC MOHALI • GOVT. OF PUNJAB • INDIAN NURSING COUNSIL
ADMISSION OPEN
FOR ANM, GNM, B.SC. NURSING
Qualification 10+2 in Any Stream

President Dr. G.B. Singh M. 98724-23990
Vice President Dr. B.S. Bhatia M. 95306-35454

Course After 10th
- Home-Based Care Helper (6 Month Course)
- Emergency-cum Ambulance Attendant (1 Year Course)
- Operation Theatre Attendant (1 Year Coruse)
- Hospital & Home Based Care Attendent (1 Year Course)
- Nany Care (6 Month Course)

MEDICAL, NON MEDICAL COMMERCE, ARTS ALL ARE ELIGIBLE

PHAGWARA MUKANDPUR ROAD
VPO : VIRK, NEAR BY: URBAN ESTATE PHAGWARA
Helpline : 01824-291554, 89686-69507

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

Sunny Luxurious Hostel
Where Comfort Meets Camaraderie Achain By Badwal Companies
Jatinder Kumar Sunny Director
Room Available 24 Hours
For Booking : 78888-71520, 98781-05564
Law Gate, LPU, Maheru
PG Law Gate And Raja Garden Phagwara

Approved By : Government of Punjab
UMB Educational Institute & Student Visa Consultancy
CANADA USA UK EUROPE
- STUDY VISA
- VISITOR VISA
- DISTANCE EDUCATION
- COMPUTER

SCF-98, 3rd Floor, Guru Hargobind Nagar, Phagwara-144401 (Pb.)
umbconsultancy@gmail.com
Mr. Kamal Saroj Managing Director
01824-452191 (Office) 97817-08169, 98725-56287




ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ ਦਿੰਦੇ ਹੋਏ ਨਿਮਰਤਾ ਸਹਿਤ ਹੈ ਕਿ ਗੁਰੂ ਸਾਹਿਬ ਦੇ ਸੰਦੇਸ਼ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਨੂੰ ਆਪਣੀ ਜੀਵਨ ਜਾਂਚ ਵਿੱਚ ਅਪਣਾਉਣ ਦਾ ਉਪਰਾਲਾ ਗੰਭੀਰਤਾ ਨਾਲ ਜ਼ਰੂਰ ਕਰੋ ਜੀ।

ਵਲੋਂ : ਸਰਪ੍ਰਸਤ ਕਰਨੈਲ ਸਿੰਘ ਸੰਧੂ, ਪ੍ਰਧਾਨ ਮੋਹਣ ਸਿੰਘ ਭੱਟੀ, ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ,ਵਿੱਤ ਸਕੱਤਰ ਹਰਿੰਦਰ ਸਿੰਘ, ਪ੍ਰੈੱਸ ਸਕੱਤਰ ਬਲਵਿੰਦਰ ਕੌਰ ਬੰਗਾ ਅਤੇ ਸਮੂਹ ਵਰਕਿੰਗ ਕਮੇਟੀ ਮੈਂਬਰਜ਼, ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ।

ਧੰਨਵਾਦ

ਮੈਂ ਉਨ੍ਹਾਂ ਸਾਰੇ ਦੋਸਤਾਂ-ਮਿੱਤਰਾਂ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕਰਦਾ ਹਾਂ, ਜਿਨ੍ਹਾਂ ਨੇ ਫਗਵਾੜਾ ਤੋਂ 'ਨਵਾਂ ਜ਼ਮਾਨਾ' ਲਈ ਸਪਲੀਮੈਂਟ ਕੱਢਣ 'ਚ ਸਹਿਯੋਗ ਦਿੱਤਾ

ਡਾ. ਰਮਨ
ਪੱਤਰਕਾਰ ਫਗਵਾੜਾ
ਮੋਬਾ 94174-21160

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

Dream Travels
Deals in : Domestic & International Air Tickets
Raja Garden, Phagwara
Mob. 78888-71520, 98781-05564
Badwal Tower, Kot Rani Road, Phagwara

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦੀਆਂ ਲੱਖ- ਲੱਖ ਵਧਾਈਆਂ

ਸ਼੍ਰੋਮਣੀ ਅਕਾਲੀ ਦਲ
ਵਿਧਾਨ ਸਭਾ ਹਲਕਾ ਫਗਵਾੜਾ

ਜਾਰੀ ਕਰਤਾ : ਸ਼੍ਰੋਮਣੀ ਅਕਾਲੀ ਦਲ ਬਾਦਲ ਹਲਕਾ ਫਗਵਾੜਾ ਸ਼ਹਿਰੀ

## ਮੇਲੇ 'ਤੇ ਪੜਚੋਲਵੀਂ ਨਜ਼ਰ ਮਾਰਦੀ ਮੀਟਿੰਗ ਭਲਕੇ

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਹਨਾਂ ਦੇ ਸਾਥੀਆਂ ਦੇ ਸ਼ਹੀਦੀ ਦਿਹਾੜੇ ਮੌਕੇ 16 ਨਵੰਬਰ ਦਿਨੇ 11 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਉਹਨਾਂ ਨੂੰ ਸਿਜਦਾ ਕੀਤਾ ਜਾਏਗਾ।ਇਸ ਇਕੱਤਰਤਾ ਦੇ ਮਕਸਦ ਦਾ ਕੇਂਦਰ ਬਿੰਦੂ 33ਵੇਂ ਗ਼ਦਰੀ ਬਾਬਿਆਂ ਦੇ ਮੇਲੇ ਉੱਪਰ ਉਸਾਰੂ, ਭਵਿੱਖ ਲਈ ਨਿੱਗਰ ਅਤੇ ਪੜਚੋਲਵੀਂ ਨਜ਼ਰ ਮਾਰਨਾ ਹੋਏਗਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ, ਮੇਲੇ ਦੀ ਤਿਆਰੀ ਲਈ ਬਣੀਆਂ ਕੁਇਜ਼, ਭਾਸ਼ਣ, ਗਾਇਨ, ਪੇਂਟਿੰਗ, ਚਿਤ੍ਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ, ਲੰਗਰ, ਕਵੀ ਦਰਬਾਰ ਪ੍ਰਤੀਯੋਗੀਆਂ ਲਈ ਮੰਚ ਪੰਡਾਲ ਤਿਆਰ ਕਰਨ ਸਬੰਧੀ ਕਮੇਟੀ, ਪੁਸਤਕ ਪ੍ਰਦਰਸ਼ਨੀ, ਵਲੰਟੀਅਰ ਵੰਨ ਸੁਵੰਨੀਆਂ ਮੇਲੇ ਲਈ ਲੋੜੀਂਦੀਆਂ ਸਭਨਾਂ ਕਮੇਟੀਆਂ ਨੂੰ ਇਸ ਇਕੱਤਰਤਾ ਵਿੱਚ ਬੁਲਾਵਾ ਭੇਜਿਆ ਗਿਆ ਹੈ।ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੀ ਸੋਚ ਅਤੇ ਸੁਪਨਿਆਂ ਦਾ ਚਾਨਣ ਵੰਡਣ ਦੇ ਕਾਰਜ ਵਿਚ ਮੇਲਾ ਅਤੇ ਕਮੇਟੀਆਂ ਦਾ ਕਾਰਜ ਕਿਵੇਂ ਰਿਹਾ ਇਸ ਉਪਰ ਸਾਰਥਕ, ਉਸਾਰੂ ਅਤੇ ਪੜਚੋਲਵੀਂ ਨਜ਼ਰ ਮਾਰੀ ਜਾਏਗੀ। ਇਸ ਮੇਲੇ ਦੀਆਂ ਪ੍ਰਾਪਤੀਆਂ ਨੂੰ ਲੜ ਬੰਨ੍ਹਣ, ਊਣਤਾਈਆਂ ਨੂੰ ਪੂਰਨ ਅਤੇ 34ਵੇਂ ਮੇਲੇ ਲਈ ਹੁਣ ਤੋਂ ਹੀ ਸੋਚ ਵਿਚਾਰ ਕਰਨ ਲਈ ਵੀ ਵਿਚਾਰਾਂ ਹੋਣਗੀਆਂ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਗ਼ਦਰੀ ਬਾਬਿਆਂ ਦੇ ਮੇਲੇ ਦੇ ਕੰਮਾਂ ਕਾਰਾਂ ਅਤੇ ਵਿਚਾਰ ਵਟਾਂਦਰੇ ਨਾਲ ਜੁੜੀਆਂ ਸਭਨਾਂ ਕਮੇਟੀਆਂ ਅਤੇ ਸਾਥੀਆਂ ਨੂੰ ਮੀਟਿੰਗ 'ਚ ਸ਼ਿਰਕਤ ਕਰਨ ਦੀ ਅਪੀਲ ਕੀਤੀ ਹੈ। ਸਭਨਾਂ ਸਭਿਆਚਾਰਕ ਕਾਮਿਆਂ ਨੂੰ 16 ਨਵੰਬਰ ਦਿਨੇ 11 ਵਜੇ ਤੋਂ ਪਹਿਲਾਂ ਚਾਹ ਦੇ ਕੱਪ ਤੇ ਮਿਲਣੀ ਲਈ ਨਿੱਘਾ ਬੁਲਾਵਾ ਭੇਜਿਆ ਗਿਆ ਹੈ। ਮੀਟਿੰਗ ਉਪਰੰਤ ਸਭਨਾਂ ਲਈ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਹੈ।

## ਬਾਲ ਦਿਵਸ 'ਤੇ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਲਗਾਇਆ ਸਿਖਲਾਈ ਕੈਂਪ



**ਗੁਰਾਇਆ (ਬਿੰਦਰ ਸੁਮਨ)**

ਬਾਲ ਦਿਵਸ ਦੇ ਦਿਨ 'ਤੇ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ 'ਸੀ.ਈ.ਪੀ.' ਪ੍ਰੋਗਰਾਮ ਤਹਿਤ ਗੁਰਾਇਆ ਸਿੱਖਿਆ ਬਲਾਕ ਇੱਕ, ਦੋ ਅਤੇ ਫਿਲੌਰ ਸਿੱਖਿਆ ਬਲਾਕ ਨਾਲ ਸਬੰਧਿਤ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਦਾ ਇੱਕ ਸਿਖਲਾਈ ਕੈਂਪ ਸ੍ਰੀ ਦਸਮੇਸ਼ ਕਾਨਵੈਂਟ ਹਾਈ ਸਕੂਲ ਅੱਟੀ 'ਚ ਬਲਾਕ ਸਿੱਖਿਆ ਅਫ਼ਸਰ ਇੱਕ ਗੁਰਦੀਪ ਸਿੰਘ ਦੀ ਅਗਵਾਈ 'ਚ ਇੱਕ ਕੈਂਪ ਲਗਾਇਆ ਗਿਆ। ਇਹ ਟੈਸਟ ਭਾਰਤ ਭਰ 'ਚ 4 ਦਸੰਬਰ ਨੂੰ ਤੀਸਰੀ, ਛੇਵੀਂ ਅਤੇ ਨੌਵੀਂ ਜਮਾਤ ਦੇ ਬੱਚਿਆ ਦਾ ਕਰਵਾਇਆ ਜਾ ਰਿਹਾ ਹੈ। ਸਕੂਲ ਪ੍ਰਿੰਸੀਪਲ ਬਲਜਿੰਦਰ ਕੁਮਾਰ, ਪ੍ਰਬੰਧਕ ਸੁਖਦੀਪ ਸਿੰਘ ਨੇ ਦੱਸਿਆ ਕਿ ਬੱਚਿਆਂ ਦੇ ਸਰਵਪੱਖੀ ਵਿਕਾਸ ਸਬੰਧੀ ਇਹ ਟੈਸਟ ਕਰਵਾਇਆ ਜਾ ਰਿਹਾ ਹੈ। ਬਲਾਕ ਰਿਸੋਰਸ ਕੋਆਰਡੀਨੇਟਰ ਰਣਜੀਤ ਸਿੰਘ, ਹਰਪ੍ਰੀਤ ਸਿੰਘ ਅਤੇ ਬੀ ਆਰ ਸੀ- ਸੀ ਐਚ ਟੀ ਸੁਖਵਿੰਦਰ ਕੁਮਾਰ, ਅਤੇ ਰਾਹੁਲ ਗਰਗ ਨੇ ਆਏ ਹੋਏ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਦੇ ਅਧਿਆਪਕਾਂ ਨੂੰ ਦੱਸਿਆ ਕਿ 4 ਦਸੰਬਰ ਨੂੰ ਤੀਜੀ, ਛੇਵੀਂ ਅਤੇ ਨੌਵੀਂ ਜਮਾਤ ਦਾ ਕੋਈ ਵੀ ਵਿਦਿਆਰਥੀ ਗੈਰ ਹਾਜ਼ਰ ਨਹੀਂ ਹੋਣਾ ਚਾਹੀਦਾ। ਉਨ੍ਹਾਂ ਅੱਗੇ ਦੱਸਿਆ ਕਿ ਪਿਛਲੇ ਸਾਲ ਕਰਵਾਏ 'ਨੈਸ' ਟੈਸਟ 'ਚ ਪੰਜਾਬ ਪਹਿਲੇ ਸਥਾਨ 'ਤੇ ਰਿਹਾ ਸੀ ਜਿਸ 'ਚ ਜਲੰਧਰ ਟੀਮ ਵਲੋਂ ਤਿਆਰ ਕੀਤੇ ਐੱਪ ਕਾਫ਼ੀ ਲਾਭਕਾਰੀ ਸਿੱਧ ਹੋਏ ਸਨ। ਉਨ੍ਹਾਂ ਆਏ ਹੋਏ ਸਕੂਲਾਂ ਤੋਂ ਸਹਿਯੋਗ ਦੀ ਮੰਗ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਟੀਮ 24 ਘੰਟੇ ਕਿਸੇ ਵੀ ਸਹਾਇਤਾ ਲਈ ਤਿਆਰ ਹੈ ਤਾਂ ਜੋ ਜ਼ਿਲ੍ਹਾ ਜਲੰਧਰ ਪਹਿਲੇ ਸਥਾਨ 'ਤੇ ਆ ਸਕੇ। ਸਮਾਗਮ ਦੇ ਅੰਤ 'ਚ ਸਕੂਲ ਪ੍ਰਬੰਧਕ ਕਮੇਟੀ ਵਲੋਂ ਬੀ.ਪੀ.ਈ.ਓ. ਨੂੰ ਸਨਮਾਨ ਚਿੰਨ ਭੇਂਟ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਸੁਭਾਸ਼ ਚੰਦਰ , ਰਾਜਨ ਸਰ, ਮਿਡ ਡੇ ਮੀਲ ਇੰਚਾਰਚ ਵੀਨੂੰ ਗਾਬਾ , ਅਨਿਲ ਸ਼ਰਮਾ, ਸ੍ਰੀ ਹਨੂਮੱਤ ਇੰਟਰਨੈਸ਼ਨਲ ਸਕੂਲ ਗੁਰਾਇਆ ਦੇ ਕੋਆਰਡੀਨੇਟਰ ਮੋਨਿਕਾ ਬੇਦੀ, ਵਿਕਰਾਂਤ ਸ਼ਰਮਾ, ਸੰਦੀਪ ਕੌਰ, ਸੁਨੀਤਾ, ਮੈਡਮ ਮਨਪ੍ਰੀਤ ਕੌਰ , ਨਿਰਮਲ ਸਾਗਰ ਪਬਲਿਕ ਸਕੂਲ ਲਸਾੜਾ ਦੇ ਪ੍ਰਿੰਸੀਪਲ ਮਿਨਾਕਸ਼ੀ ਚੱਢਾ ਅਤੇ ਵੱਖ-ਵੱਖ ਸਕੂਲਾਂ ਦੇ ਮੁੱਖੀ ਅਤੇ ਅਧਿਆਪਕ ਸ਼ਾਮਲ ਸਨ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜਲਾਲਾਬਾਦ ਵਿਸ਼ੇਸ਼ ਸਪਲੀਮੈਂਟ

ਪਹਿਲੀ ਪਾਤਸ਼ਾਹੀ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਸਮੂਹ ਦੇਸ਼ ਵਾਸੀਆ ਨੂੰ ਲੱਖ-ਲੱਖ ਵਧਾਈ ਹੋਵੇ ਜੀ।

ਗਰਮੀਤ ਸਿੰਘ ਢਾਬਾਂ, ਸੀਨੀ. ਮੀਤ ਪ੍ਰਧਾਨ, ਪੰਜਾਬ
ਅਮਰਜੀਤ ਸਿੰਘ ਬਿੱਟੂ, ਸੀਨੀ. ਮੀਤ ਪ੍ਰਧਾਨ, ਮਾਲਵਾ ਜੋਨ ਪੰਜਾਬ
ਸੁਨੀਲ ਕੁਮਾਰ ਗਾਬਾ, ਜਿਲਾ ਪ੍ਰਧਾਨ, ਫਾਜਿਲਕਾ
ਸਗਨ ਸਿੰਘ ਟਾਹਲੀਵਾਲਾ, ਪ੍ਰਧਾਨ, ਤਹਿਸੀਲ ਜਲਾਲਾਬਾਦ
ਸੁਰਜੀਤ ਸਿੰਘ, ਜਿਲ੍ਹਾ ਸਰਪ੍ਰਸਤ
ਭਗਵਾਨ ਦਾਸ, ਜਿਲ੍ਹਾ ਸੀਨੀ. ਮੀਤ ਪ੍ਰਧਾਨ
ਸੋਨੂੰ ਕਪੂਰ,ਪ੍ਰਧਾਨ, ਬਲਾਕ ਜਲਾਲਾਬਾਦ-1
ਰਮੇਸ਼ ਕੁਮਾਰ, ਜ. ਸਕੱਤਰ ਬਲਾਕ ਜਲਾਲਾਬਾਦ-1
ਅੰਗਰੇਜ ਸਿੰਘ ਮਹਾਲਮ, ਪ੍ਰਧਾਨ, ਬਲਾਕ ਜਲਾਲਾਬਾਦ-2
ਜੋਗਿੰਦਰ ਸਿੰਘ ਲਮੋਚੜ, ਸੀਨ. ਮੀਤ ਪ੍ਰਧਾਨ
ਜਗਮੀਤ ਸਿੰਘ ਢਾਬਾਂ, ਪ੍ਰਧਾਨ, ਬਲਾਕ ਗੁਰੂਹਰਸਹਾਏ-3
ਅਵਤਾਰ ਸਿੰਘ ਸਿੱਧੂਵਾਲਾ, ਜ.ਸਕੱਤਰ, ਬਲਾਕ ਗੁਰੂਹਰਸਹਾਏ-3

ਵੱਲੋਂ : ਈ.ਟੀ.ਟੀ. ਟੀਚਰਜ ਯੂਨੀਅਨ, ਤਹਿਸੀਲ ਜਲਾਲਾਬਾਦ, ਜਿਲ੍ਹਾ ਫਾਜਿਲਕਾ

ਧੰਨਵਾਦ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਲਾਲਾਬਾਦ ਤੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਜਿਨ੍ਹਾਂ ਸੱਜਣਾਂ-ਮਿੱਤਰਾਂ ਨੇ ਮੈਨੂੰ ਭਰਪੂਰ ਸਹਿਯੋਗ ਦਿੱਤਾ ਹੈ, ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਤੇ ਅੱਗੇ ਤੋਂ ਵੀ ਆਸ ਕਰਦੀ ਹਾਂ ਕਿ ਇਸੇ ਤਰ੍ਹਾਂ ਹੀ ਸਹਿਯੋਗ ਦਿੰਦੇ ਰਹਿਣਗੇ।

ਜੰਗੀਰ ਕੌਰ ਫਲੀਆਂਵਾਲਾ
ਪੱਤਰਕਾਰ, ਜਲਾਲਾਬਾਦ (ਪੱਛਮੀ), ਜਿਲ੍ਹਾ ਫਾਜਿਲਕਾ
ਮੋਬਾਇਲ 94648-04134, 98783-22501

ਪਹਿਲੀ ਪਾਤਸ਼ਾਹੀ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਸਮੂਹ ਦੇਸ਼ ਵਾਸੀਆ ਨੂੰ ਲੱਖ-ਲੱਖ ਵਧਾਈ ਹੋਵੇ ਜੀ।

ਵਰਿੰਦਰ ਸਿੰਘ ਮੋਮੀ, ਸੂਬਾ, ਪ੍ਰਧਾਨ
ਕੁਲਦੀਪ ਸਿੰਘ ਬੁੱਢੇਵਾਲ, ਸੂਬਾ ਜ.ਸਕੱਤਰ

ਵੱਲੋਂ : ਸਮੂਹ ਸੂਬਾ ਕਮੇਟੀ ਮੈਂਬਰ
ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31)

ਪਹਿਲੀ ਪਾਤਸ਼ਾਹੀ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਸਮੂਹ ਦੇਸ਼ ਵਾਸੀਆ ਨੂੰ ਲੱਖ-ਲੱਖ ਵਧਾਈ ਹੋਵੇ ਜੀ।

ਸੁਰਿੰਦਰ ਕੰਬੋਜ, ਸੂਬਾ ਜ. ਸਕੱਤਰ/ ਕਨਵੀਨਰ, ਸਾਂਝਾ ਅਧਿਆਪਕ ਮੋਰਚਾ ਪੰਜਾਬ
ਮੇਜਰ ਸਿੰਘ, ਜਨਰਲ ਸਕੱਤਰ ਜ਼ਿਲ੍ਹਾ ਫਾਜ਼ਿਲਕਾ
ਕਪਿਲ ਕਪੂਰ, ਜਥੇਬੰਦਕ ਸਕੱਤਰ ਜ਼ਿਲ੍ਹਾ ਫਾਜ਼ਿਲਕਾ
ਰੇਸ਼ਮ ਸਿੰਘ, ਵਿੱਤ ਸਕੱਤਰ ਜ਼ਿਲ੍ਹਾ ਫਾਜ਼ਿਲਕਾ

ਵੱਲੋਂ :
ਸਮੂਹ ਅਧਿਆਪਕ ਸਾਥੀ
ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਕ)
ਤਹਿਸੀਲ ਜਲਾਲਾਬਾਦ, ਜਿਲ੍ਹਾ ਫਾਜਿਲਕਾ

ਅਰਮਾਨਦੀਪ ਸਿੰਘ ਕਰਨਾਵਲ

ਪਹਿਲੀ ਪਾਤਸ਼ਾਹੀ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਸਮੂਹ ਦੇਸ਼ ਵਾਸੀਆ ਨੂੰ ਲੱਖ-ਲੱਖ ਵਧਾਈ ਹੋਵੇ ਜੀ।

ਡਾ. ਬਹਾਲ ਚੰਦ ਕਲੀਨਿਕ
ਡਾ. ਓਮ ਪ੍ਰਕਾਸ਼
(ਬੀ. ਏ. ਐਮ. ਐਸ. (ਏ ਐਮ)
ਆਰਿਆ ਵਾਲੀ ਮੈਨ ਗਲੀ, ਫਲਾਈ ਓਵਰ ਬ੍ਰਿਜ (ਪੁਲ) ਨੇੜੇ, ਜਲਾਲਾਬਾਦ (ਪੱਛਮੀ)

ਪਹਿਲੀ ਪਾਤਸ਼ਾਹੀ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਸਮੂਹ ਦੇਸ਼ ਵਾਸੀਆ ਨੂੰ ਲੱਖ-ਲੱਖ ਵਧਾਈ ਹੋਵੇ ਜੀ।

ਅੰਮ੍ਰਿਤਪਾਲ ਸਿੰਘ
ਸੂਬਾ ਜਨਰਲ ਸਕੱਤਰ
ਵੱਲੋਂ -ਨਰੇਗਾ ਕਰਮਚਾਰੀ ਯੂਨੀਅਨ ਪੰਜਾਬ

# ਸਹੂਲਤਾਂ ਤੋਂ ਵਾਂਝਾ, ਵਿਕਾਸ ਤੋਂ ਸੱਖਣਾ ਅੱਡਾ ਸਰਾਂ



**ਅੱਡਾ ਸਰਾਂ (ਜਸਵੀਰ ਕਾਜਲ)**-ਟਾਂਡਾ ਹੁਸ਼ਿਆਰਪੁਰ ਰੋਡ 'ਤੇ ਸਥਿਤ ਪਿੰਡ ਕੰਧਾਲਾ ਜੱਟਾਂ ਦਾ ਅੱਡਾ ਸਰਾਂ ਸਰਕਾਰੀ ਸਹੂਲਤਾਂ ਤੋਂ ਸੱਖਣਾ ਹੈ। ਇਹ ਅੱਡਾ ਸਰਾਂ ਇਲਾਕੇ ਦਾ ਮਸ਼ਹੂਰ ਅੱਡਾ ਹੈ ਜਿੱਥੇ ਕਿ ਹਰ ਤਰ੍ਹਾਂ ਦੇ ਘਰੇਲੂ ਸਮਾਨ ਆਦਿ ਖਰੀਦਣ ਲਈ ਆਸ ਪਾਸ ਦੇ ਪਿੰਡਾਂ ਦੇ ਲੋਕ ਆਉਂਦੇ ਰਹਿੰਦੇ ਹਨ। ਇਸ ਅੱਡਾ ਸਰਾਂ 'ਤੇ ਇੱਕ ਸਰਕਾਰੀ ਵੈਟਰਨਰੀ ਹਸਪਤਾਲ, ਪੰਜਾਬ ਨੈਸ਼ਨਲ ਬੈਂਕ ਅਤੇ ਹੋਰ ਪ੍ਰਾਈਵੇਟ ਐਚ. ਡੀ.ਐਫ ਸੀ ਬੈਂਕ ਹੈ। ਦੋ ਪਟਰੋਲ ਪੰਪ ਅਤੇ ਵਿੱਦਿਅਕ ਅਦਾਰੇ ਵੀ ਹਨ। ਬਿਜਲੀ ਘਰ, ਦਾਣਾ ਮੰਡੀ ਆਦਿ ਪੇਂਡੂ ਲੋਕਾਂ ਵਾਸਤੇ ਸਹੂਲਤਾਂ ਲਈ ਰੋਜ਼ਾਨਾ ਆਉਣ ਜਾਣਾ ਲੱਗਾ ਰਹਿੰਦਾ ਹੈ। ਇਹ ਅੱਡਾ ਇਲਾਕੇ ਦੇ ਲੋਕਾਂ ਨੂੰ ਸਹੂਲਤਾਂ ਵਾਸਤੇ ਵਰਦਾਨ ਸਿੱਧ ਹੋ ਰਿਹਾ ਹੈ। ਪਰ ਦੂਜੇ ਪਾਸੇ ਇਸ ਅੱਡਾ ਸਰਾਂ ਵੱਲ ਝਾਤੀ ਮਾਰੀਏ ਤਾਂ ਇਹ ਅੱਡੇ ਵੀ ਬਹੁਤ ਸਾਰੀਆਂ ਸਹੂਲਤਾਂ ਤੋਂ ਸੱਖਣਾ ਹੈ। ਇਸ ਅੱਡੇ ਵਿੱਚ ਸਟਰੀਟ ਲਾਈਟਾਂ ਵੀ ਨਹੀਂ ਲੱਗੀਆਂ।ਨਾ ਬੱਸ ਅੱਡਾ, ਨਾ ਕੋਈ ਬਾਥਰੂਮ, ਨਾ ਹੀ ਕੋਈ ਸਰਕਾਰੀ ਸਿਹਤ ਸੇਵਾਵਾਂ ਵਾਸਤੇ ਹਸਪਤਾਲ ਹੈ। ਜੇਕਰ ਰੱਬ ਨਾ ਕਰੇ ਕੋਈ ਦੁਰਘਟਨਾ, ਐਕਸੀਡੈਂਟ ਵਗੈਰਾ ਹੋ ਜਾਵੇ ਤਾਂ ਟਾਂਡਾ ਸਰਕਾਰੀ ਹਸਪਤਾਲ ਵਿਚ ਜਾਂ ਹੁਸ਼ਿਆਰਪੁਰ ਵਿਖੇ ਹੀ ਮਰੀਜ਼ ਨੂੰ ਲਿਜਾਣਾ ਪੈਂਦਾ ਹੈ ਅਤੇ ਬਰਸਾਤ ਦੇ ਦਿਨਾਂ ਵਿੱਚ ਪਾਣੀ ਦਾ ਕੋਈ ਨਿਕਾਸ ਨਾ ਹੋਣ ਕਾਰਨ ਪਾਣੀ ਦੁਕਾਨਾਂ ਅੱਗੇ ਘੁੰਮਦਾ ਦੇਖਣ ਨੂੰ ਮਿਲਦਾ ਹੈ। ਇਹ ਅੱਡਾ ਸਰਾਂ ਇਲਾਕੇ ਦਾ ਇਕ ਅਹਿਮ ਅੱਡਾ ਹੈ ਅਤੇ ਇੱਥੇ ਵੈਟਰਨਰੀ ਹਸਪਤਾਲ ਆਪਣੀ ਮੁਰੰਮਤ ਨੂੰ ਤਰਸ ਰਿਹਾ ਹੈ। ਇਲਾਕੇ ਦੇ ਲੋਕਾਂ ਦੀ ਸਰਕਾਰ ਤੋਂ ਮੰਗ ਹੈ ਇਸ ਅੱਡਾ ਸਰਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਦਿੱਤਾ ਜਾਵੇ।

# ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਤ ਪ੍ਰਸ਼ਨ-ਉੱਤਰ ਮੁਕਾਬਲੇ ਕਰਵਾਏ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੱਬੀ)**- ਪੰਜਾਬ ਕਲਾ ਮੰਚ ਰਜਿ: (ਸਟੇਟ ਐਵਾਰਡ) ਸ੍ਰੀ ਚਮਕੌਰ ਸਾਹਿਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵਿੱਦਿਅਕ ਸੰਸਥਾਵਾਂ ਦੇ ਵਿਸ਼ੇਸ਼ ਸਹਿਯੋਗ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਾਰ ਸਾਹਿਬਜ਼ਾਦਿਆਂ ਨੂੰ ਸਮਰਪਤ ਚੌਥੇ ਧਾਰਮਿਕ ਪ੍ਰਸ਼ਨ ਉੱਤਰ ਮੁਕਾਬਲੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ, ਭਾਈ ਸੰਗਤ ਸਿੰਘ ਦੀਵਾਨ ਹਾਲ ਵਿਚ ਕਰਵਾਏ ਗਏ।ਸ਼ੁਰੂਆਤ ਹੈੱਡ ਗ੍ਰੰਥੀ ਭਾਈ ਜਸਵੀਰ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਕੀਤੀ ਗਈ। ਮੰਚ ਦੇ ਪ੍ਰਧਾਨ ਕੁਲਜਿੰਦਰਜੀਤ ਸਿੰਘ ਬੇਬਰ ਨੇ ਦੱਸਿਆ ਕਿ ਖਾਲਸਾ ਪਬਲਿਕ ਸੀਨੀਅਰ ਸਕੂਲ ਜੰਡ ਸਾਹਿਬ ਦੀਆਂ ਬੱਚੀਆਂ ਨੇ ਦਸਮ ਪਿਤਾ ਦੀ ਕਵੀਸ਼ਰੀ ਪੇਸ਼ ਕਰਕੇ ਪੰਡਾਲ ਜੈਕਾਰਿਆਂ ਨਾਲ ਗੂੰਜਣ ਲਾ ਦਿੱਤਾ। ਕੈਪਟਨ ਹਰਪਾਲ ਸਿੰਘ ਸੂਦ ਵੱਲੋਂ 'ਤੇਗ ਤਾਣੀ ਸੀਸ ਮੰਗਦੀ' ਕਵਿਤਾ ਦੀ ਪੇਸ਼ਕਾਰੀ ਕੀਤੀ ਗਈ।ਇਸ ਦੌਰਾਨ ਵੱਖ ਵੱਖ ਸਕੂਲਾਂ ਦੇ ਬੱਚਿਆਂ ਨੇ ਕਵੀਸ਼ਰੀ ਵਾਰਾਂ ਅਤੇ ਧਾਰਮਿਕ ਗੀਤ ਗਾ ਕੇ ਵਾਹ ਵਾਹ ਖੱਟੀ। ਨਗਰ ਕੌਂਸਲ ਸ੍ਰੀ ਚਮਕੌਰ ਸਾਹਿਬ ਦੇ ਸਾਬਕਾ ਪ੍ਰਧਾਨ ਅਤੇ ਅਕਾਲੀ ਆਗੂ ਅਮਨਦੀਪ ਸਿੰਘ ਮਾਂਗਟ ਨੇ ਮੁਕਾਬਲਿਆਂ ਦੇ ਪੰਜ ਪੰਜ ਰਾਊਂਡਾਂ ਦੀ ਸ਼ੁਰੂਆਤ ਕੀਤੀ। ਜਿਸ ਵਿੱਚ ਅੱਠ ਸਕੂਲਾਂ ਦੇ 44 ਲੜਕੇ-ਲੜਕੀਆਂ ਨੇ ਭਾਗ ਲਿਆ। ਨਤੀਜੇ ਦੌਰਾਨ ਪਹਿਲਾ ਸਥਾਨ ਬਾਬਾ ਅਜੀਤ ਸਿੰਘ ਜੀ ਬਾਬਾ ਜੁਝਾਰ ਸਿੰਘ ਜੀ ਐਵਾਰਡ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਜੰਡ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚਮਕੌਰ ਸਾਹਿਬ ਨੇ ਹਾਸਿਲ ਕੀਤਾ। ਦੂਜਾ ਸਥਾਨ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਐਵਾਰਡ ਸੰਤ ਬਾਬਾ ਪਿਆਰਾ ਸਿੰਘ ਜੀ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਚਮਕੌਰ ਸਾਹਿਬ ਅਤੇ ਸੰਤ ਬਾਬਾ ਪਿਆਰਾ ਸਿੰਘ ਸਟੱਡੀ ਫਾਊਂਡੇਸ਼ਨ ਝਾੜ ਸਾਹਿਬ ਨੇ ਪ੍ਰਾਪਤ ਕੀਤਾ। ਤੀਜਾ ਸਥਾਨ ਭਾਈ ਹਿੰਮਤ ਸਿੰਘ ਜੀ ਭਾਈ ਮੋਹਕਮ ਸਿੰਘ ਜੀ ਅਤੇ ਭਾਈ ਸਾਹਿਬ ਸਿੰਘ ਜੀ ਐਵਾਰਡ ਸਰਕਾਰੀ ਹਾਈ ਸਕੂਲ ਡੂੰਮਣਾ ਅਤੇ ਹਿਮਾਲਿਆ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੁਜਾਫਤ (ਬੇਲਾ) ਨੇ ਪ੍ਰਾਪਤ ਕੀਤਾ। ਚੌਥਾ ਸਥਾਨ ਭਾਈ ਮਦਨ ਸਿੰਘ ਜੀ ਤੇ ਭਾਈ ਕੋਠਾ ਸਿੰਘ ਜੀ ਐਵਾਰਡ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਚਮਕੌਰ ਸਾਹਿਬ ਨੇ ਹਾਸਿਲ ਕੀਤਾ ਅਤੇ ਪੰਜਵਾਂ ਸਥਾਨ ਭਾਈ ਸੰਗਤ ਸਿੰਘ ਜੀ ਐਵਾਰਡ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਕੜੌਨਾ ਕਲਾਂ ਨੇ ਹਾਸਲ ਕੀਤਾ। ਜੱਜ ਦੀ ਭੂਮਿਕਾ ਡਾਕਟਰ ਰਾਜਪਾਲ ਸਿੰਘ, ਸੋਮ ਸਿੰਘ ਸਾਬਕਾ ਸਰਪੰਚ ਮੁੰਡੀਆਂ ਅਤੇ ਸੰਦਾ ਸਿੰਘ ਭੂਰੜੇ ਵੱਲੋਂ ਨਿਭਾਈ ਗਈ। ਇਸ ਮੌਕੇ ਮੈਨੇਜਰ ਗੁਰਪ੍ਰੀਤ ਸਿੰਘ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ, ਜਸਪਾਲ ਸਿੰਘ ਧਿਓਲ, ਮਾਨ ਸਿੰਘ ਕਤਲੌਰ, ਡਾਕਟਰ ਸੁਦੇਸ਼ ਸ਼ਰਮਾ, ਅਜੀਤ ਸਿੰਘ ਧਨੌਲੀ, ਜਸਪ੍ਰੀਤ ਸਿੰਘ ਉਦਿੱਤ, ਸਵਰਨ ਸਿੰਘ ਸੈਣੀ, ਬਲਜੀਤ ਸਿੰਘ ਬੱਗੀ ਗੁੱਜਰਾਂ, ਗਿਆਨ ਸਿੰਘ ਸ਼ੌਂਕੀਆਜਾਂ, ਮਨਮੋਹਨ ਸਿੰਘ ਕਮਾਲਪੁਰ, ਮਿਸਤਰੀ ਮਨਮੋਹਨ ਸਿੰਘ ਕਾਲਾ, ਰਘਵੀਰ ਸਿੰਘ ਸੜਲੀ ਕਲਾਂ, ਰਾਮਪਾਲ ਸਿੰਘ ਡਹਿਰ, ਚਰਨਜੀਤ ਸਿੰਘ ਮੁੰਡੀਆਂ, ਜੀਵਨ ਸਿੰਘ, ਸੁਰਜੀਤ ਕੌਰ ਅਤੇ ਅਮਨਦੀਪ ਕੌਰ ਆਦਿ ਤੋਂ ਇਲਾਵਾ ਸਕੂਲਾਂ ਦੇ ਅਧਿਆਪਕ ਅਤੇ ਸੰਗਤਾਂ ਹਾਜ਼ਰ ਸਨ।

# ਪੱਦੀ ਜਗੀਰ ਦਾ ਜਨਕ ਰਾਜ ਤਿੰਨ ਮਹੀਨਿਆਂ ਤੋਂ ਲਾਪਤਾ, ਪਰਿਵਾਰ ਵਾਲੇ ਪਰੇਸ਼ਾਨ





**ਔਪਰਾ (ਨਿਰਮਲ ਗੁੜਾ)**-ਪੱਦੀ ਜਗੀਰ ਤੋਂ ਇਕ ਵਿਅਕਤੀ ਕਈ ਮਹੀਨਿਆਂ ਤੋਂ ਲਾਪਤਾ ਹੋਣ ਕਰਕੇ ਗਰੀਬ ਬਜ਼ੁਰਗ ਮਾਂ ਬਾਪ ਤੇ ਬੱਚੇ ਬੇਹੱਦ ਪ੍ਰੇਸ਼ਾਨ ਤੇ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹਨ। ਘਟਨਾ ਦੀ ਜਾਣਕਾਰੀ ਦਿੰਦਿਆਂ ਤਰਸੇਮ ਲਾਲ ਪੁੱਤਰ ਮਾਲੀ ਰਾਮ ਵਾਸੀ ਜੀ.ਟੀ. ਰੋਡ ਗੋਹਾਵਰ, ਹਾਲ ਵਾਸੀ ਪੱਦੀ ਜਗੀਰ (ਫਲੌਰ) ਥਾਣਾ ਗੁਰਾਇਆ ਨੇ ਦੱਸਿਆ ਕਿ ਉਸ ਦਾ ਪੁੱਤਰ ਜਨਕ ਰਾਜ, ਜਿਸ ਦੇ ਤਿਨ ਬੱਚੇ ਹਨ, ਮਿਹਨਤ ਮਜ਼ਦੂਰੀ ਕਰਕੇ ਪਰਿਵਾਰ ਦਾ ਪਾਲਣ ਪੋਸ਼ਣ ਕਰਦਾ ਹੈ। ਮਿਤੀ 16/08/2024 ਨੂੰ ਗਿਆਨ ਚੰਦ ਪੁੱਤਰ ਖੁਸ਼ੀ ਰਾਮ ਵਾਸੀ ਗੋਹਾਵਰ ਜਨਕ ਰਾਜ ਨੂੰ ਇਹ ਕਹਿ ਕੇ ਨਾਲ ਲੈ ਗਿਆ ਕਿ ਉਸ ਦਾ ਪੁੱਤਰ ਜਗਜੀਵਨ ਰਾਮ ਮਲੇਸ਼ੀਆ ਤੋਂ ਆ ਰਿਹਾ ਹੈ। ਉਸ ਨੂੰ ਦਿੱਲੀ ਤੋਂ ਘਰ ਲੈ ਕੇ ਆਉਣਾ ਹੈ। ਮੇਰਾ ਬੇਟਾ ਸੁਖਦੇਵ ਰਾਮ ਅਤੇ ਜਨਕ ਰਾਜ ਦੋਨੋਂ ਘਰੋਂ ਚਲੇ ਗਏ। ਤਰਸੇਮ ਨੇ ਦੱਸਿਆ ਕਿ ਕਈ ਦਿਨ ਤਕ ਜਦੋਂ ਮੇਰਾ ਬੇਟਾ ਨਾ ਆਇਆ ਤਾਂ ਅਸੀਂ ਗਿਆਨ ਦੇ ਘਰ ਜਾ ਕੇ ਪੁੱਛਿਆ ਤਾਂ ਉਹਨਾਂ ਕਿਹਾ ਕਿ ਜਗਜੀਵਨ ਦੀ ਫਲਾਈਟ ਦਿੱਲੀ ਤੋਂ ਨਹੀਂ ਚੇਨਈ ਆਉਣੀ ਸੀ ਇਸ ਲਈ ਉਹ ਚੇਨੈ ਗਏ ਹਨ। ਕਈ ਦਿਨ ਬਾਅਦ ਜਦੋਂ ਪਤਾ ਲਗਾਇਆ ਕਿ ਜਗਜੀਵਨ ਲਾਲ ਅਤੇ ਸੁਖਦਵ ਰਾਮ ਤਾਂ ਘਰ ਆ ਗਏ ਹਨ,ਪਰ ਜਨਕ ਰਾਜ ਨਹੀਂ ਮੁੜਿਆ ਤਾਂ ਸਾਡੇ ਪੈਰਾਂ ਥਲਿਓਂ ਜ਼ਮੀਨ ਨਿਕਲ ਗਈ ਤੇ ਉਸ ਤੋਂ ਬਾਅਦ ਸਾਡਾ ਬੇਟਾ ਵਾਪਸ ਨਹੀਂ ਆਇਆ ਅਤੇ ਨਾ ਹੀ ਉਸ ਨੇ ਸਾਡੇ ਨਾਲ ਕੋਈ ਸੰਪਰਕ ਕੀਤਾ। ਤਰਸੇਮ ਲਾਲ ਨੇ ਦੱਸਿਆ ਕਿ ਉਸ ਨੂੰ ਘੱਟ ਦਿਖਾਈ ਦਿੰਦਾ ਹੈ ਤੇ ਉਸ ਦੀ ਪਤਨੀ ਅੰਗਹੀਣ ਹੈ। ਉਸ ਦੇ ਪੁੱਤਰ ਜਨਕ ਰਾਜ ਦੇ ਤਿੰਨ ਬੱਚੇ ਅਤੇ ਪਤਨੀ, ਸਾਰਾ ਪਰਿਵਾਰ ਬਹੁਤ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨ ਲਈ ਮਜਬੂਰ ਹੈ। ਤਰਸੇਮ ਲਾਲ ਨੇ ਲਿਖਤੀ ਸ਼ਿਕਾਇਤ ਦੇ ਕੇ ਸਰਕਾਰ ਅਤੇ ਪ੍ਰਸ਼ਾਸਨ ਪਾਸੋਂ ਜਨਕ ਰਾਜ ਨੂੰ ਲੱਭਣ ਵਿੱਚ ਮੱਦਦ ਕਰਨ ਦੀ ਮੰਗ ਕੀਤੀ। ਇਸ ਸੰਬੰਧੀ ਜਦੋਂ ਗਿਆਨ ਚੰਦ ਨਾਲ ਸੰਪਰਕ ਕੀਤਾ ਤਾਂ ਉਹਨਾਂ ਦੇ ਬੇਟੇ ਸੁਖਦੇਵ ਰਾਮ ਅਤੇ ਵਿਦੇਸ਼ ਤੋਂ ਆਏ ਜਗਜੀਵਨ ਲਾਲ ਨੇ ਦੱਸਿਆ ਕਿ ਉਹ ਚੇਨਈ ਤੋਂ ਰੇਲ ਗੱਡੀ ਆ ਰਹੇ ਸਨ ਤੇ ਰਸਤੇ ਵਿੱਚ ਪਤਾ ਨਹੀਂ ਲੱਗਿਆ ਕਿ ਜਨਕ ਰਾਜ ਕਦ ਉਤਰ ਗਿਆ। ਉਹਨਾਂ ਫਗਵਾੜਾ ਆ ਕੇ ਉਸ ਦਾ ਇੰਤਜ਼ਾਰ ਵੀ ਕੀਤਾ, ਪਰ ਨਹੀਂ ਅਇਆ। ਉਸ ਤੋਂ ਬਾਅਦ ਵੀ ਉਸ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਹੈ।

# ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਨਗਰ ਕੀਰਤਨ ਸਜਾਇਆ



**ਭੁਲੱਥ (ਮਨਪ੍ਰੀਤ ਸਿੰਘ)**-ਥੋੜ੍ਹੀ ਦੂਰੀ 'ਤੇ ਪੈਂਦੇ ਪਿੰਡ ਬਾਗੜੀਆਂ 'ਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜਾਂ ਪਿਆਰਾ ਦੀ ਅਗਵਾਈ ਹੇਠ ਪਿੰਡ ਦੀਆਂ ਸੰਗਤਾਂ ਵੱਲੋਂ ਨਗਰ ਕੀਰਤਨ ਸਜਾਇਆ ਗਿਆ ਜੋ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਪਿੰਡ ਦੀ ਪਰਿਕਰਮਾ ਕਰਦਾ ਹੋਇਆ ਵਾਪਿਸ ਗੁਰਦੁਆਰਾ ਸਾਹਿਬ ਪੁੱਜਾ। ਕੀਰਤਨੀ ਜਥੇ ਵਲੋਂ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ ਗਿਆ।ਸੰਗਤਾਂ ਲਈ ਵੱਖ- ਵੱਖ ਥਾਵਾਂ 'ਤੇ ਲੰਗਰ ਲਗਾਏ ਗਏ ਸਨ।ਬੇਗੋਵਾਲ ਯੂਨਾਈਟਡ ਪਾਸਟਰ ਐਸੋਸੀਏਸ਼ਨ ਵਲੋਂ ਸਰਪੰਚ ਫਾਦਰ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ ਤੇ ਕੇਲਿਆਂ ਦਾ ਲੰਗਰ ਲਗਾਇਆ ਗਿਆ । ਨੌਜਵਾਨ ਸਭਾ ਬਾਗੜੀਆਂ ਵੱਲੋਂ ਵੀ ਖੀਰ, ਫ਼ਲ ਤੇ ਫਰੂਟੀਆਂ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਸਰਪੰਚ ਚਰਨਜੀਤ ਸਿੰਘ ਬਾਗੜੀਆਂ, ਸਾਬਕਾ ਸਰਪੰਚ ਮਹਿੰਦਰ ਸਿੰਘ, ਪ੍ਰਧਾਨ ਪਾਸਟਰ ਤਰਸੇਮ ਮਸੀਹ, ਵਾਈਸ ਪ੍ਰਧਾਨ ਪਾਸਟਰ ਸੁੱਚਾ ਸਿੰਘ, ਸੈਕਟਰੀ ਪਾਸਟਰ ਸੁਰਿੰਦਰ ਸਿੰਘ, ਲੰਬੜਦਾਰ ਅਜੀਤ ਸਿੰਘ, ਸੁਖਵਿੰਦਰ ਸਿੰਘ ਓਠੀ, ਮੈਂਬਰ ਪੰਚਾਇਤ ਟੀਨਾ ਬਾਗੜੀਆਂ, ਮੈਂਬਰ ਪੰਚਾਇਤ ਕਰਮਜੀਤ ਸਿੰਘ ਮੱਲ, ਮੈਂਬਰ ਪੰਚਾਇਤ ਦਲਜੀਤ ਸਿੰਘ, ਮੈਂਬਰ ਪੰਚਾਇਤ ਬਲਜਿੰਦਰ ਸਿੰਘ, ਸਰਵਨ ਸਿੰਘ ਮੱਲੀ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ, ਪਲਵਿੰਦਰ ਸਿੰਘ ਢੀਂਡਸਾ, ਜਰਨੈਲ ਸਿੰਘ ਢੀਂਡਸਾ, ਰਮੇਸ਼ ਲਾਲ ਭੱਟੀ, ਲਖਵਿੰਦਰ ਸਿੰਘ ਟੇਲਰ ਮਾਸਟਰ, ਜਸਵਿੰਦਰ ਸਿੰਘ ਸੱਭਰਵਾਲ, ਰਾਜਾ ਭੱਟੀ, ਮਨਜੋਤ ਸਿੰਘ, ਗੁਰਸ਼ਰਨ ਸਿੰਘ, ਅਭੀਜੋਤ, ਅੰਮ੍ਰਿਤ ਸਿੰਘ, ਚਰਨਜੀਤ ਸਿੰਘ ਚੰਨੀ, ਜੁਗਰਾਜ ਸਿੰਘ, ਹਰਮਨਜੋਤ ਸਿੰਘ ਓਠੀ, ਨਿਸ਼ਾਨ ਸਿੰਘ ਓਠੀ, ਸਾਗਰ ਬਾਗੜੀਆਂ, ਮਲਕੀਤ ਸਿੰਘ, ਹਰਭਜਨ ਸਿੰਘ, ਸਰਬਜੀਤ ਸਿੰਘ, ਜੋਗਾ ਸਿੰਘ ਬਾਗੜੀਆਂ, ਪਲਵਿੰਦਰ ਸਿੰਘ ਪਿੰਦਾ, ਸੁਰਿੰਦਰ ਸਿੰਘ ਸਾਬਾ, ਪਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਜਸ਼ਨਪ੍ਰੀਤ ਸਿੰਘ, ਜਗਜੀਤ ਸਿੰਘ, ਤਰਜੀਤ ਸਿੰਘ, ਲਖਵੀਰ ਸਿੰਘ, ਸਰਬਜੀਤ ਸਿੰਘ, ਵਿਨੋਦ ਕੁਮਾਰ, ਜੀਤਾ ਬਾਗੜੀਆਂ ਤੇ ਹੋਰ ਸੰਗਤਾਂ ਹਾਜ਼ਰ ਸਨ।

# ਜੀ ਡੀ ਗੋਇਨਕਾ ਸਕੂਲ 'ਚ ਸਾਲਾਨਾ ਇਨਾਮ ਵੰਡ ਸਮਾਗਮ ਹੋਇਆ





**ਕਪੂਰਥਲਾ (ਹਨੀ)** ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਨਰਸਰੀ ਤੋਂ ਦੂਜੀ ਜਮਾਤ ਦੇ ਵਿਦਿਆਰਥੀਆਂ ਲਈ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ । ਸਮਾਗਮ ਵਿਚ ਮੱਸਾ ਸਿੰਘ ਸਿੱਧੂ ਸਾਬਕਾ ਡੀ.ਈ.ਓ ਕਪੂਰਥਲਾ ਬਤੌਰ ਮੁੱਖ ਮਹਿਮਾਨ ਵਜੋਂ ਅਤੇ ਡਾ. ਨਵਰੋਜ਼ ਮੱਲੀ, ਸੇਵਾ ਸਿੰਘ, ਬਿਮਲਜੀਤ ਕੌਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ । ਸਮਾਗਮ ਦੀ ਸ਼ੁਰੂਆਤ ਸ਼ਮਾਂ ਰੌਸ਼ਨ ਕਰ ਕੇ ਕੀਤੀ ਗਈ । ਉਪਰੰਤ ਨਰਸਰੀ ਜਮਾਤ ਦੇ ਛੋਟੇ-ਛੋਟੇ ਬੱਚਿਆਂ ਨੇ ਇੱਕ ਗੀਤ ਰਾਹੀਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਕਿਹਾ । ਇਸ ਮੌਕੇ ਵਿਦਿਆਰਥੀਆਂ ਵੱਲੋਂ ਅਨੇਕਤਾ ਵਿੱਚ ਏਕਤਾ ਨੂੰ ਦਰਸਾਉਂਦਾ ਡਾਂਸ ਪੇਸ਼ ਕੀਤਾ ਗਿਆ, ਜੋ ਦਰਸ਼ਕਾਂ ਲਈ ਕਾਫੀ ਰੋਮਾਂਚਕ ਰਿਹਾ। ਇਸ ਤੋਂ ਇਲਾਵਾ ਛੋਟੇ ਬੱਚਿਆਂ ਨੇ ਮੌਨਸੂਨ ਆਦਿ ਨਾਲ ਸਬੰਧਤ ਕੋਰੀਓਗ੍ਰਾਫੀ ਅਤੇ ਡਾਂਸ ਵੀ ਪੇਸ਼ ਕੀਤਾ। ਇਨ੍ਹਾਂ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਤੋਂ ਇਲਾਵਾ ਆਏ ਹੋਏ ਮਾਪਿਆਂ ਦੀ ਰੁਚੀ ਨੂੰ ਬਰਕਰਾਰ ਰੱਖਣ ਲਈ ਕੁਝ ਖੇਡਾਂ ਦਾ ਆਯੋਜਨ ਕੀਤਾ ਗਿਆ । ਜਿਸ ਵਿੱਚ ਸਾਰਿਆਂ ਨੇ ਦਿਲਚਸਪੀ ਨਾਲ ਭਾਗ ਲਿਆ । ਸਕੂਲ ਦੇ ਪ੍ਰਿੰਸੀਪਲ ਊਸ਼ਾ ਪਰਮਾਰ ਨੇ ਮਹਿਮਾਨਾਂ ਦਾ ਸਵਾਗਤ ਕਰਨ ਉਪਰੰਤ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ਅਤੇ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ । ਮੁੱਖ ਮਹਿਮਾਨ ਮੱਸਾ ਸਿੰਘ ਸਿੱਧੂ ਨੇ ਪੜ੍ਹਾਈ ਅਤੇ ਹੋਰ ਖੇਤਰਾਂ ਵਿਚ ਪੁਜੀਸ਼ਨਾਂ ਲੈਣ ਵਾਲਿਆਂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ।ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਅਤੇ ਸਕੱਤਰ ਪਰਮਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਭਵਿੱਖ ਵਿੱਚ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਸਹੂਲਤਾਂ ਨੂੰ ਹੋਰ ਬਿਹਤਰ ਬਣਾਉਣ ਲਈ ਸਮਰਪਿਤ ਭਾਵਨਾ ਨਾਲ ਕੰਮ ਕਰਦੇ ਰਹਿਣਗੇ । ਸਮਾਗਮ ਦੇ ਅੰਤ ਵਿੱਚ ਸਕੂਲ ਦੇ ਬੱਚਿਆਂ ਦੁਆਰਾ ਪੇਸ਼ ਕੀਤੇ ਭੰਗੜੇ ਨੇ ਸਭ ਦਾ ਮਨ ਮੋਹ ਲਿਆ । ਸਮਾਗਮ ਵਿਚ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪੇ ਵੱਡੀ ਗਿਣਤੀ ਵਿੱਚ ਹਾਜਰ ਸਨ ।

# ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਹੋਵੇਗਾ ਖੇਡ ਮੇਲਾ : ਮਾਸਟਰ ਕਰਨੈਲ ਸਿੰਘ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**- ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਰਜਿ: ਰਾਹੋ ਦੀ ਇੱਕ ਅਹਿਮ ਮੀਟਿੰਗ ਕਲੱਬ ਦੇ ਚੇਅਰਮੈਨ ਸੁਖਦੇਵ ਸਿੰਘ ਮਾਨ ਦੀ ਅਗਵਾਈ ਵਿੱਚ ਹੋਈ। ਕਲੱਬ ਦੇ ਜਨਰਲ ਸਕੱਤਰ ਮਾ. ਕਰਨੈਲ ਸਿੰਘ ਨੇ ਦੱਸਿਆ ਕਿ ਮਿਤੀ 11 ਅਤੇ 12 ਦਸੰਬਰ 2024 ਨੂੰ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਵੱਲੋਂ ਐਨ. ਆਰ. ਆਈ ਅਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਇੱਕ ਵੱਡਾ ਖੇਡ ਮੇਲਾ ਕਰਵਾਇਆ ਜਾਵੇਗਾ, ਜਿਸ ਵਿੱਚ ਛੋਟੇ ਬੱਚੇ ਅਤੇ ਵੱਡੇ ਕਲੱਬਾਂ ਦੇ ਕਬੱਡੀ ਟੂਰਨਾਮੈਂਟ ਅਤੇ ਅਥਲੈਟਿਕ ਮੁਕਾਬਲੇ ਕਰਵਾਏ ਜਾਣਗੇ। ਕਲੱਬ ਦਾ ਮੁੱਖ ਉਦੇਸ਼ ਬੱਚਿਆਂ ਨੂੰ ਖੇਡਾਂ ਨਾਲ ਜੋੜ ਕੇ ਨਸ਼ਿਆਂ ਤੋਂ ਬਚਾਉਣਾ ਉਹਨਾਂ ਅੰਦਰ ਦੇਸ਼ ਪਿਆਰ ਦੀ ਭਾਵਨਾ ਪੈਦਾ ਕਰਨਾ ਅਤੇ ਇੱਕ ਜਿੰਮੇਵਾਰ ਨਾਗਰਿਕ ਬਣਾਉਣਾ ਹੈ। ਇਹ ਖੇਡ ਮੇਲਾ ਰਾਹੋ ਦੇ ਦੁਸ਼ਹਿਰਾ ਸਟੇਡੀਅਮ ਦੀ ਗਰਾਊਂਡ ਵਿੱਚ 11 ਤੇ 12 ਦਸੰਬਰ 2024 ਨੂੰ ਹੋਵੇਗਾ ਜਿਸ ਵਿੱਚ ਕਲੱਬਾਂ ਦੀਆਂ ਟੀਮਾਂ ਵਿੱਚ ਪਹਿਲਾ ਇਨਾਮ 61000 ਰੁਪਏ ਦੂਸਰਾ ਇਨਾਮ 51000 ਰੁਪਏ ਹੋਵੇਗਾ, ਬਾਕੀ ਟੀਮਾਂ ਨੂੰ ਵੀ ਨਗਦ ਇਨਾਮ ਦਿੱਤੇ ਜਾਣਗੇ। ਇਸ ਮੌਕੇ ਨਰਿੰਦਰ ਸਿੰਘ ਚਾਹਲ ਪ੍ਰਧਾਨ ਟੂਰਨਾਮੈਂਟ ਪ੍ਰਬੰਧਕ ਕਮੇਟੀ,ਨਗਰ ਕੌਂਸਲ ਰਾਹੋਂ ਦੇ ਪ੍ਰਧਾਨ ਅਮਰਜੀਤ ਸਿੰਘ ਬਿੱਟਾ ਅਹੁਦੇਦਾਰ ਕੇਵਲ ਸਿੰਘ ਮਾਹਲ ,ਰਿਟਾ. ਮੈਨੇਜਰ ਕਸ਼ਮੀਰ ਸਿੰਘ, ਪ੍ਰੋਫੈਸਰ ਦੇਸ ਰਾਜ ਬਜੋਂ ਹੈੱਡ ਮਾਸਟਰ ਮਹਿੰਦਰ ਸਿੰਘ ਰਿਟਾ.ਖੇਤੀਬਾੜੀ ਅਫਸਰ ਡਾ. ਸੁਸ਼ੀਲ ਕੁਮਾਰ ਰਾਹੋ ਦੁਕਾਨਦਾਰ ਯੂਨੀਅਨ ਦੇ ਪ੍ਰਧਾਨ ਮਨਦੀਪ ਰਾਣਾ ਬੰਟੀ ਗਾਬਾ ਕਬੱਡੀ ਕੋਚ,ਹਰਦੀਪ ਸਿੰਘ ਹੈਪੀ ਸੁਖਵਿੰਦਰ ਸਿੰਘ ਸੁੱਖੀ, ਮੀਨੂੰ ਰਾਣੀ, ਸੁਖਦੇਵ ਸਿੰਘ ਸੁੱਖਾ ,ਵਕੀਲ ਜਤਿੰਦਰ ਸਿੰਘ, ਕਬੱਡੀ ਕੋਚ ਕਸ਼ਮੀਰ ਸਿੰਘ ਪੱਪੂ ਅਤੇ ਵੱਡੀ ਗਿਣਤੀ ਵਿੱਚ ਕਬੱਡੀ ਖਿਡਾਰੀ ਮੌਜੂਦ ਸਨ ।

## ਤਿੰਨ ਮੁਲਾਜ਼ਮਾਂ ਨੂੰ ਵਿਸ਼ੇਸ਼ ਸਕੱਤਰ/ਮੰਤਰੀ ਵਜੋਂ ਕੀਤਾ ਪਦਉੱਨਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)** -ਪੰਜਾਬ ਸਰਕਾਰ ਵੱਲੋਂ ਅੱਜ ਪੰਜਾਬ ਸਿਵਲ ਸਕੱਤਰੇਤ -1 ਵਿਖੇ ਤਾਇਨਾਤ ਸਕੱਤਰ/ਮੰਤਰੀ ਕਾਡਰ ਦੇ 3 ਮੁਲਾਜ਼ਮਾਂ ਨੂੰ ਪੰਜਾਬ ਸਿਵਲ ਸੇਵਾਵਾਂ (ਸੋਧਿਆ ਤਨਖਾਹ) ਨਿਯਮ, 2021 ਵਿੱਚ ਦਰਸਾਈ ਗਈ ਅਨੁਸੂਚੀ ਦੇ ਲੈਵਲ 23 (83600-203100) ਅਧੀਨ ਵਿਸ਼ੇਸ਼ ਸਕੱਤਰ/ਮੰਤਰੀ ਵਜੋਂ ਪਦਉੱਨਤ ਕੀਤਾ ਗਿਆ ਹੈ।ਪਦਉੱਨਤ ਕੀਤੇ ਗਏ ਮੁਲਾਜ਼ਮਾਂ ਵਿੱਚ ਮਨਜੀਤ ਸਿੰਘ, ਪ੍ਰਵੀਨ ਲਤਾ ਅਤੇ ਹਰਬੰਸ ਸਿੰਘ ਸ਼ਾਮਲ ਹਨ।ਇਹ ਜਾਣਕਾਰੀ ਪੰਜਾਬ ਸਰਕਾਰ ਦੇ ਇਕ ਬੁਲਾਰੇ ਵੱਲੋਂ ਦਿੱਤੀ ਗਈ ਹੈ।

## ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਦੀ ਖੇਡਾਂ ਵਤਨ ਪੰਜਾਬ ਦੀਆਂ 'ਚ ਫਿਰ ਤੋ ਚੜ੍ਹਾਈ





**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)** ਬੀਤੇ ਦਿਨੀ 4 ਤੋਂ 9 ਨਵੰਬਰ ਨੂੰ ਪੰਜਾਬ ਇੰਟਰ ਡਿਸਟਕਸ ਸਟੇਟ ਖੇਡਾਂ ਵਤਨ ਪੰਜਾਬ ਦੀਆਂ 2024-2025 ਸੀਜ਼ਨ 3 ਗੁਰੂ ਨਾਨਕ ਸਟੇਡੀਅਮ ਲੁਧਿਆਨਾ ਵਿਖੇ ਕਰਵਾਈਆਂ ਗਈਆਂ।ਇਨ੍ਹਾਂ ਖੇਡਾਂ ਵਿੱਚ ਪੰਜਾਬ ਭਰ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਈਆਂ ਟੀਮਾਂ ਨੇ ਭਾਗ ਲਿਆ, ਜਿਸ ਵਿਚ ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਡੱਲਾ ਦੀ ਵਿਦਿਆਰਥਣ ਬੰਦਨਾ ਪੁਨਰ ਨੇ ਅੰਡਰ 17 ਟੀਮ ਵਿੱਚ 400 ਮੀਟਰ ਦੀ ਰਿਲਐ ਰਸਸ਼ ਵਿਚ ਤੀਜਾ ਸਥਾਨ ਹਾਸਿਲ ਕਰਕੇ ਬਰੋਨਜ ਮੈਡਲ ਆਪਣੀ ਝੋਲੀ ਪੁਆ ਕੇ ਸਕੂਲ ਦਾ ਨਾਂ ਰੋਸ਼ਨ ਕੀਤਾ।ਬੰਦਨਾ ਪੁਨਰ ਨੂੰ ਪੰਜਾਬ ਸਰਕਾਰ ਵੱਲੋਂ 10000 ਰੁਪਏ ਦੀ ਰਾਸ਼ੀ ਦਾ ਇਨਾਮ ਵੀ ਦਿੱਤਾ ਗਿਆ। ਸਵੇਰ ਦੀ ਸਭਾ ਵਿਚ ਸਕੂਲ ਪ੍ਰਿੰਸੀਪਲ ਬਿਕਰਮ ਸਿੰਘ ਸੈਣੀ ਨੇ ਬੰਦਨਾ ਪੁਨਰ ਨੂੰ ਸਨਮਾਨਿਤ ਕੀਤਾ ਤੇ ਨਾਲ ਹੀ ਕੋਚ ਸਰਦਾਰ ਸਵਰਨ ਸਿੰਘ ਅਤੇ ਉਸ ਦੇ ਮਾਪਿਆਂ ਨੂੰ ਤੇ ਸਕੂਲ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਉਸ ਦੇ ਨਕਸ਼ੇ ਕਦਮ 'ਤੇ ਚੱਲਣ ਦੀ ਪ੍ਰੇਰਨਾ ਵੀ ਦਿੱਤੀ।

## ਜੇ ਡੀ ਸੈਂਟਰਲ ਸਕੂਲ ਦੇ ਵਿਦਿਆਰਥੀ ਗੁਰੂ ਘਰ 'ਚ ਹੋਏ ਨਤਮਸਤਕ



**ਮਹਿਤਪੁਰ (ਰਾਜਾ)**- ਜੇ ਡੀ ਸੈਂਟਰਲ ਸਕੂਲ ਵਿਖੇ ਗੁਰਪੁਰਬ ਦੇ ਸੰਬੰਧ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਵਿੱਚ ਇੱਕ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲਿਆ ।ਸਰਦਾਰ ਰਵੀਪਾਲ ਸਿੰਘ ਦੇ ਪਾਏ ਹੋਏ ਪੂਰਨਿਆਂ ਉੱਤੇ ਚੱਲਦੇ ਸਕੂਲ ਦੇ ਮੌਜੂਦਾ ਚੇਅਰਮੈਨ ਸਰਦਾਰ ਸਿਮਰਜੀਤ ਸਿੰਘ ਮੋਮੀ ਅਤੇ ਪ੍ਰਿੰਸੀਪਲ ਮੈਡਮ ਰੰਜਨਾ ਰਾਏ ਦੀ ਅਗਵਾਈ ਹੇਠ ਗੁਰਪੁਰਬ ਦੇ ਸੰਬੰਧ ਵਿੱਚ ਬਿਧੀ ਚੰਦ ਛੀਨਾ ਗੁਰੂ ਕਾ ਸੀਨਾ ਗੁਰਦੁਆਰਾ ਸ਼੍ਰੀ ਛਾਉਣੀ ਸਾਹਿਬ ਵਿਖੇ ਅਧਿਆਪਕ ਅਤੇ ਸਕੂਲ ਦੇ ਵੀ ਵਿਦਿਆਰਥੀ ਨਤਮਸਤਕ ਹੋਏ।ਗੁਰਦੁਆਰਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂਪੁਰਬ ਦੇ ਸਬੰਧ ਵਿੱਚ ਅਖੰਡ ਜਾਪ ਹੋ ਰਹੇ ਸਨ। ਵਿਦਿਆਰਥੀਆਂ ਨੇ ਸੰਗਤ ਅਤੇ ਪੰਗਤ ਦੀ ਮਰਿਆਦਾ ਨੂੰ ਨਿਭਾਉਂਦੇ ਹੋਏ ਲੰਗਰ ਛਕਿਆ ਅਤੇ ਵਿਦਿਆਰਥੀਆਂ ਨੇ ਗੁਰਬਾਣੀ ਸਰਵਣ ਅਤੇ ਵਾਹਿਗੁਰੂ ਨਾਮ ਦਾ ਜਾਪ ਕੀਤਾ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੇ ਕਿਰਤ ਕਰੋ ਨਾਮ ਜਪੋ ਵੰਡ ਛਕੋ ਅਨੁਸਾਰ ਜੀਵਨ ਜਿਉਣ ਦਾ ਪ੍ਰਣ ਲਿਆ।

## ਰੇਲ ਗੱਡੀ ਦੀ ਲਪੇਟ 'ਚ ਆਉਣ ਨਾਲ ਮੌਤ

**ਫਿਲੌਰ (ਨਿਰਮਲ)** ਇਥੋਂ ਨੇੜੇ ਰੇਲ ਗੱਡੀ ਦੀ ਲਪੇਟ ਵਿੱਚ ਆਉਣ ਕਾਰਨ ਇਕ 40- 45 ਸਾਲਾਂ ਦੇ ਮੋਨੇ ਵਿਅਕਤੀ ਦੀ ਮੌਤ ਹੋ ਗਈ। ਰੇਲਵੇ ਪੁਲਿਸ ਚੌਂਕੀ ਫਿਲੌਰ ਦੇ ਥਾਣੇਦਾਰ ਜਗਦੀਪ ਸਿੰਘ ਨੇ ਦੱਸਿਆ ਕਿ ਲਾਸ਼ ਦੀ ਪਹਿਚਾਨ ਨਹੀਂ ਹੋ ਸਕੀ। ਮ੍ਰਿਤਕ ਨੇ ਮੇਹੰਦੀ ਰੰਗ ਦੀ ਟੀ ਸ਼ਰਟ ਅਤੇ ਚਿੱਟੇ ਰੰਗ ਦਾ ਪਜਾਮਾ ਪਾਇਆ ਹੈ। ਲਾਸ਼ ਨੂੰ 72 ਘੰਟੇ ਲਈ ਪਹਿਚਾਨ ਵਾਸਤੇ ਸਿਵਲ ਹਸਪਤਾਲ ਫਿਲੌਰ ਦੇ ਡੈਡ ਹਾਊਸ ਵਿੱਚ ਰੱਖ ਕੇ ਉਸਦੇ ਵਾਰਸਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਜਾਰੀ ਹੈ। ਥਾਣੇਦਾਰ ਨੇ ਇਹ ਵੀ ਦੱਸਿਆ ਕਿ ਮ੍ਰਿਤਕ ਦੇ ਸੱਜੇ ਹੱਥ 'ਤੇ ਸ਼ੁਭ ਲਾਭ ਦਾ ਟੈਟੂ ਬਣਿਆ ਹੋਇਆ ਹੈ।

# ਪੰਜਾਬ ਸਰਕਾਰ ਹਿਮਾਚਲ, ਹਰਿਆਣਾ ਤੇ ਰਾਜਸਥਾਨ ਦੇ ਬਰਾਬਰ ਡੀ ਏ ਦੇਵੇ : ਐਸੋਸੀਏਸ਼ਨ





**ਫਗਵਾੜਾ ( ਡਾ. ਰਮਨ)** ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੀ ਮਾਸਿਕ ਮੀਟਿੰਗ ਪ੍ਰਧਾਨ ਮੋਹਣ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਸ਼ਾਮਲ ਸਮੂਹ ਜੁਝਾਰੂ ਸਾਥੀਆਂ ਨੇ ਪੰਜਾਬ ਸਰਕਾਰ ਵੱਲੋਂ ਦਿਵਾਲੀ ਦੇ ਮੌਕੇ 'ਤੇ ਆਪਣਾ ਦਿਵਾਲੀਆਪਣ ਦਿਖਾਉਂਦੇ ਹੋਏ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਸਿਰਫ਼ ਤੇ ਸਿਰਫ਼ 4 ਪ੍ਰਤੀਸ਼ਤ ਦੀ ਕਿਸ਼ਤ ਦੇਣ ਦੀ ਪੰਜਾਬ ਸਰਕਾਰ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਮੰਗ ਕੀਤੀ ਕਿ ਪੰਜਾਬ ਸਰਕਾਰ ਆਪਣੇ ਗੁਆਂਢੀ ਸੂਬਿਆਂ ਹਿਮਾਚਲ, ਹਰਿਆਣਾ ਅਤੇ ਰਾਜਸਥਾਨ ਦੀਆਂ ਸਰਕਾਰਾਂ ਵਾਂਗ ਆਪਣੇ ਮੁਲਾਜ਼ਮ ਅਤੇ ਪੈਨਸ਼ਨਰਾਂ ਨੂੰ ਤੁਰੰਤ 53 ਪ੍ਰਤੀਸ਼ਤ ਡੀ ਏ ਨਗਦ ਅਤੇ ਪੂਰੇ ਬਕਾਇਆ ਸਮੇਤ ਜਾਰੀ ਕਰੇ। ਮੀਟਿੰਗ ਦੇ ਸ਼ੁਰੂ ਵਿੱਚ ਜਿੰਨ੍ਹਾਂ ਪੈਨਸ਼ਨਰ ਸਾਥੀਆਂ ਦਾ ਨਵੰਬਰ ਮਹੀਨੇ ਵਿੱਚ ਜਨਮ ਦਿਨ ਹੈ, ਉਹਨਾਂ ਨੂੰ ਵਧਾਈ ਦਿੱਤੀ ਗਈ। ਪਿਛਲੇ ਸਮੇਂ ਵਿੱਚ ਕੀਤੇ ਗਏ ਸੰਘਰਸ਼ਾਂ ਵਿੱਚ ਪਾਏ ਗਏ ਯੋਗਦਾਨ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਅਤੇ ਸਾਥੀਆਂ ਲਈ ਧੰਨਵਾਦ ਕੀਤਾ ਗਿਆ। ਦਸੰਬਰ ਵਿੱਚ ਕੀਤੀ ਜਾਣ ਵਾਲੀ ਮਾਸਿਕ ਮੀਟਿੰਗ ਦੌਰਾਨ ਪੈਨਸ਼ਨਰ ਦਿਵਸ ਮਨਾਇਆ ਜਾਵੇਗਾ ਅਤੇ ਜ਼ਿੰਦਗੀ ਦੀਆਂ ਅੱਸੀ ਤੋਂ ਉੱਪਰ ਬਹਾਰਾਂ ਮਾਨਣ ਵਾਲੇ ਪੈਨਸ਼ਨਰਜ਼ ਪ੍ਰਿੰਸੀਪਲ ਸਰਵਣ ਸਿੰਘ, ਜਸਪਾਲ ਸਿੰਘ ਗਰੇਵਾਲ ਅਤੇ ਸ਼੍ਰੀਮਤੀ ਜਸਪਾਲ ਕੌਰ ਘੁੰਮਣ ਨੂੰ ਸਨਮਾਨਿਤ ਕਰਨ ਦਾ ਮਤਾ ਪਾਸ ਕੀਤਾ ਗਿਆ।ਮੈਂਬਰ ਸਤਪਾਲ ਸਿੰਘ ਖੱਟਕੜ ਵਲੋਂ ਆਪਣੇ ਬੇਟੇ ਦੇ ਵਿਆਹ ਦੀ ਸੁਭਾਗੀ ਖ਼ੁਸ਼ੀ ਦੇ ਮੌਕੇ 'ਤੇ ਐਸੋਸੀਏਸ਼ਨ ਨੂੰ ਆਰਥਿਕ ਸਹਾਇਤਾ ਦੇਣ ਲਈ ਉਹਨਾਂ ਦਾ ਧੰਨਵਾਦ ਕੀਤਾ ਗਿਆ। ਮੀਟਿੰਗ ਵਿੱਚ ਐਸੋਸੀਏਸ਼ਨ ਦੀ ਆਮਦਨ ਅਤੇ ਖਰਚ ਦੇ ਵੇਰਵੇ ਸਾਂਝੇ ਕਰਦੇ ਹੋਏ ਕੀਤੇ ਗਏ ਖਰਚਿਆਂ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ।ਮੀਟਿੰਗ ਵਿੱਚ ਪ੍ਰਧਾਨ ਮੋਹਣ ਸਿੰਘ ਭੱਟੀ, ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ,ਜੁਆਇੰਟ ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ,ਜੁਆਇੰਟ ਪ੍ਰੈੱਸ ਸਕੱਤਰ ਗੁਰਦੀਪ ਜੱਸੀ, ਸਤਪਾਲ ਸਿੰਘ ਖੱਟਕੜ,ਹਰਭਜਨ ਲਾਲ,ਬਲਬੀਰ ਸਿੰਘ ਭੁਲਾਰਾਈ, ਪਿਆਰਾ ਰਾਮ ਪਲਾਹੀ ਆਦਿ ਪੈਨਸ਼ਨਰ ਸਾਥੀ ਹਾਜ਼ਰ ਸਨ।

## ਐੱਸ ਐੱਚ ਓ ਰਾਜ ਪਰਵਿੰਦਰ ਕੌਰ ਨੇ ਕੀਤੀ ਵਿਸ਼ੇਸ਼ ਨਾਕਾਬੰਦੀ

**ਬਲਾਚੌਰ ਨਵੰਬਰ (ਜਸਵਿੰਦਰ ਬੈਂਸ )**- ਸ਼ਹੀਦ ਭਗਤ ਸਿੰਘ ਨਗਰ ਦੇ ਐਸ ਐਸ ਪੀ ਡਾਕਟਰ ਮਹਿਤਾਬ ਸਿੰਘ ਅਤੇ ਡੀ ਐਸ ਪੀ ਸ਼ਾਮ ਸੁੰਦਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਥਾਣਾ ਸਦਰ ਦੇ ਐਸ ਐਚ ਓ ਰਾਜ ਪਰਵਿੰਦਰ ਕੌਰ ਦੇ ਵੱਲੋਂ ਬਲਾਚੌਰ ਦੇ ਮਜਾਰੀ ਚੌਕ 'ਚ ਵਿਸੇਸ ਨਾਕਾਬੰਦੀ ਕਰ ਵਾਹਨਾਂ ਦੀ ਚੈਕਿੰਗ ਕੀਤੀ ਗਈ। ਚੈਕਿੰਗ ਦੇ ਦੌਰਾਨ ਜਿਨਾਂ ਵਾਹਨਾਂ ਦੇ ਦਸਤਾਵੇਜ਼ ਪੂਰੇ ਨਾ ਹੋਣ ਕਰਕੇ ਉਹਨਾਂ ਦੇ ਚਲਾਨ ਕੀਤੇ ਗਏ। ਉਹਨਾਂ ਦੱਸਿਆ ਕਿ ਜ਼ਿਆਦਾਤਰ ਵਾਹਨਾਂ ਦੇ ਕਾਗਜ਼ ਨਾ ਹੋਣ ਕਰਕੇ ਚਲਾਨ ਕੀਤੇ ਗਏ। ਐਸ ਐਚ ਓ ਨੇ ਦੱਸਿਆ ਕਿ 15 ਵਾਹਨਾਂ ਦੇ ਚਲਾਨ ਕੀਤੇ ਗਏ ਹਨ। ਉਹਨਾਂ ਦੋ ਪਹੀਆ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਕਿ ਵਾਹਨ ਚਾਲਾਨ ਸਮੇਂ ਹੈਲਮੈਟ ਦਾ ਪ੍ਰਯੋਗ ਜ਼ਰੂਰ ਕਰਨ ਅਤੇ ਕਾਰ ਚਾਲਕਾਂ ਨੂੰ ਅਪੀਲ ਕੀਤੀ ਹੈ ਕਿ ਕਾਰ ਚਲਾਉਣ ਸਮੇਂ ਸੀਟ ਬੈਲਟ ਦਾ ਉਪਯੋਗ ਜ਼ਰੂਰ ਕਰਨ। ਇਸ ਮੌਕੇ ਉਹਨਾਂ ਨਾਲ ਐੱਚ ਸੀ ਭਾਗ ਸਿੰਘ, ਐਚ ਸੀ ਅਰਜਨ ਕੁਮਾਰ, ਐਚ ਸੀ ਨੌਨਾ ਸਿੰਘ ਰਾਣਾ, ਅਮਨਦੀਪ ਕੌਰ ਕਾਂਸਟੇਬਲ ਮੌਜੂਦ ਸਨ।

# ਦੇਸੀ ਤੇ ਵਿਦੇਸ਼ੀ ਫੁੱਲਾਂ ਨਾਲ ਮਹਿਕਿਆ ਇਤਿਹਾਸਕ ਗੁਰਦੁਆਰਾ ਬੇਰ ਸਾਹਿਬ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555 ਵੇਂ ਪ੍ਰਕਾਸ਼ ਦਿਹਾੜੇ ਨੂੰ ਲੈ ਕੇ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਪੁੱਜਣੀਆਂ ਸ਼ੁਰੂ ਹੋ ਗਈਆਂ ਹਨ। ਅੱਜ ਸਵੇਰ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਪਹੁੰਚ ਕੇ ਨਤਮਸਤਕ ਹੋਈਆਂ। ਗੁਰਦੁਆਰਾ ਸ੍ਰੀ ਬੇਰ ਸਾਹਿਬ ਨੂੰ ਦਿੱਲੀ ਦੀ ਸੰਗਤ ਵੱਲੋਂ 50 ਕੁਇੰਟਲ ਦੇ ਕਰੀਬ ਵੱਖ ਵੱਖ ਕਿਸਮਾਂ ਦੇ ਦੇਸੀ ਅਤੇ ਵਿਦੇਸ਼ੀ ਫੁੱਲਾਂ ਨਾਲ ਸਜਾਇਆ ਗਿਆ ਹੈ। ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਮੈਨੇਜਰ ਭਾਈ ਗੁਰਬਖਸ਼ ਸਿੰਘ ਬੱਚੀਵਿੰਡ ਨੇ ਦੱਸਿਆ ਕਿ ਗੁਲਾਬ, ਗੇਂਦਾ, ਗਲਦਾਉਦੀ, ਚਮੇਲੀ, ਸਟਾਰ ਜੈਸਮੀਨ, ਕਰੇਪ, ਟਿਊਲਿਪ, ਗੁਲਬਹਾਰ ਆਦਿ ਨਾਲ ਦਰਬਾਰ ਹਾਲ, ਦਰਸ਼ਨੀ, ਦੀਵਾਨ ਹਾਲ ਅਤੇ ਦਰਬਾਰ ਹਾਲ ਨੂੰ ਜਾਣ ਵਾਲਾ ਰਸਤਾ ਸਜਾਇਆ ਗਿਆ ਹੈ।ਇਹ ਫੁੱਲ ਥਾਈਲੈਂਡ, ਸਪੇਨ, ਬ੍ਰਾਜ਼ੀਲ, ਬੰਗਲੌਰ, ਹੈਦਰਾਬਾਦ ਅਤੇ ਹੋਰ ਥਾਵਾਂ ਤੋਂ 50 ਕਿਸਮਾਂ ਦੇ ਮੰਗਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਸੰਗਤਾਂ ਦੀ ਆਮਦ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਅਤੇ ਵੱਖ ਵੱਖ ਜਥੇਬੰਦੀਆਂ ਵੱਲੋਂ ਲੰਗਰਾਂ ਦੀ ਸੇਵਾ ਸ਼ੁਰੂ ਹੋ ਗਈ। ਇਸੇ ਤਰ੍ਹਾਂ ਪਰਕਰਮਾ ਸੇਵਾ ਸੁਸਾਇਟੀ ਵੱਲੋਂ ਮੁੱਖ ਦਰਬਾਰ ਸਾਹਿਬ ਨੂੰ ਸਜਾਉਣ ਦੀ ਸੇਵਾ ਕੀਤੀ ਗਈ ਹੈ। ਗੁਰੂ ਨਾਨਕ ਸੇਵਕ ਜਥਾ ਠੱਟਾ ਟਿੱਬਾ ਬਾਹਰਾ ਵੱਲੋਂ ਸੰਤ ਬਾਬਾ ਹਰਜੀਤ ਸਿੰਘ ਦੀ ਅਗਵਾਈ ਹੇਠ ਵਿਸ਼ਾਲ ਲੰਗਰਾਂ ਦੀ ਸ਼ੁਰੂਆਤ ਕਰ ਦਿੱਤੀ ਗਈ। ਇਸੇ ਤਰ੍ਹਾਂ ਰਾੜਾ ਸਾਹਿਬ ਦੀਆਂ ਸੰਗਤਾਂ ਵੱਲੋਂ ਲਗਾਤਾਰ ਲੱਡੂਆਂ ਦੇ ਲੰਗਰ ਲਾਏ ਗਏ ਹਨ। ਮਾਲਵੇ ਦੀ ਸੰਗਤ ਵੱਲੋਂ ਗੰਨੇ ਦੇ ਰਸ ਦੇ ਲੰਗਰ ਵੀ ਲਗਾਤਾਰ ਤਿੰਨ ਦਿਨ ਚੱਲਣਗੇ। ਇਸ ਤੋਂ ਵੱਖ ਵੱਖ ਪਿੰਡਾਂ ਦੀਆਂ ਸੰਗਤਾਂ ਵੱਲੋਂ ਲੰਗਰ ਲਾਏ ਗਏ ਹਨ। ਇਸ ਤਰ੍ਹਾਂ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੀ ਆਮਦ ਨੂੰ ਦੇਖਦਿਆਂ ਸੁਚੱਜੇ ਪ੍ਰਬੰਧ ਕੀਤੇ ਗਏ ਹਨ ਉੱਥੇ ਹੀ ਪ੍ਰਸ਼ਾਸਨ ਵੱਲੋਂ ਵੀ ਉਚਿਤ ਪ੍ਰਬੰਧ ਕੀਤੇ ਗਏ ਹਨ। ਪ੍ਰਸ਼ਾਸਨਿਕ ਅਧਿਕਾਰੀਆਂ ਨੇ ਦੱਸਿਆ ਕਿ ਪਾਰਕਿੰਗ ਲਈ ਦਾਣਾ ਮੰਡੀ, ਅਰਬਨ ਅਸਟੇਟ ਵਿੱਚ ਪ੍ਰਬੰਧ ਕੀਤੇ ਗਏ ਹਨ।

# ਸਰਕਾਰੀ ਸਕੂਲ 'ਚ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਮਨਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਨਜਦੀਕੀ ਪਿੰਡ ਅਜਨੋਹਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 555ਵਾਂ ਪ੍ਰਕਾਸ਼ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ।ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ।ਭਾਈ ਸਾਹਿਬ ਭਾਈ ਗੁਰਮੀਤ ਸਿੰਘ ਢਾਡਾ ਕਲਾਂ (ਪ੍ਰਸਿੱਧ ਕੀਰਤਨੀ ਜੱਥਾ) ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਵਿਦਿਆਰਥੀਆਂ ਨੇ ਧਾਰਮਿਕ ਸ਼ਬਦਾਂ ਦੁਆਰਾ ਕੀਰਤਨ ਕਰਕੇ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀਆਂ ਨੂੰ ਨਿਹਾਲ ਕੀਤਾ। ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਸਕੂਲ ਪ੍ਰਿੰਸੀਪਲ ਹਰਮਨੋਜ ਕੁਮਾਰ, ਸਾਬਕਾ ਪ੍ਰਿੰਸੀਪਲ ਜਸਵੀਰ ਕੁਮਾਰ, ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਪ੍ਰਿੰਸੀਪਲ ਪਿਆਰਾ ਸਿੰਘ, ਹਰਭਜਨ ਸਿੰਘ ਪੈਨਸ਼ਨਰ ਆਗੂ, ਐਨ.ਆਰ.ਆਈ ਤਜਿੰਦਰ ਸਿੰਘ ਜੰਜੂਆ , ਰਾਜਵਿੰਦਰ ਕੌਰ, ਜਤਿੰਦਰ ਸਿੰਘ, ਸਰਬਜੀਤ ਕੌਰ, ਬਲਬੀਰ ਕੌਰ, ਨਰਿੰਦਰ ਅਜਨੋਹਾ, ਲਵਦੀਪ ਕੌਰ, ਉਂਕਾਰ ਸਿੰਘ, ਧਰਮਿੰਦਰ ਸਿੰਘ, ਅਬਿਨਾਸ਼ ਕੌਰ, ਅਮਨਪ੍ਰੀਤ ਕੌਰ, ਅਮਨਜੀਤ ਕੌਰ, ਜਸਪ੍ਰੀਤ ਕੌਰ, ਰਣਵੀਰ ਸਿੰਘ, ਮੁਨੀਸ਼ ਕੁਮਾਰ, ਸੋਹਣ ਸਿੰਘ, ਹਰਭਜਨ ਸਿੰਘ ਕੈਂਪਸ ਮੈਨੇਜਰ, ਦਲਵੀਰ ਕੌਰ, ਸਤਵੀਰ ਕੌਰ ਅਤੇ ਹਰਜਿੰਦਰ ਸਿੰਘ ਅਤੇ ਸਕੂਲ ਵਿਦਿਆਰਥੀ ਹਾਜ਼ਰ ਸਨ।

## ਲਾਇਨਜ਼ ਕਲੱਬ ਦਾ ਮੁੱਖ ਮਨੋਰਥ ਸਮਾਜ ਦੀ ਬੇਹਤਰੀ ਲਈ ਯਤਨ ਕਰਨੇ : ਸ਼ਰਮਾ, ਕੋਹਲੀ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਲੋਕ ਹਿੱਤ ਵਿੱਚ ਕੀਤੇ ਕਾਰਜ ਹੀ ਹਮੇਸ਼ਾ ਸਮਾਜ ਲਈ ਵਰਦਾਨ ਸਾਬਿਤ ਹੁੰਦੇ ਹਨ। ਲਾਇਨਜ਼ ਕਲੱਬ ਵਲੋਂ ਸਮਾਜ ਦੀ ਬੇਹਤਰੀ ਲਈ ਮਨੁੱਖਤਾ ਦੀ ਸੇਵਾ ਵਾਸਤੇ ਮਿਲਜੁਲ ਕੇ ਯਤਨ ਕਰਨੇ ਹੀ ਉਸ ਦਾ ਅਸਲ ਮਨੋਰਥ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲਾਇਨਜ਼ ਕਲੱਬ ਨੂਰਮਹਿਲ ਸਿਟੀ ਦੇ ਲਾਇਨ ਜਗਤ ਮੋਹਨ ਸ਼ਰਮਾ ਅਤੇ ਸੁਭਾਸ਼ ਕੋਹਲੀ ਨੇ ਨਜ਼ਦੀਕੀ ਪਿੰਡ ਚੀਮਾ ਕਲਾਂ - ਚੀਮਾ ਖੁਰਦ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਨੂੰ ਗਰਮ ਜਰਸੀਆਂ ਵੰਡਣ ਮੌਕੇ ਕਹੇ। ਉਨ੍ਹਾਂ ਸਕੂਲ ਦੇ ਕਾਰਜਾਂ ਦੀ ਤਾਰੀਫ਼ ਕਰਦਿਆਂ ਵਿਦਿਆਰਥੀਆਂ ਨੂੰ ਅਜੋਕੇ ਮੁਕਾਬਲੇ ਭਰੇ ਦੌਰ ਵਿਚ ਸਫ਼ਲ ਹੋਣ ਲਈ ਪੂਰੀ ਤਨਦੇਹੀ, ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਦੀ ਲੋੜ ਤੇ ਜ਼ੋਰ ਦਿੱਤਾ।ਕਲੱਬ ਦੇ ਪ੍ਰਧਾਨ ਲਾਇਨ ਰਾਜੀਵ ਮਿਸਰ ਦੀ ਅਗਵਾਈ ਵਿੱਚ ਜਰਸੀ ਵੰਡ ਸਮਾਰੋਹ ਦੇ ਸ਼ੁਰੂਆਤ ਵਿਚ ਸਕੂਲ ਮੁਖੀ ਸੁਮਨ ਸ਼ਾਮਪੁਰੀ ਨੇ ਸਭ ਨੂੰ ਜੀ ਆਇਆਂ ਆਖਿਆ। ਇਸ ਮੌਕੇ ਲਾਇਨ ਪ੍ਰਦੀਪ ਨਯੀਅਰ, ਪ੍ਰੇਮ ਬਤਰਾ, ਸੰਦੀਪ ਮਿੱਤੂ, ਬਾਲ ਕ੍ਰਿਸ਼ਨ ਬਾਲੀ, ਸੰਚੂ ਵਧਵਾ, ਸਕੂਲ ਸਟਾਫ਼ ਵਲੋਂ ਮੈਡਮ ਅਰਦੀਸ਼ ਕੌਰ, ਸਰਵਜੀਤ ਕੌਰ, ਕੁੱਕ ਬਖ਼ਸ਼ੋ ਅਤੇ ਏਕਤਾ ਹਾਜ਼ਰ ਸਨ।



# ਰਾਜ ਪੱਧਰੀ ਸ਼ੂਟਿੰਗ ਮੁਕਾਬਲਿਆਂ ਦਾ ਅਨਮੋਲ ਗਗਨ ਮਾਨ ਨੇ ਕੀਤਾ ਉਦਘਾਟਨ



**ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ)**- ਪੰਜਾਬ ਸਰਕਾਰ, ਖੇਡ ਵਿਭਾਗ ਪੰਜਾਬ ਅਤੇ ਜ਼ਿਲ੍ਹਾ ਪ੍ਰਸ਼ਾਸਨ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਸਹਿਯੋਗ ਨਾਲ ਖੇਡਾਂ ਵਤਨ ਪੰਜਾਬ ਦੀਆਂ 2024 ਤਹਿਤ ਰਾਜ ਪੱਧਰੀ ਖੇਡ ਮੁਕਾਬਲੇ (ਗੇਮ ਸ਼ੂਟਿੰਗ) ਸ਼ੂਟਿੰਗ ਰੇਂਜ, ਫੇਸ 6, ਮੋਹਾਲੀ (ਨੇੜੇ ਸਰਕਾਰੀ ਕਾਲਜ) ਵਿਖੇ ਅੱਜ ਸ਼ਾਨੋ-ਸ਼ੌਕਤ ਨਾਲ ਸ਼ੁਰੂ ਹੋਏ। ਇਹਨਾਂ ਖੇਡ ਮੁਕਾਬਲਿਆਂ ਦਾ ਉਦਘਾਟਨ ਵਿਧਾਇਕ ਅਨਮੋਲ ਗਗਨ ਮਾਨ ਨੇ ਕੀਤਾ। ਵਿਧਾਇਕ ਅਨਮੋਲ ਗਗਨ ਮਾਨ ਨੇ ਖਿਡਾਰੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਦੇ ਹੋਏ ਕਿਹਾ ਕਿ ਖਿਡਾਰੀਆਂ ਨੂੰ ਵੱਧ-ਚੜ੍ਹ ਕੇ ਖੇਡਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਮਨੁੱਖੀ ਜੀਵਨ ਦਾ ਜ਼ਰੂਰੀ ਅੰਗ ਹਨ। ਵਿਦਿਆਰਥੀ ਜੀਵਨ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੀ ਅਤਿ ਜ਼ਰੂਰੀ ਹਨ।ਵਿਧਾਇਕ ਅਨਮੋਲ ਗਗਨ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਔਰਤਾਂ ਨੂੰ ਦਿੱਤੀ ਜਾਣ ਵਾਲੀ 1000 ਰੁਪਏ ਦੀ ਸਕੀਮ ਨੂੰ ਜਲਦੀ ਹੀ ਪੂਰਾ ਕੀਤਾ ਜਾਵੇਗਾ। ਅਸੀਂ ਸਭ ਤੋਂ ਪਹਿਲਾਂ ਪੰਜਾਬ ਵਿੱਚ ਸਿਹਤ ਖੇਤਰ, ਮੁਫ਼ਤ ਬਿਜਲੀ ਅਤੇ ਸਿੱਖਿਆ ਦੇ ਖੇਤਰ ਵਿਚਲਾ ਅੰਤਰ ਪੂਰਾ ਕੀਤਾ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਸਾਰੇ ਵਾਅਦੇ ਲਗਭਗ ਪੂਰੇ ਕਰ ਦਿੱਤੇ ਗਏ ਹਨ ਅਤੇ ਔਰਤਾਂ ਲਈ ਕੀਤੇ ਵਾਅਦਿਆਂ ਨੂੰ ਵੀ ਜਲਦੀ ਪੂਰਾ ਕਰਾਂਗੇ।ਵਿਧਾਇਕ ਅਨਮੋਲ ਗਗਨ ਮਾਨ ਨੇ ਫਾਇਰ ਚਲਾ ਕੇ ਸ਼ੂਟਿੰਗ ਗੇਮ ਦੇ ਖਿਡਾਰੀਆਂ ਦਾ ਮਨੋਬਲ ਵਧਾਇਆ। ਇਸ ਪ੍ਰੋਗਰਾਮ ਵਿੱਚ ਖੇਡ ਵਿਭਾਗ ਦੇ ਸਮੂਹ ਸ਼ੂਟਿੰਗ ਕੋਚ, ਗੇਮ ਇੰਚਾਰਜ ਅਤੇ ਹੋਰ ਕਈ ਪਤਵੰਤੇ ਸੱਜਣ ਹਾਜ਼ਰ ਰਹੇ। ਜ਼ਿਲ੍ਹਾ ਖੇਡ ਅਫਸਰ ਰੁਪੇਸ਼ ਕੁਮਾਰ ਬੇਗੜਾ ਨੇ ਦੱਸਿਆ ਕਿ ਰਾਜ ਪੱਧਰੀ ਖੇਡਾਂ ਵਿੱਚ ਪੰਜਾਬ ਰਾਜ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ। ਖੇਡ ਵਿਭਾਗ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।

# ਜ਼ਿਲ੍ਹਾ ਟਾਸਕ ਫੋਰਸ ਨੇ ਬਾਲ ਮਜ਼ਦੂਰੀ ਨੂੰ ਰੋਕਣ ਲਈ ਕੀਤੀ ਚੈਕਿੰਗ



**ਬੰਗਾ (ਅਵਤਾਰ ਕਲੇਰ)**- ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਅਤੇ ਡਾਇਰੈਕਟਰ ਸਮਾਜਿਕ ਸੁਰੱਖਿਆ ਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬੰਗਾ ਬਲਾਕ ਵਿਚ ਬੁੱਧਵਾਰ ਬਾਲ ਮਜ਼ਦੂਰੀ ਨੂੰ ਰੋਕਣ ਲਈ ਮੁਹਿੰਮ ਚਲਾਈ ਗਈ। ਇਸ ਤਹਿਤ ਬਾਲ ਮਜ਼ਦੂਰੀ ਨੂੰ ਰੋਕਣ ਲਈ ਬਣਾਈ ਗਈ ਜ਼ਿਲ੍ਹਾ ਟਾਸਕ ਫੋਰਸ ਵੱਲੋਂ ਬੰਗਾ ਦੀਆਂ ਵੱਖ-ਵੱਖ ਥਾਵਾਂ 'ਤੇ ਚੈਕਿੰਗ ਕੀਤੀ ਗਈ। ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਰਹਿਨੁਮਾਈ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਦੀ ਅਗਵਾਈ ਹੇਠ ਕੀਤੀ ਇਸ ਚੈਕਿੰਗ ਦੌਰਾਨ ਟੀਮ ਵੱਲੋਂ ਬਾਲ ਮਜ਼ਦੂਰੀ ਅਤੇ ਬਾਲ ਭਿੱਖਿਆ ਵਿਚ ਲੱਗਿਆ ਕੋਈ ਵੀ ਬੱਚਾ ਨਹੀਂ ਪਾਇਆ ਗਿਆ। ਟੀਮ ਵੱਲੋਂ ਦੱਸਿਆ ਗਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿਚ ਹੋ ਰਹੀ ਲਗਾਤਾਰ ਚੈਕਿੰਗ ਦੇ ਫਲਸਰੂਪ ਚੈਕਿੰਗ ਦੌਰਾਨ ਕੋਈ ਵੀ ਬੱਚਾ ਮਜ਼ਦੂਰੀ ਕਰਦੇ ਹੋਏ ਨਹੀਂ ਪਾਇਆ ਗਿਆ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਕੰਚਨ ਅਰੋੜਾ ਨੇ ਦੱਸਿਆ ਕਿ ਰਾਸ਼ਟਰੀ ਬਾਲ ਅਧਿਕਾਰ ਰੱਖਿਆ ਕਮਿਸ਼ਨ ਵੱਲੋਂ ਪੈਨ ਇੰਡੀਆ ਬਾਲ ਮਜ਼ਦੂਰੀ ਖਿਲਾਫ ਰੈਸਕਿਊ ਅਤੇ ਰੀਹੈਬਿਲੀਟੇਸ਼ਨ ਕੰਪੇਨ ਤਹਿਤ ਪੂਰੇ ਪੰਜਾਬ ਵਿਚ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ ਤਾਂ ਜੋ ਦੂਜੇ ਰਾਜਾਂ ਤੋਂ ਆਏ ਹੋਏ ਪ੍ਰਵਾਸੀਆਂ ਨੂੰ ਪੰਜਾਬ ਵਿਚ ਭਿੱਖਿਆ ਕਰਨ ਤੋਂ ਰੋਕਿਆ ਜਾ ਸਕੇ ਅਤੇ ਭਿੱਖਿਆ ਵਿਚ ਲੱਗੇ ਹੋਏ ਬੱਚਿਆਂ ਨੂੰ ਸਿੱਖਿਆ ਨਾਲ ਜੋੜ ਕੇ ਉਨ੍ਹਾਂ ਦੇ ਭਵਿੱਖ ਨੂੰ ਉੱਜਵਲ ਬਣਾਇਆ ਜਾ ਸਕੇ। ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਵੱਲੋਂ ਆਮ ਜਨਤਾ ਨੂੰ ਅਪੀਲ ਕੀਤੀ ਗਈ ਕਿ ਜੇਕਰ ਕੋਈ ਵੀ 18 ਸਾਲ ਤੋਂ ਘੱਟ ਉਮਰ ਦਾ ਬੱਚਾ ਭੀਖ ਮੰਗਦਾ ਹੋਇਆ ਨਜ਼ਰ ਆਉਂਦਾ ਹੈ ਤਾਂ ਉਸ ਦੀ ਜਾਣਕਾਰੀ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਜਾਂ ਚਾਇਲਡ ਹੈਲਪਲਾਈਨ ਨੰਬਰ 1098 'ਤੇ ਦਿੱਤੀ ਜਾਵੇ। ਮੌਕੇ 'ਤੇ ਹਾਜ਼ਰ ਰਜਿੰਦਰ ਕੌਰ ਬਾਲ ਸੁਰੱਖਿਆ ਅਫ਼ਸਰ ਨੇ ਦੱਸਿਆ ਕਿ ਜ਼ੀਰੋ ਤੋਂ 18 ਸਾਲ ਤੱਕ ਦੇ ਬੱਚਿਆਂ ਤੋਂ ਭੀਖ ਮੰਗਵਾਉਣ ਵਾਲੇ ਵਿਅਕਤੀ ਖ਼ਿਲਾਫ ਜੁਵੇਨਾਈਲ ਜਸਟਿਸ ਐਕਟ ਅਧੀਨ ਦੋ ਸਾਲ ਤੱਕ ਦੀ ਸਜ਼ਾ ਅਤੇ 1 ਲੱਖ ਰੁਪਏ ਜੁਰਮਾਨਾ ਹੋ ਸਕਦਾ ਹੈ।

# ਵਿਧਾਨ ਸਭਾ ਸੈਸ਼ਨ 'ਚ ਸੁਤੰਤਰਤਾ ਸੈਨਾਨੀ ਤੇ ਸ਼ਹੀਦ ਜਵਾਨਾਂ ਦੇ ਸਨਮਾਨ 'ਚ ਸੋਗ ਪ੍ਰਸਤਾਵ ਪੜ੍ਹੇ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਵਿਧਾਨ ਸਭਾ ਦੇ ਸੈਸ਼ਨ ਦੇ ਪਹਿਲੇ ਦਿਨ ਸਦਨ ਵਿੱਚ ਪਿਛਲੇ ਸੈਸ਼ਨ ਅਤੇ ਇਸ ਸੈਸ਼ਨ ਦੇ ਸਮੇਂ ਦੌਰਾਨ ਮੌਤ ਨੂੰ ਪ੍ਰਾਪਤ ਹੋਏ ਮਹਾਨ ਵਿਭੂਤੀਆਂ, ਸੁਤੰਤਰਤਾ ਸੈਨਾਨੀ ਅਤੇ ਸ਼ਹੀਦ ਜਵਾਨਾਂ ਦੇ ਸਨਮਾਨ ਵਿੱਚ ਸੋਗ ਪ੍ਰਸਤਾਵ ਪੜ੍ਹੇ ਗਏ ਅਤੇ ਸੋਗ ਪਰਵਾਰਾਂ ਦੇ ਮੈਂਬਰਾਂ ਦੇ ਪ੍ਰਤੀ ਸੰਵੇਦਨਾ ਵਿਅਕਤ ਕੀਤੀ ਗਈ ।ਸਰਵਪ੍ਰਥਮ ਸਦਨ ਦੇ ਨੇਤਾ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਸੋਗ ਪ੍ਰਸਤਾਵ ਪੜ੍ਹੇ। ਇਨ੍ਹਾਂ ਦੇ ਇਲਾਵਾ ਵਿਧਾਨ ਸਭਾ ਪ੍ਰਧਾਨ ਹਰਵਿੰਦਰ ਕਲਿਆਣ ਅਤੇ ਭੂਪੇਂਦਰ ਸਿੰਘ ਹੁੱਡਾ ਨੇ ਆਪਣੀ ਪਾਰਟੀ ਵਲੋਂ ਵੀ ਸੋਗ ਪ੍ਰਸਤਾਵ ਪੜ੍ਹ ਕੇ ਸ਼ਰਧਾਂਜਲੀ ਦਿੱਤੀ। ਸਦਨ ਦੇ ਸਾਰੇ ਮੈਂਬਰਾਂ ਨੇ ਖੜ੍ਹੇ ਹੋ ਕੇ ਦੋ ਮਿੰਟ ਦਾ ਮੌਨ ਰੱਖਿਆ ਅਤੇ ਸੁਰਗਵਾਸੀ ਰੂਹਾਂ ਦੀ ਸ਼ਾਂਤੀ ਲਈ ਅਰਦਾਸ ਕੀਤੀ। ਸਦਨ ਵਿੱਚ ਜਿਨ੍ਹਾਂ ਦੇ ਸੋਗ ਪ੍ਰਸਤਾਵ ਪੜ੍ਹੇ ਗਏ , ਉਨ੍ਹਾਂ ਵਿੱਚ ਹਰਿਆਣਾ ਦੇ ਸਾਬਕਾ ਮੰਤਰੀ ਜਸਵੰਤ ਸਿੰਘ , ਸਾਬਕਾ ਰਾਜ ਮੰਤਰੀ ਭਾਗੀ ਰਾਮ, ਹਰਿ ਸਿੰਘ ਸੈਨੀ, ਹਰਿਆਣਾ ਵਿਧਾਨ ਸਭਾ ਦੇ ਸਾਬਕਾ ਮੈਂਬਰ ਰਣਧੀਰ ਸਿੰਘ, ਨਰੇਸ਼ ਯਾਦਵ, ਸੁਭਾਸ਼ ਚੌਧਰੀ, ਰਾਕੇਸ਼ ਦੌਲਤਾਬਾਦ ਸ਼ਾਮਿਲ ਹਨ।ਸਦਨ ਵਿੱਚ ਪਦਮ ਵਿਭੂਸ਼ਣ ਰਤਨ ਨਵਲ ਟਾਟਾ ਅਤੇ ਸੁਤੰਤਰਤਾ ਸੈਨਾਨੀ ਹਰੀ ਸਿੰਘ ਦੇ ਦੇਹਾਂਤ ਉੱਤੇ ਵੀ ਸੋਗ ਪ੍ਰਗਟ ਕੀਤਾ ਗਿਆ। ਇਸ ਦੇ ਇਲਾਵਾ , 11 ਅਪ੍ਰੈਲ 2024 ਨੂੰ ਮਹੇਂਦਰਗੜ੍ਹ ਜ਼ਿਲ੍ਹੇ ਦੇ ਕਨੀਨਾ ਦੇ ਪਿੰਡ ਉਂਨਹਾਨੀ ਦੇ ਕੋਲ ਸਕੂਲ ਬੱਸ ਦੇ ਪਲਟਣ ਨਾਲ ਮਾਰੇ ਗਏ 6 ਮਾਸੂਮ ਬੱਚਿਆਂ ਦੇ ਦੁਖਦ ਅਤੇ ਅਸਾਮਾਇਕ ਨਿਧਨ ਉੱਤੇ ਵੀ ਗਹਿਰਾ ਸੋਗ ਪ੍ਰਗਟ ਕੀਤਾ ਗਿਆ ਅਤੇ ਸੋਗ ਪਰਵਾਰਾਂ ਦੇ ਪ੍ਰਤੀ ਸੰਵੇਦਨਾ ਜ਼ਾਹਰ ਕੀਤੀ ਗਈ।

# ਸ਼ਰਧਾ, ਸਤਿਕਾਰ ਤੇ ਸ਼ਾਨੋ-ਸ਼ੌਕਤ ਨਾਲ ਸਜਾਇਆ ਨਗਰ ਕੀਰਤਨ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਸਮੇਸ਼ ਨਗਰ ਟਾਂਡਾ ਤੋਂ ਸਜਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਜ਼ੋਰਾਵਰ ਸਿੰਘ ਸਭਾ ਅਤੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਮਹਾਨ ਨਗਰ ਕੀਰਤਨ ਦੀ ਆਰੰਭਤਾ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਈ। ਮਹਾਨ ਨਗਰ ਕੀਰਤਨ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਫੁੱਲਾਂ ਨਾਲ ਸ਼ਿੰਗਾਰੀ ਹੋਈ ਸੁੰਦਰ ਪਾਲਕੀ ਵਿੱਚ ਪਾ ਕੇ ਬੜੇ ਹੀ ਸਤਿਕਾਰ ਸਹਿਤ ਸੁਸ਼ੋਭਿਤ ਕੀਤੇ ਹੋਏ ਸਨ। ਨਗਰ ਕੀਰਤਨ ਦੌਰਾਨ ਗੁਰੂ ਦੀਆਂ ਸੰਗਤਾਂ ਤੇ ਰਾਗੀ ਢਾਡੀ ਸਿੰਘਾਂ ਵੱਲੋਂ ਪਵਿੱਤਰ ਸ਼ਬਦ ਕੀਰਤਨ ਅਤੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਹੋਏ ਨਗਰ ਕੀਰਤਨ ਵਿੱਚ ਆਪਣੀ ਹਾਜ਼ਰੀ ਲਗਵਾਉਂਦੇ ਨਾਲ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਜਾ ਰਿਹਾ ਸੀ। ਅਲੌਕਿਕ ਮਹਾਨ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਟਾਂਡਾ ਪੁਲੀ, ਤਹਿਸੀਲ ਰੋਡ ਸ਼ਿਮਲਾ ਪਹਾੜੀ ਰੋਡ, ਦਾਰਾਪੁਰ ਟਾਂਡਾ ਤੋਂ ਹੁੰਦਾ ਹੋਇਆ ਦੇਰ ਸ਼ਾਮ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਇਆ । ਨਗਰ ਕੀਰਤਨ ਵਿੱਚ ਰਾਜ ਕਰੇਗਾ ਖਾਲਸਾ ਗਤਕਾ ਅਕਾਰਾ ਟਾਂਡਾ ਦੇ ਨਿਹੰਗ ਸਿੰਘਾਂ ਵੱਲੋਂ ਸਿੱਖ ਮਾਰਸ਼ਲ ਆਰਟ ਗਤਕੇ ਦੇ ਜੰਗਜੂ ਕਰਤੱਬਾਂ ਦਾ ਪ੍ਰਦਰਸ਼ਨ ਕਰਦੇ ਹੋਏ ਹਾਜ਼ਰੀ ਲਗਵਾਈ ਜਾ ਰਹੀ ਸੀ। ਮਹਾਨ ਨਗਰ ਕੀਰਤਨ ਮੌਕੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ, ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ ਮਿਆਣੀ, ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ, ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ, ਹਲਕਾ ਇੰਚਾਰਜ ਅਰਵਿੰਦਰ ਸਿੰਘ ਰਸੂਲਪੁਰ, ਚੇਅਰਮੈਨ ਹਰਮੀਤ ਸਿੰਘ ਔਲਖ, ਯੂਥ ਆਗੂ ਸਰਬਜੀਤ ਸਿੰਘ ਮੋਮੀ, ਜਥੇਦਾਰ ਮਨਜੀਤ ਸਿੰਘ ਖਾਲਸਾ, ਨੇ ਸਮੂਹ ਸੰਗਤਾਂ ਨੂੰ ਮੁਬਾਰਕਬਾਦ ਦਿੱਤੀ ਤੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਗਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ ।ਇਸ ਮੌਕੇ ਮੁੱਖ ਸੇਵਾਦਾਰ ਭਾਈ ਗੁਰਦੀਪ ਸਿੰਘ, ਵਾਈਸ ਪ੍ਰਧਾਨ ਸ਼ਰਧਾ ਸਿੰਘ, ਵਾਈਸ ਪ੍ਰਧਾਨ ਹਰਵਿੰਦਰ ਸਿੰਘ, ਸੈਕਟਰੀ ਭਾਈ ਸੁਰਜੀਤ ਸਿੰਘ, ਭਾਈ ਮਨਜੀਤ ਸਿੰਘ, ਦਵਿੰਦਰ ਸਿੰਘ ਤੋਂ ਇਲਾਵਾ ਮਾਸਟਰ ਜਸਵੀਰ ਸਿੰਘ, ਸ਼ਰਧਾ ਸਿੰਘ, ਹਰਵਿੰਦਰ ਸਿੰਘ, ਭਾਈ ਸੁਰਜੀਤ ਸਿੰਘ, ਭਾਈ ਮਨਜੀਤ ਸਿੰਘ, ਭਾਈ ਦਵਿੰਦਰ ਸਿੰਘ, ਭਾਈ ਮਨਜੀਤ ਸਿੰਘ ਦਸਮੇਸ਼ ਨਗਰ, ਮਾਸਟਰ ਜਸਵੀਰ ਸਿੰਘ ਤੋਂ ਇਲਾਵਾ ਗੁਰਦਿਆਲ ਸਿੰਘ, ਅਮਰੀਕ ਸਿੰਘ, ਮਨਮੋਹਨ ਸਿੰਘ, ਸਤਨਾਮ ਸਿੰਘ, ਸਤਵਿੰਦਰ ਸਿੰਘ, ਸਰਬਜੀਤ ਸਿੰਘ ਤੋਂ ਇਲਾਵਾ ਵਰਿੰਦਰ ਸਿੰਘ, ਹਰਿੰਦਰ ਸਿੰਘ, ਅਜੀਤ ਸਿੰਘ, ਕਾਬਲ ਸਿੰਘ, ਜਗਮੋਹਨ ਸਿੰਘ, ਬਚਿੱਤਰ ਸਿੰਘ, ਜਸਵੀਰ ਸਿੰਘ, ਹਰਜਿੰਦਰ ਸਿੰਘ, ਗੁਰਮੀਤ ਸਿੰਘ ਕੰਗ, ਕੁਲਦੀਪ ਸਿੰਘ, ਕਰਨਜੀਤ ਸਿੰਘ, ਜਸਪ੍ਰੀਤ ਸਿੰਘ ਤੋਂ ਇਲਾਵਾ ਅਰਸ਼ਦੀਪ ਸਿੰਘ, ਸੁਖਰਾਜ ਸਿੰਘ, ਹਰਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਪਰਮਵੀਰ ਸਿੰਘ, ਹਰਦੀਪ ਸਿੰਘ, ਵਰਿੰਦਰ ਸਿੰਘ ਇਲਾਵਾ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਲਗਵਾਈ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਾਮਪੁਰਾ ਫੂਲ ਵਿਸ਼ੇਸ਼ ਸਪਲੀਮੈਂਟ

## ਸੰਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ੁੱਭ ਦਿਹਾੜੇ 'ਤੇ ਅਦਾਰਾ 'ਨਵਾਂ ਜ਼ਮਾਨਾ' ਵੱਲੋਂ ਰਾਮਪੁਰਾ ਫੂਲ ਦਾ ਸਪਲੀਮੈਂਟ ਕੱਢਣ 'ਤੇ ਸਮੂਹ ਇਲਾਕਾ ਨਿਵਾਸੀਆਂ ਅਤੇ ਪੱਤਰਕਾਰ ਦਰਸ਼ਨ ਜਿੰਦਲ ਨੂੰ ਵਧਾਈਆਂ ਦਿੰਦੇ ਹਾਂ। ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਿਰਤ ਕਰੋ, ਨਾਮ ਜਪੋ ਅਤੇ ਵੰਡ ਕੇ ਛਕੋ ਦੇ ਉਪਦੇਸ਼ ਨੂੰ ਘਰ-ਘਰ ਪਹੁੰਚਾਉਣਾ ਚਾਹੀਦਾ ਹੈ। ਸਾਰੀਆਂ ਸੰਗਤਾਂ ਨੂੰ ਸੱਚ ਦੇ ਮਾਰਗ 'ਤੇ ਚੱਲ ਕੇ ਆਪਣੇ ਜੀਵਨ ਨੂੰ ਸਫਲ ਬਣਾਉਣਾ ਚਾਹੀਦਾ ਹੈ।

ਸਿਕੰਦਰ ਸਿੰਘ ਮਲੂਕਾ, ਸਾਬਕਾ ਕੈਬਨਿਟ ਮੰਤਰੀ
ਬਲਕਾਰ ਸਿੰਘ ਸਿੱਧੂ, ਵਿਧਾਇਕ, ਰਾਮਪੁਰਾ ਫੂਲ

## ਜਿਨ੍ਹਾਂ 'ਤੇ ਸਾਨੂੰ ਮਾਣ ਹੈ

ਰਾਕੇਸ਼ ਸਹਾਰਾ, ਸਮਾਜ ਸੇਵੀ | ਸੁਨੀਲ ਬਿੱਟਾ, ਉੱਘੇ ਸਮਾਜ ਸੇਵੀ | ਹੈਪੀ ਬਾਂਸਲ, ਸਮਾਜ ਸੇਵੀ | ਰਵੀ ਸਿੰਗਲਾ, ਸਮਾਜ ਸੇਵੀ | ਦਰਸ਼ਨ ਬਾਂਸਲ | ਮੱਖਣ ਜਿੰਦਲ, ਸਮਾਜ ਸੇਵੀ | ਦੀਪਕ ਸਰਾਫ਼, ਸਮਾਜ ਸੇਵੀ | ਅਮਿਤ ਸਰਾਫ | ਸੀਤਾ ਰਾਮ ਦੀਪਕ, ਪ੍ਰਧਾਨ ਜਨ ਕਲਿਆਣ ਸਭਾ | ਅਜੀਤ ਅੱਗਰਵਾਲ, ਸਮਾਜ ਸੇਵੀ

ਨਿਰਮਲ ਸਿੰਘ, ਜੇ ਈ | ਸੋਨਾਲੀ ਮਿੱਤਲ, ਸਾਬਕਾ ਐਮ ਸੀ, ਰਾਮਪੁਰਾਫੂਲ | ਤਰਸੇਮ ਸ਼ਰਮਾ, ਪ੍ਰਧਾਨ | ਉਮੇਸ਼ ਸਿੰਗਲਾ ਪ੍ਰਧਾਨ, ਪ੍ਰੈੱਸ ਕਲੱਬ, ਰਾਮਪੁਰਾ ਫੂਲ | ਹਰਪ੍ਰੀਤ ਸ਼ਰਮਾ, ਪੱਤਰਕਾਰ | ਇੰਦਰਜੀਤ ਸਿੰਘ ਬਰਾੜ, ਚੇਅਰਮੈਨ ਸਿਲਵਰ ਓਕਸ ਸਕੂਲ | ਸੁਖਮੰਦਰ ਸਿੰਘ ਚੱਠਾ, ਐੱਮ.ਡੀ. ਫਤਿਹ ਗਰੁੱਪ | ਕੁਲਵੰਤ ਸਿੰਘ ਚੇਅਰਮੈਨ, ਮਾਤਾ ਸੁੰਦਰੀ ਗਰੁੱਪ ਢੱਡੇ | ਅਵਤਾਰ ਸਿੰਘ ਢਿੱਲੋਂ, ਐੱਮ.ਡੀ., ਡੀ.ਐੱਮ. ਗਰੁੱਪ, ਕਰਾੜਵਾਲਾ | ਰਾਮ ਨਾਥ ਜਿੰਦਲ, ਸਮਾਜ ਸੇਵੀ

ਡਾ. ਅਜੈ ਕੁਮਾਰ ਗਰਗ, ਸਮਾਜ ਸੇਵੀ | ਮਹਿਰ ਚੰਦ ਬਾਹੀਆ, ਸਮਾਜ ਸੇਵੀ | ਭਾਰਤ ਭੂਸ਼ਣ ਗਰਗ, ਸਮਾਜ ਸੇਵੀ | ਸਿਧਾਰਥ, ਸਮਾਜ ਸੇਵੀ | ਪ੍ਰਧਾਨ ਰਾਕੇਸ਼ ਤਾਇਲ, ਪੁਨਰ ਜੋਤੀ ਹਸਪਤਾਲ | ਸੰਜੀਵ ਪਹਾੜੀਆ, ਸਮਾਜ ਸੇਵੀ | ਨਰੇਸ਼ ਕੁਮਾਰ (ਸਿਓ ਪਾਲ), ਸਮਾਜ ਸੇਵੀ | ਸੁਰਿੰਦਰ ਧੀਰ, ਸਮਾਜ ਸੇਵੀ | ਪਵਨ ਮਹਿਤਾ, ਖੂਨਦਾਨੀ | ਡਾ. ਗੁਰਮੇਲ ਸਿੰਘ, ਭਾਈ ਘਨੱਈਆ ਸੇਵਾ ਦਲ

## ਸੰਦੇਸ਼

ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਦੇ ਪਵਿੱਤਰ ਦਿਹਾੜੇ 'ਤੇ ਰਾਮਪੁਰਾ ਫੂਲ ਦਾ ਸਪਲੀਮੈਂਟ ਕੱਢਣ 'ਤੇ ਅਦਾਰਾ 'ਨਵਾਂ ਜ਼ਮਾਨਾ' ਦੇ ਪੱਤਰਕਾਰ ਦਰਸ਼ਨ ਜਿੰਦਲ ਅਤੇ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈ ਦਿੰਦੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਏ ਸੱਚ ਦੇ ਮਾਰਗ 'ਤੇ ਚੱਲਣ ਦੀ ਅਪੀਲ ਕਰਦੇ ਹਾਂ। ਸਾਡੀ ਧਰਤੀ ਨੂੰ ਵੀ ਇਸ ਗੱਲ ਦਾ ਮਾਣ ਹੈ ਕਿ ਇੱਥੇ ਭਗਵਾਨ, ਅਵਤਾਰਾਂ, ਰਿਸ਼ੀਆਂ, ਮੁਨੀਆਂ, ਪੀਰ ਪੈਗੰਬਰਾਂ, ਫਕੀਰਾਂ, ਯੋਧਿਆਂ ਨੇ ਜਨਮ ਲਿਆ ਹੈ।

ਬਲਕਾਰ ਸਿੰਘ ਸਿੱਧੂ, ਵਿਧਾਇਕ, ਰਾਮਪੁਰਾ ਫੂਲ
ਜਸਕਰਨ ਬਾਂਸਲ (ਜੱਸੀ ਬਾਬਾ), ਉੱਘੇ ਸਮਾਜ ਸੇਵੀ, ਰਾਮਪੁਰਾ ਫੂਲ

## ਧੰਨਵਾਦ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਰਾਮਪੁਰਾ ਫੂਲ ਤੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਚ ਜਿਨ੍ਹਾਂ ਸੱਜਣਾਂ ਮਿੱਤਰਾਂ ਨੇ ਮੈਨੂੰ ਆਪਣਾ ਵੱਡਮੁੱਲਾ ਸਹਿਯੋਗ ਦਿੱਤਾ ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਤੇ ਆਸ ਕਰਦਾ ਹਾਂ ਕਿ ਉਹ ਅੱਗੋਂ ਤੋਂ ਵੀ ਮੈਨੂੰ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹਿਣਗੇ। ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਆਪਣੇ ਵੱਲੋਂ ਹੋਰ ਵੀ ਵਧੀਆ ਸੇਵਾਵਾਂ ਦੇਣ ਲਈ ਯਤਨਸ਼ੀਲ ਰਹਾਂਗਾ।

**ਦਰਸ਼ਨ ਜਿੰਦਲ**
ਪੱਤਰਕਾਰ, ਰਾਮਪੁਰਾ ਫੂਲ, ਮੋਬਾ. 94172-27460,78140-22691
Email : dkjindal27460@gmail.com


ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ
